# ਦੇਸ਼ ਦੁਆਬਾ

VOL - 3 ISSUE - 3
May 01-15, 2014
www.deshdoaba.com
www.ambedkartimes.com



Phone : 510 709 5099
Fax: 510 441 9330
Email: Sangramsystems@gmail.com

NOW at SANGRAMS PALACE
Computer Repair
any brand, any problem



30063 Industrial Parkway S. W. Union City, CA-94587
(between FOODMAXX and HOME DEPOT)



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ 4 ਮਈ ਨੂੰ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਗੁਰੂ ਘਰ ਵਿਖੇ ਮਨਾਉਣ ਜਾ ਰਹੀ ਹੈ। ਇਸ ਸਬੰਧਤ ਇਸ਼ਤਿਹਾਰ ਅਤੇ ਲੇਖ ਅੰਦਰ ਪੜ੍ਹੋ।

# ਮੋਦੀ ਪ੍ਰਧਾਨ ਮੰਤਰੀ ਬਣੇ ਤਾਂ ਭਾਰਤ ਵਿਚ ਹੋਣਗੇ ਦੰਗੇ- ਮਾਇਆਵਤੀ

ਨਵੀਂ ਦਿੱਲੀ- ਬਸਪਾ ਪ੍ਰਧਾਨ ਮਾਇਆਵਤੀ ਨੇ ਭਾਰਤ ਵਾਸੀਆਂ ਨੂੰ ਚੌਕਸ ਕਰਦਿਆਂ ਕਿਹਾ ਹੈ ਕਿ ਜੇਕਰ ਨਰਿੰਦਰ ਮੋਦੀ ਭਾਰਤ ਦੇ ਪ੍ਰਧਾਨ ਮੰਤਰੀ ਬਣਦੇ ਹਨ ਤਾਂ ਮੁਲਕ ਵਿਚ ਫਿਰਕੂ ਦੰਗੇ ਹੋ ਸਕਦੇ ਹਨ। ਮਾਇਆਵਤੀ ਨੇ ਮੁਸਲਮਾਨ ਵੋਟਰਾਂ ਨੂੰ ਆਪਣੇ ਵੱਖ ਖਿੱਚਣ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਮੋਦੀ ਸੱਤਾ ਵਿਚ ਆ ਗਏ ਤਾਂ ਦੇਸ਼ ਵਿਚ ਫਿਰਕੂ ਦੰਗਿਆਂ ਦੇ ਸ਼ੰਕੇ ਹਨ। ਮੁਸਲਮਾਨ ਬਸਪਾ ਦੇ ਪੱਖ ਵਿਚ ਵੋਟ ਦੇ ਕੇ ਮੋਦੀ ਨੂੰ ਸੱਤਾ ਵਿਚ ਆਉਣ ਤੋਂ ਰੋਕ ਸਕਦੇ ਹਨ। ਉਹਨਾਂ ਕਿਹਾ ਕਿ ਮੁਸਲਮਾਨਾਂ ਦੇ ਨਾਲ ਤੇ ਹੋਰ ਲੋਕ ਵੀ ਬਸਪਾ ਨੂੰ ਸਹਿਯੋਗ ਦੇਣ ਤਾਂ ਜੋ ਆਮ ਲੋਕਾਂ ਦਾ ਰਾਜ ਕਾਇਮ ਕਰਨ ਵਿਚ ਮਦਦ ਮਿਲ ਸਕੇ।ਬਸਪਾ ਪ੍ਰਧਾਨ ਨੇ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਦੇ ਲਈ ਉਮੀਦਵਾਰ ਨਾ ਐਲਾਨੇ ਜਾਣ ਤੇ ਕਿਹਾ ਕਿ ਕਾਂਗਰਸ ਗਲਤ ਕਰ ਰਹੀ ਹੈ। ਉਹਨਾਂ ਕਿਹਾ ਕਿ ਭਾਜਪਾ ਨੇ ਉਸ ਵਿਅਕਤੀ ਨੂੰ ਉਮੀਦਵਾਰ ਬਣਾਇਆ ਹੈ, ਜਿਸਦੀ ਸਰਕਾਰ ਤੇ 2002 ਵਿਚ ਗੋਧਰਾ ਦੰਗਿਆਂ ਦੇ ਦੋਸ਼ ਹਨ। ਉਤਰ ਪ੍ਰਦੇਸ਼ ਦੀ ਚਾਰ ਵਾਰ ਮੁੱਖ ਮੰਤਰੀ ਰਹਿ ਚੁੱਕੀ ਮਾਇਆਵਤੀ ਨੇ ਸੱਤਾਧਾਰੀ ਸਮਾਜਵਾਦੀ ਪਾਰਟੀ ਤੇ ਉਂਗਲ ਉਠਾਉਂਦਿਆਂ ਕਿਹਾ ਕਿ ਸਪਾ ਦੀ ਸਰਕਾਰ ਆਉਣ ਤੋਂ ਬਾਅਦ ਕਾਨੂੰਨ ਅਤੇ ਵਿਵਸਥਾ ਦਾ ਰਾਜ ਖਤਮ ਹੋ ਗਿਆ ਹੈ ਅਤੇ ਹੱਤਿਆ, ਲੁੱਟ, ਡਕੈਤੀ, ਬਲਾਤਕਾਰ ਦੀਆਂ ਘਟਨਾਵਾਂ ਹਰ ਰੋਜ਼ ਹੋ ਰਹੀਆਂ ਹਨ।



ਇਸ ਵਾਰ ਬਸਪਾ ਪ੍ਰਧਾਨ ਮਾਇਆਵਤੀ ਨੇ ਹਾਲਾਂਕਿ ਆਪਣੀ ਰਣਨੀਤੀ ਨਹੀਂ ਉਲੀਕੀ ਹੈ ਪਰ ਉਹਨਾਂ ਦੀ ਰਣਨੀਤੀ ਬੇਹੱਦ ਦਿਲਚਸਪ ਹੈ। ਉਤਰ ਪ੍ਰਦੇਸ਼ ਵਿਚ ਮਾਇਆਵਤੀ ਮੋਦੀ ਤੇ ਤਿੱਖੇ ਹਮਲੇ ਕਰ ਰਹੇ ਹਨ। ਉਤਰ ਪ੍ਰਦੇਸ਼ ਵਿਚ ਉਹਨਾਂ ਦੀ ਪਾਰਟੀ ਦਾ ਮੁੱਖ ਮੁਕਾਬਲਾ ਸਪਾ ਦੇ ਨਾਲ ਦੱਸਿਆ ਜਾ ਰਿਹਾ ਹੈ।

ਮਾਇਆਵਤੀ ਨੇ ਕਿਹਾ ਕਿ ਬਸਪਾ ਇਸ ਵਾਰ ਪਾਵਰ ਪਲੇਅਰ ਦੀ ਭੂਮਿਕਾ ਨਿਭਾਵੇਗੀ ਅਤੇ ਜੇਕਰ ਕੇਂਦਰ ਵਿਚ ਮੋਦੀ ਦੀ ਸਰਕਾਰ ਨਾ ਬਣੀ ਤਾਂ ਬਸਪਾ ਬਣਨ ਵਾਲੀ ਸਰਕਾਰ ਵਿਚ ਅਹਿਮ ਪਾਰਟੀ ਹੋਵੇਗੀ। ਉਹਨਾਂ ਕਿਹਾ ਕਿ ਮੁਲਕ ਵਿਚ ਸਮਾਜਿਕ ਸੁਹਿਰਦਤਾ ਵਾਲਾ ਮਾਹੌਲ ਗੈਰ ਭਾਜਪਾ ਸਰਕਾਰ ਹੀ ਦੇ ਸਕਦੀ ਹੈ।

# ਮਨੁੱਖਤਾ ਦੀ ਭਲਾਈ ਲਈ ਸ੍ਰੀ ਗੁਰੂ ਰਵਿਦਾਸ ਸਭਾ ਦੇ ਵਧਦੇ ਕਦਮ

## ਗੁਰੂ ਗ੍ਰੰਥ ਸਾਹਿਬ, ਗੁਰੂ ਰਵਿਦਾਸ ਮਹਾਰਾਜ ਅਤੇ ਡਾ. ਅੰਬੇਦਕਰ ਦੀ ਸੋਚ ਦੀ ਧਾਰਨੀ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ



ਨਿਰਮਲ ਸਿੰਘ (ਪ੍ਰਧਾਨ)

ਦੁਨੀਆਂ ਦੇ ਇਤਿਹਾਸ ਨੇ ਇਹ ਸੁਨਹਿਰੀ ਬੋਲ ਹਮੇਸ਼ਾ ਸਾਂਭ ਕੇ ਰੱਖੇ ਹਨ ਕਿ ਜਦੋਂ ਵੀ ਸੱਚ ਨੂੰ ਅਲੋਪ ਕਰਕੇ ਝੂਠ ਦੇ ਵਪਾਰੀ ਝੂਠ ਨੂੰ ਪ੍ਰਚੰਡ ਕਰਦੇ ਹਨ ਤਾਂ ਉਸ ਸੱਚ ਨੂੰ ਹਮੇਸ਼ਾ ਲਈ ਧਰਤੀ ਤੇ ਪੱਕਿਆਂ ਕਰਨ ਲਈ ਪਰਮਾਤਮਾ ਨੂੰ ਇਨਸਾਨੀ ਜਾਮੇ ਵਿਚ ਆਉਣਾ ਪੈਂਦਾ ਹੈ। ਭਾਰਤ ਦੀ ਪਵਿੱਤਰ ਨਗਰੀ ਮੰਨੇ ਜਾਣ ਵਾਲੇ ਅਸਥਾਨ ਬਨਾਰਸ ਦੀ ਧਰਤੀ ਤੇ 14ਵੀਂ ਸਦੀ ਵਿਚ ਸਤਿਗੁਰੂ ਰਵਿਦਾਸ ਨੂਰੀ ਜੋਤ ਪ੍ਰਗਟ ਹੋਈ। ਅਖੌਤੀ ਧਰਮ ਦੇ ਠੇਕੇਦਾਰਾਂ ਦੀ ਬੁੱਕਲ ਵਿਚੋਂ ਧਰਮ ਨੂੰ ਸੱਚੀ ਆਜ਼ਾਦੀ ਦੁਆ ਕੇ ਗਰੀਬਾਂ ਦੀਆਂ ਕੁੱਲੀਆਂ ਤੱਕ ਲੈ ਕੇ ਜਾਣ ਵਾਲੇ ਮਹਾਨ ਸਤਿਗੁਰੂ, ਨਿੱਤ ਦਿਹਾੜੇ ਦਸਾਂ ਨਹੁੰਆਂ ਦੀ ਕਿਰਤ ਕਰ ਕਰਕੇ ਸਮੁੱਚੇ ਸਮਾਜ ਦੀ ਸੇਵਾ ਕਰਨ ਵਾਲੇ ਉਹਨਾਂ ਲੋਕਾਂ ਦੇ ਮਸੀਹਾ ਸਤਿਗੁਰੂ, ਨਿਮਾਣਿਆਂ ਨਿਤਾਣਿਆਂ ਦੀ ਉਂਗਲ ਫੜ ਕੇ ਬੇਗਮਪੁਰੇ ਦਾ ਰਸਤੇ ਦਿਖਾਉਣ ਵਾਲੇ ਸਤਿਗੁਰੂ, ਰਾਜ ਭਾਗ ਤੋਂ ਸੱਖਣੇ ਇਹਨਾਂ ਲੋਕਾਂ ਨੂੰ ਰਾਜ ਭਾਗ ਦੀ ਗੁੱਥੀ ਸਮਝਾਉਣ ਵਾਲੇ ਸਤਿਗੁਰੂ, ਥਾਲੀਆਂ ਵਿਚ ਦੀਵੇ ਬਾਲ ਕੇ ਪੱਥਰਾਂ ਅੱਗੇ ਆਰਤੀ ਕਰਨ ਵਾਲਿਆ ਨੂੰ ਸੱਚੀ ਆਰਤੀ ਸਮਝਾਉਣ ਵਾਲੇ ਸਤਿਗੁਰੂ (ਭਾਵੇਂ ਕਿ ਅੱਜ ਵੀ ਮਹਾਰਾਜ ਜੀ ਦੇ ਨਾਮ ਉਤੇ ਬਣੇ ਅਸਥਾਨਾਂ ਵਿਚ ਇਹੀ ਕੁਝ ਵਕਤ ਦੇ ਚੌਧਰੀ ਕਰਵਾ ਰਹੇ ਨੇ) ਵਣਜ ਵਪਾਰ ਦੀ ਜੁਗਤ ਸਮਝਾਉਣ ਵਾਲੇ ਸਤਿਗੁਰੂ ਅਤੇ ਵੱਖ-ਵੱਖ ਜਾਤਾਂ ਧਰਮਾਂ ਵਿਚ ਵੰਡੇ ਹੋਏ ਲੋਕਾਂ ਨੂੰ ਸਾਧ ਸੰਗਤ ਦੀ ਗੁੱਥੀ ਸਮਝਾਉਣ ਵਾਲੇ ਮਹਾਨ ਪਰਉਪਕਾਰੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਬਾਣੀ ਦੇ 40 ਸ਼ਬਦ 16 ਰਾਗਾਂ ਵਿਚ ਅੱਜ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਜਿੱਥੇ ਅੱਜ ਦਾ ਮਨੁੱਖ ਸਤਿਗੁਰੂ ਦੇ ਦਰਸ਼ਨ ਕਰ ਸਕਦਾ ਹੈ, ਅਗਰ ਕੋਈ ਬਾਹਰੋਂ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ, ਉਹ ਸਭ

(ਬਾਕੀ ਸਫਾ 16 ਤੇ ਦੇਖੋ)

# ਪੰਜਾਬ 'ਚ ਰਿਕਾਰਡ ਤੋੜ 73 ਫੀਸਦੀ ਵੋਟਾਂ ਪਈਆਂ

ਚੰਡੀਗੜ੍ਹ- ਕ ਸਭਾ ਚੋਣਾਂ ਦੇ 7ਵੇਂ ਗੇੜ ਦੌਰਾਨ ਪੰਜਾਬ 'ਚ 73 ਫੀਸਦੀ ਵੋਟਾਂ ਪਈਆਂ ਹਨ। ਪਿਛਲੀਆਂ ਚੋਣਾਂ 'ਚ ਇਹ ਅੰਕੜਾ 69.78 ਫੀਸਦੀ ਸੀ। ਪੰਜਾਬ ਦੇ ਚੋਣ ਕਮਿਸ਼ਨਰ ਵੀ. ਕੇ. ਸਿੰਘ ਨੇ ਦੱਸਿਆ ਕਿ 7 ਵਜੇ ਤੱਕ 68 ਫੀਸਦੀ ਵੋਟਿੰਗ ਹੋਣ ਦੀ ਖਬਰ ਸੀ ਅਤੇ ਬਾਕੀ ਡਾਟਾ ਇਕੱਠਾ ਕੀਤਾ ਜਾ ਰਿਹਾ ਹੈ।



ਲਿਹਾਜ਼ਾ ਇਸ ਵਾਰ ਵੋਟਾਂ ਦਾ ਅੰਕੜਾ 73 ਫੀਸਦੀ ਨੂੰ ਛੂਹ ਸਕਦਾ ਹੈ। ਚੋਣ ਕਮਿਸ਼ਨ ਮੁਤਾਬਕ 6 ਵਜੇ ਤੋਂ ਬਾਅਦ ਪੋਲਿੰਗ ਬੂਥਾਂ 'ਚ ਆ ਚੁੱਕੇ ਲੋਕਾਂ ਨੂੰ ਵੋਟ ਕਰਨ ਦਾ ਮੌਕਾ ਦਿੱਤਾ ਜਾ ਰਿਹਾ ਹੈ ਲਿਹਾਜ਼ਾ ਇਹ ਡਾਟਾ ਬਾਅਦ 'ਚ ਇਕੱਠਾ ਕੀਤਾ ਜਾਵੇਗਾ। ਚੋਣ ਕਮਿਸ਼ਨ ਮੁਤਾਬਕ ਸੰਗਰੂਰ, ਪਟਿਆਲਾ ਅਤੇ ਬਠਿੰਡਾ 'ਚ ਲੋਕਾਂ ਨੇ ਚੋਣਾਂ ਪ੍ਰਤੀ ਭਾਰੀ ਵਿਸ਼ਵਾਸ ਦਿਖਾਇਆ ਹੈ, ਜਦਕਿ ਹੁਸ਼ਿਆਰਪੁਰ ਤੇ ਗੁਰਦਾਸਪੁਰ 'ਚ ਇਨ੍ਹਾਂ ਸੀਟਾਂ ਮੁਕਾਬਲੇ ਘੱਟ ਵੋਟਾਂ ਪਈਆਂ ਹਨ। ਇਨ੍ਹਾਂ ਚੋਣਾਂ ਦੌਰਾਨ ਚੋਣ ਕਮਿਸ਼ਨ ਸਿਰਫ 4 ਐਫ. ਆਈ. ਆਰ. ਦਰਜ ਕਰਵਾਈਆਂ ਗਈਆਂ ਹਨ, ਜਦ ਕਿ ਪਿਛਲੀਆਂ ਚੋਣਾਂ ਦੌਰਾਨ 44 ਐਫ. ਆਈ. ਆਰ. ਦਰਜ ਕਰਵਾਈਆਂ ਗਈਆਂ ਸਨ। ਚੋਣਾਂ ਦੌਰਾਨ 400 ਥਾਵਾਂ 'ਤੇ ਵੋਟਿੰਗ ਮਸ਼ੀਨਾਂ 'ਚ ਖਰਾਬੀ ਦੀ ਸ਼ਿਕਾਇਤ ਆਈ ਸੀ, ਜਿਨ੍ਹਾਂ 'ਚੋਂ 300 ਮਸ਼ੀਨਾਂ ਨੂੰ ਵੋਟਾਂ ਪੈਣ ਦੇ ਪਹਿਲੇ ਘੰਟੇ 'ਚ ਹੀ ਤਬਦੀਲ ਕਰ ਦਿੱਤਾ ਗਿਆ। ਵੋਟਿੰਗ ਮਸ਼ੀਨਾਂ 'ਚ ਖਰਾਬੀ ਕਾਰਨ 2 ਜਾਂ 3 ਪੋਲਿੰਗ ਬੂਥਾਂ 'ਤੇ ਦੁਬਾਰਾ ਪੋਲਿੰਗ ਵੀ ਕਰਵਾਈ ਜਾ ਸਕਦੀ ਹੈ। ਵੋਟਾਂ ਪੈਣ ਦਾ ਕੰਮ ਸਵੇਰੇ 7 ਵਜੇ ਸ਼ੁਰੂ ਹੋਇਆ ਤੇ 6 ਵਜੇ ਤੱਕ ਵੋਟਾਂ ਪੈਣੀਆਂ ਸਨ ਤੇ ਕੁਝ ਪੋਲਿੰਗ ਬੂਥਾਂ 'ਤੇ ਰਾਤ 9 ਵਜੇ ਤੱਕ ਵੋਟਰਾਂ ਦੀਆਂ ਲਾਈਨਾਂ ਲੱਗੀਆਂ ਰਹੀਆਂ। ਵੱਖ ਵੱਖ ਥਾਵਾਂ 'ਤੇ ਹੋਈਆਂ ਝੜਪਾਂ ਦੇ ਮਾਮਲੇ 'ਚ ਪੁਲੀਸ ਨੇ ਕੁੱਲ 4 ਮਾਮਲੇ ਦਰਜ ਕੀਤੇ ਹਨ। ਵੋਟਾਂ ਪੈਣ ਦਾ ਅਮਲ ਖ਼ਤਮ ਹੋਣ ਸਮੇਂ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ 'ਤੇ ਹਾਕਮ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਕੁਝ ਵਿਅਕਤੀਆਂ ਵੱਲੋਂ ਹਮਲਾ ਕਰਨ ਨਾਲ ਸ਼ਾਹੀ ਸ਼ਹਿਰ 'ਚ ਸਥਿਤੀ ਤਣਾਅ ਪੂਰਨ ਬਣ ਗਈ ਸੀ।

ਪਟਿਆਲਾ ਪੁਲੀਸ ਨੇ ਅਕਾਲੀ ਦਲ ਦੇ ਕੌਂਸਲਰ ਰਾਜਿੰਦਰ ਸਿੰਘ ਵਿਰਕ ਅਤੇ ਹੋਰਨਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਇਸ ਹਮਲੇ 'ਚ ਤਿੰਨ ਜਣੇ ਜ਼ਖ਼ਮੀ ਹੋਏ ਹਨ। ਸਨੌਰ ਦੇ ਪਿੰਡ ਜਲਾਲਾਬਾਦ ਵਿੱਚ ਵੀ ਅਕਾਲੀਆਂ ਨੇ 'ਆਪ' ਦੇ ਸਮਰਥਕਾਂ ਨੂੰ ਕੁੱਟਿਆ।

ਮੋਗਾ ਦੇ ਸੰਗਤਪੁਰਾ ਵਿੱਚ ਅਕਾਲੀ ਅਤੇ ਕਾਂਗਰਸ ਵਰਕਰਾਂ ਵਿਚਕਾਰ ਝੜਪ ਹੋਈ ਜਿਸ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਦੇਵ ਸਿੰਘ ਦੇ ਪੁੱਤਰ ਦੀ ਕੁੱਟ ਮਾਰ ਹੋਈ। ਇਸ ਘਟਨਾ ਦੌਰਾਨ ਦੋ ਵਿਅਕਤੀ ਜ਼ਖ਼ਮੀ ਹੋ ਗਏ। ਬਠਿੰਡਾ ਦੇ ਨਥਾਣਾ ਹਲਕੇ ਵਿੱਚ ਕਾਂਗਰਸ ਅਤੇ ਅਕਾਲੀ ਵਰਕਰਾਂ ਵਿਚਕਾਰ ਝੜਪ ਹੋਈ ਜਿਸ 'ਚ ਦੋ ਵਰਕਰ ਜ਼ਖ਼ਮੀ ਹੋ ਗਏ। ਇਸੇ ਤਰ੍ਹਾਂ ਫੂਲ ਮੰਡੀ 'ਚ ਵੀ ਝੜਪਾਂ ਦੌਰਾਨ ਤਿੰਨ ਜ਼ਖ਼ਮੀ ਹੋ ਗਏ।


Prime Real Estate Services
Kulwinder Singh
Realtor



* If Banks say no, we say YES
* Any FHA of Conventional Loans
* Special Truck Drivers Loan Program
* Bankruptcy or Late Payments. We do Loans
* Private Lender * Hard Money Loan
* Short Sale Specialist * Buy or Sell Real Estate
Office: 530-455-5449
Direct: 209-390-4435
Cell: 510-676-8041
E-Fax: 877-628-3625
Liquor store for sale in Manteca Area. For more info Call: 510- 676-8041
DRE # 01763465
Email: Kelvindjhamat@yahoo.com
679 N. Palora Ave. #C Yuba City, CA 95991





MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY



Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



Amrik Chand (CPA)



Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਪੀ ਸੀ ਐਸ ਸੈਕਰਾਮੈਂਟੋ ਦਾ 25ਵਾਂ (ਸਿਲਵਰ ਜੁਬਲੀ) ਵਿਸਾਖੀ ਮੇਲਾ, ਇਕ ਵਿਲੱਖਣ ਯਾਦਗਾਰੀ ਚਿੰਨ




















"ਅੱਤਿਆਚਾਰ ਕਰਨ ਵਾਲੇ ਨਾਲੋਂ ਅੱਤਿਆਚਾਰ ਚੁੱਪ-ਚਾਪ ਸਹਿਣ ਵਾਲਾ ਵਧੇਰੇ ਦੋਸ਼ੀ ਹੈ। ਇਸ ਲਈ ਮਨੁੱਖ ਇਸ ਨੂੰ ਕਦੇ ਵੀ ਸਹਿਣ ਨਾ ਕਰੇ ਬਲਕਿ ਅੱਤਿਆਚਾਰੀ ਦਾ ਡਟ ਕੇ ਮੁਕਾਬਲਾ ਕਰੇ।" – ਡਾ. ਅੰਬੇਦਕਰ



ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਸਮੂਹ ਸੰਸਾਰ ਨੂੰ

ਲੱਖ-ਲੱਖ ਵਧਾਈ

ਆਪ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ. ਵੱਲੋਂ ਮਿਤੀ 4 ਮਈ (ਦਿਨ ਐਤਵਾਰ) ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਲਵਾ ਕੇ ਬਾਬਾ ਸਾਹਿਬ ਜੀ ਦੇ ਜੀਵਨ, ਉਪਦੇਸ਼ ਅਤੇ ਗੌਰਵਮਈ ਵਿਰਸੇ ਬਾਰੇ ਵੱਖ ਵੱਖ ਬੁਲਾਰਿਆਂ ਦੇ ਵਿਚਾਰਾਂ ਨੂੰ ਜਾਣੀਏ।



ਨਿਰਮਲ ਸਿੰਘ (ਪ੍ਰਧਾਨ)
ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ.(ਅਮੈਰਿਕਾ)
ਅਤੇ ਸਮੂਹ ਪਰਿਵਾਰ (347) 538-8296
Email- nirmalny@gmail.com



ਜੈ ਭੀਮ! ਜੈ ਭਾਰਤ!!

"ਲੋਕਤੰਤਰਿਕ ਸਰਕਾਰ ਦੀ ਸਥਾਪਨਾ ਦੇ ਲਈ ਸਮਾਜ ਦਾ ਲੋਕਤੰਤਰਿਕ ਹੋਣਾ ਬਹੁਤ ਜ਼ਰੂਰੀ ਹੈ। ਜੇਕਰ ਸਮਾਜ ਲੋਕਤੰਤਰਿਕ ਨਹੀਂ ਹੋਵੇਗਾ ਤਾਂ ਲੋਕਤੰਤਰ ਦਾ ਢਾਂਚਾ ਕਿਸੇ ਕੰਮ ਦਾ ਨਹੀਂ ਹੋਵੇਗਾ ਅਤੇ ਠੀਕ ਸਿੱਧ ਨਹੀਂ ਹੋਵੇਗਾ। - ਡਾ. ਅੰਬੇਦਕਰ



ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ
ਜਨਮ ਦਿਨ ਦੀ ਸਮੂਹ ਸੰਸਾਰ ਨੂੰ
ਲੱਖ-ਲੱਖ ਵਧਾਈ

ਆਪ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ. ਵੱਲੋਂ ਮਿਤੀ 4 ਮਈ (ਦਿਨ ਐਤਵਾਰ) ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਲਵਾ ਕੇ ਬਾਬਾ ਸਾਹਿਬ ਜੀ ਦੇ ਜੀਵਨ, ਉਪਦੇਸ਼ ਅਤੇ ਗੌਰਵਮਈ ਵਿਰਸੇ ਸਬੰਧੀ ਵੱਖ ਵੱਖ ਬੁਲਾਰਿਆਂ ਦੇ ਵਿਚਾਰਾਂ ਨੂੰ ਜਾਣੀਏ।



ਭੋਲਾ ਕਲੇਰ ਬਿਲਗਾ (ਕੈਸ਼ੀਅਰ)
ਸ਼੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ.
ਅਤੇ ਸਮੂਹ ਪਰਿਵਾਰ
(917) 405-1168

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ

6221-16th street Rio Linda (Sacramento) CA 95673, Phone 916-992-1710

*"ਮੈਂ ਸਮਝਦਾ ਹਾਂ ਕਿ ਸੰਵਿਧਾਨ ਕੰਮ-ਚਲਾਊ ਹੈ। ਇਹ ਲੱਚਕਦਾਰ ਹੈ। ਇਕ ਦੂਜੇ ਨੂੰ ਸ਼ਾਂਤੀ ਤੇ ਯੁੱਧ ਦੋਹਾਂ ਵਿਚ ਸੰਯੁਕਤ (ਇਕਮੁੱਠ) ਰੱਖਣ ਦੇ ਸਸ਼ੱਕਤ (ਯੋਗ) ਹੈ। ਅਸਲ ਵਿਚ, ਜੇ ਮੈਂ ਕਹਾਂ ਕਿ ਇਸ ਨਵੇਂ ਸੰਵਿਧਾਨ ਦੇ ਅਧੀਨ ਹਾਲਾਤ ਵਿਗੜੇ, ਤਾਂ ਉਸਦਾ ਕਾਰਨ ਇਹ ਨਹੀਂ ਹੋਵੇਗਾ ਕਿ ਸੰਵਿਧਾਨ ਬੁਰਾ ਸੀ, ਸਗੋਂ ਕਹਿਣਾ ਇਹ ਪਵੇਗਾ ਕਿ ਇਨਸਾਨ ਹੀ ਦੁਸ਼ਟ ਤੇ ਨਿਕੰਮਾ ਸੀ।" – ਡਾ. ਅੰਬੇਦਕਰ*



ਡਾ. ਬੀ. ਆਰ. ਅੰਬੇਦਕਰ

## ਬਾਬਾ ਸਾਹਿਬ ਡਾ.ਭੀਮਰਾਓ ਰਾਮਜੀ ਅੰਬੇਦਕਰ ਜੀ ਦੇ 123ਵੇਂ ਜਨਮ ਦਿਨ ਦੀ ਸਮੂਹ ਸੰਗਤ ਨੂੰ

## ਲੱਖ-ਲੱਖ ਵਧਾਈ

ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ. ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ 123ਵੇਂ ਜਨਮ ਦਿਨ ਮਨਾਏ ਜਾਣ ਦੀ ਖੁਸ਼ੀ ਵਿਚ ਅਦਾਰਾ "ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'' ਵੱਲੋਂ ਡਾ: ਅੰਬੇਦਕਰ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਤੇ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਅਤੇ ਅਦਾਰਾ ''ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'' ਦੇ ਸੰਪਾਦਕੀ ਮੰਡਲ ਤੇ ਸਟਾਫ ਨੂੰ ਹਾਰਦਿਕ ਵਧਾਈ ਦਿੰਦੇ ਹਾਂ।

### ਗੁਰੂ ਘਰ ਦੀ ਨਵੀਂ ਪ੍ਰਬੰਧਕ ਕਮੇਟੀ

ਸ੍ਰੀ ਜੱਸੀ ਬੰਗਾ-ਚੇਅਰਮੈਨ
ਸ੍ਰੀ ਦਰਸ਼ਨ ਵਿਰਕ-ਵਾਈਸ ਚੇਅਰਮੈਨ
ਸ੍ਰੀ ਜੋਗਿੰਦਰ ਚੁੰਬਰ-ਪ੍ਰਧਾਨ
ਸ੍ਰੀ ਸਤਨਾਮ ਮੰਡਾਲੀ ਤੇ ਸ੍ਰੀ ਬਲਵਿੰਦਰ ਰੱਲ੍ਹ-ਮੀਤ ਪ੍ਰਧਾਨ
ਸ੍ਰੀ ਜੀਵਨ ਰੱਤੂ ਤੇ ਸ੍ਰੀ ਰਾਜ ਸੂਦ-ਸਟੇਜ ਸਕੱਤਰ
ਸ੍ਰੀ ਰਾਜ ਬੱਧਣ-ਹੈਡ ਕੈਸ਼ੀਅਰ

ਸ੍ਰੀ ਇੰਦਰਜੀਤ ਪੜਵੱਗਾ ਤੇ ਸ੍ਰੀ ਮਨਜੀਤ ਭਾਰਦਵਾਜ-ਕੈਸ਼ੀਅਰ
ਸ੍ਰੀ ਸੁਰਿੰਦਰ ਮੱਲ-ਆਫਿਸ ਸੈਕਟਰੀ
ਸ੍ਰੀ ਕਰਨੈਲ ਵਿਰਕ ਤੇ ਸ੍ਰੀ ਮਨਜੀਤ ਪਾਲ-ਬਿਲਡਿੰਗ ਮੇਨਟੀਨੈਂਸ
ਸ੍ਰੀ ਜਸਵੰਤ ਸ਼ੀਮਾਰ-ਪੀ. ਆਰ. ਓ. ਮੀਡੀਆ
ਸ੍ਰੀ ਮਹਿੰਦਰ ਸਿੰਘ ਧਾਮੀ ਅਤੇ ਸ੍ਰੀ ਚਮਨ ਲਾਲ (ਕਿਚਨ ਮੈਨੇਜਰ)

**ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ 916-992-1710 ਉਤੇ ਸੰਪਰਕ ਕੀਤਾ ਜਾ ਸਕਦਾ**

ਜਾਰੀ ਕਰਤਾ

**ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੀਫੋਰਨੀਆ)**

**6221-16th Street Rio Linda (Sacramento) CA 95673, Phone 916-992-1710**

ਸੋਹੰ

# ੴ ਸਤਿਗੁਰ ਪ੍ਰਸਾਦਿ

ੴ



"ਮੈਂ ਸਮਝਦਾ ਹਾਂ ਕਿ ਸੰਵਿਧਾਨ ਕੰਮ-ਚਲਾਊ ਹੈ। ਇਹ ਲੱਚਕਦਾਰ ਹੈ। ਇਕ ਦੂਜੇ ਨੂੰ ਸ਼ਾਂਤੀ ਤੇ ਯੁੱਧ ਦੋਹਾਂ ਵਿਚ ਸੰਯੁਕਤ (ਇਕਮੁੱਠ) ਰੱਖਣ ਦੇ ਸਸ਼ੱਕਤ (ਯੋਗ) ਹੈ। ਅਸਲ ਵਿਚ, ਜੇ ਮੈਂ ਕਹਾਂ ਕਿ ਇਸ ਨਵੇਂ ਸੰਵਿਧਾਨ ਦੇ ਅਧੀਨ ਹਾਲਾਤ ਵਿਗੜੇ, ਤਾਂ ਉਸਦਾ ਕਾਰਨ ਇਹ ਨਹੀਂ ਹੋਵੇਗਾ ਕਿ ਸੰਵਿਧਾਨ ਬੁਰਾ ਸੀ, ਸਗੋਂ ਕਹਿਣਾ ਇਹ ਪਵੇਗਾ ਕਿ ਇਨਸਾਨ ਹੀ ਦੁਸ਼ਟ ਤੇ ਨਿਕੰਮਾ ਸੀ।''

– ਡਾ. ਅੰਬੇਦਕਰ

## ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਸਮੂਹ ਸੰਸਾਰ ਨੂੰ

## ਲੱਖ-ਲੱਖ ਵਧਾਈ

ਆਪ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ. ਵੱਲੋਂ ਮਿਤੀ 4 ਮਈ (ਦਿਨ ਐਤਵਾਰ) ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਲਵਾ ਕੇ ਬਾਬਾ ਸਾਹਿਬ ਜੀ ਦੇ ਜੀਵਨ, ਉਪਦੇਸ਼ ਅਤੇ ਗੌਰਵਮਈ ਵਿਰਸੇ ਬਾਰੇ ਵੱਖ ਵੱਖ ਬੁਲਾਰਿਆਂ ਦੇ ਵਿਚਾਰਾਂ ਨੂੰ ਜਾਣੀਏ।



# ਆਲ ਬ੍ਰਦਰਜ਼ ਫੈਮਲੀ


"ਅੱਤਿਆਚਾਰ ਕਰਨ ਵਾਲੇ ਨਾਲੋਂ ਅੱਤਿਆਚਾਰ ਚੁੱਪ-ਚਾਪ ਸਹਿਣ ਵਾਲਾ ਵਧੇਰੇ ਦੋਸ਼ੀ ਹੈ। ਇਸ ਲਈ ਮਨੁੱਖ ਇਸ ਨੂੰ ਕਦੇ ਵੀ ਸਹਿਣ ਨਾ ਕਰੇ ਬਲਕਿ ਅੱਤਿਆਚਾਰੀ ਦਾ ਡਟ ਕੇ ਮੁਕਾਬਲਾ ਕਰੇ।" – ਡਾ. ਅੰਬੇਦਕਰ



# ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਸਮੂਹ ਸੰਸਾਰ ਨੂੰ


## ਲੱਖ-ਲੱਖ ਵਧਾਈ





## ਸਰਦਾਰਾ ਬਿਰਦੀ ਤੇ ਸੰਨੀ ਬਿਰਦੀ

ਅਮਰੀਕਾ ਦੀ ਪ੍ਰਸਿੱਧ ਕੋਲੰਬੀਆ ਯੂਨੀਵਰਸਿਟੀ ਦੇ ਮੁੱਖ ਦਰਵਾਜ਼ੇ ਦੇ ਅੰਦਰ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਦੀ ਤਸਵੀਰ ਲੱਗੀ ਹੋਈ ਹੈ। ਉਥੇ ਲਿਖਿਆ ਹੈ, ਸਾਨੂੰ ਮਾਣ ਹੈ ਕਿ ਅਜਿਹਾ ਵਿਦਿਆਰਥੀ ਸਾਡੀ ਯੂਨੀਵਰਸਿਟੀ ਤੋਂ ਪੜ੍ਹ ਕੇ ਗਿਆ ਹੈ ਅਤੇ ਉਸਨੇ ਭਾਰਤ ਦਾ ਸੰਵਿਧਾਨ ਲਿਖ ਕੇ ਉਸ ਦੇਸ਼ ਤੇ ਵੱਡਾ ਅਹਿਸਾਨ ਕੀਤਾ ਹੈ। ਕੋਲੰਬੀਆ ਯੂਨੀਵਰਸਿਟੀ ਦੇ 300 ਸਾਲ ਪੂਰੇ ਹੋਣ ਦੇ ਸੰਦਰਭ ਵਿਚ ਪੂਰੇ 300 ਸਾਲਾਂ ਵਿਚ ਇਸ ਯੂਨੀਵਰਸਿਟੀ ਦਾ ਸਭ ਤੋਂ ਹੁਸ਼ਿਆਰ ਵਿਦਿਆਰਥੀ ਕੌਣ ਰਿਹਾ? ਇਸ ਬਾਰੇ ਸਰਵੇਖਣ ਕੀਤਾ ਗਿਆ, ਜਿਸ ਵਿਚ 6 ਨਾਂ ਸਾਹਮਣੇ ਆਏ, ਉਹਨਾਂ ਵਿਚੋਂ ਨੰਬਰ ਇਕ ਤੇ ਨਾਂ ਸੀ ਡਾ. ਅੰਬੇਦਕਰ ਦਾ। ਡਾਕਟਰ ਅੰਬੇਦਕਰ ਦੇ ਸਨਮਾਨ ਵਿਚ ਕੋਲੰਬੀਆ ਯੂਨੀਵਰਸਿਟੀ ਦੇ ਮੁੱਖ ਦਰਵਾਜ਼ੇ ਤੇ ਉਹਨਾਂ ਦਾ ਕਾਂਸੀ ਦੀ ਮੂਰਤੀ ਲਗਾਈ ਗਈ ਹੈ, ਉਸ ਦੀ ਘੁੰਡ ਚੁਕਾਈ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕੀਤੀ ਸੀ। ਉਸ ਮੂਰਤੀ ਦੇ ਹੇਠਾਂ ਲਿਖਿਆ ਗਿਆ ਹੈ, 'ਸਿੰਬਲ ਆਫ ਨਾਲਿਜ' ਯਾਨਿ ਗਿਆਨ ਦਾ ਪ੍ਰਤੀਕ। ਸਿੰਬਲ ਆਫ ਨਾਲਿਜ ਡਾ. ਭੀਮਰਾਓ ਅੰਬੇਦਕਰ ਜੀ ਨੂੰ ਕੋਟਿ ਕੋਟਿ ਪ੍ਰਣਾਮ।



ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਸਮੂਹ ਸੰਸਾਰ ਨੂੰ

ਲੱਖ-ਲੱਖ ਵਧਾਈ




## Sohan Dhanda, Shiv Sidhu, Pirthi Jhamat, Kewal Singh, Gurcharan singh & Santokh Saroya

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਡਾ.ਅੰਬੇਦਕਰ ਅਤੇ ਵਿਸਾਖੀ ਦਾ ਪਵਿੱਤਰ ਦਿਹਾੜਾ ਸ਼ਰਧਾ ਪੂਰਵਕ ਮਨਾਇਆ














ਯੂਬਾ ਸਿਟੀ (ਦਲਵਿੰਦਰ ਰੱਲ੍ਹ)- ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਭਰਪੂਰ ਸਹਿਯੋਗ ਨਾਲ 20 ਅਪ੍ਰੈਲ 2014 ਦਿਨ ਐਤਵਾਰ ਨੂੰ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਸਬੰਧੀ ਸ੍ਰੀ ਅਖੰਡ ਪਾਠ ਦਿਨ ਸ਼ੁੱਕਰਵਾਰ 18 ਅਪ੍ਰੈਲ ਨੂੰ ਰਖਾਏ ਗਏ ਅਤੇ 20 ਅਪ੍ਰੈਲ ਦਿਨ ਐਤਵਾਰ ਨੂੰ ਭੋਗ ਪਾਏ ਜਾਣ ਉਪਰੰਤ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਮਿਸ਼ਨ ਉਪਰ ਵੱਖ ਵੱਖ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਰੱਖੇ।

ਇਸ ਤਰ੍ਹਾਂ 27 ਅਪ੍ਰੈਲ ਦਿਨ ਐਤਵਾਰ ਨੂੰ ਵਿਸਾਖੀ ਦਾ ਪਵਿੱਤਰ ਦਿਹਾੜਾ ਬਹੁਤ ਸ਼ਰਧਾ ਪੂਰਵਕ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ, ਜਿਸ ਦੌਰਾਨ ਸੰਗਤਾਂ ਨੇ ਭਰਵੀਂ ਹਾਜ਼ਰੀ ਭਰੀ। ਇਸ ਸਬੰਧਤ ਸ੍ਰੀ ਅਖੰਡ ਪਾਠ ਸ਼ੁੱਕਰਵਾਰ 25 ਅਪ੍ਰੈਲ ਨੂੰ ਰਖਾਏ ਗਏ ਅਤੇ 27 ਅਪ੍ਰੈਲ ਨੂੰ ਭੋਗ ਪਾਏ ਗਏ। ਇਸ ਤੋਂ ਪਹਿਲਾਂ 26 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਨਿਭਾਈ ਗਈ। ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਗੁਰਸਿੱਖ ਸ੍ਰੀ ਬਲਜੀਤ ਸਿੰਘ ਚੌਹਾਨ ਅਤੇ ਬੀਬੀ ਨਵਨੀਤ ਕੌਰ ਚੌਹਾਨ ਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ ਦੀ ਖੁਸ਼ੀ ਵਿਚ ਕੀਤੀ ਗਈ।

ਇਸ ਸ਼ੁਭ ਅਵਸਰ ਦੇ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ ਅਤੇ ਉਹਨਾਂ ਤੋਂ ਇਲਾਵਾ ਭਾਈ ਸਾਹਿਬ ਭਾਈ ਆਤਮਿਕਜੋਤ ਸਿੰਘ ਅਤੇ ਉਹਨਾਂ ਦੇ ਜਥੇ ਨੇ ਬਹੁਤ ਰਸਭਿੰਨਾ ਸ਼ਬਦ ਗਾਇਨ ਅਤੇ ਵਿਸਾਖੀ ਸਬੰਧੀ ਜਾਣਕਾਰੀ ਸੰਗਤਾਂ ਨੂੰ ਦਿੱਤੀ। ਪਹਿਲਾਂ ਦੀ ਤਰ੍ਹਾਂ ਭਾਈ ਸਾਹਿਬ ਭਾਈ ਗੁਰਦੇਵ ਸਿੰਘ ਕਥਾਵਾਚਕ ਜੀ ਨੇ ਵਿਸਾਖੀ ਦੇ ਇਤਿਹਾਸ ਨੂੰ ਸੰਗਤਾਂ ਨਾਲ ਕਥਾ ਰਾਹੀਂ ਸਾਂਝਾ ਕੀਤਾ।

ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਨਿਭਾਉਣ ਲਈ ਸ੍ਰੀ ਬਲਜੀਤ ਸਿੰਘ ਚੌਹਾਨ ਤੋਂ ਇਲਾਵਾ ਦਰਸ਼ਨ ਸਿੰਘ ਚੌਹਾਨ ਅਤੇ ਬਲਵੰਤ ਸਿੰਘ ਜੀ ਦਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਸਿਰੋਪਾਓ ਨਾਲ ਸਨਮਾਨ ਕੀਤਾ। ਲੰਗਰ ਤਿਆਰ ਕਰਨ 'ਚ ਬੀਬੀ ਨਵਨੀਤ ਕੌਰ ਨੇ ਸਮੂਹ ਬੀਬੀਆਂ ਦੇ ਸਹਿਯੋਗ ਨਾਲ ਆਪਣੀ ਸੇਵਾ ਨਿਭਾਈ। ਸਟੇਜ ਦੀ ਸੇਵਾ ਸ੍ਰੀ ਗੁਰਬਚਨ ਚੋਪੜਾ ਜੀ ਨੇ ਬਾਖੂਬੀ ਨਾਲ ਨਿਭਾਈ।

ਡਾ. ਬੀ. ਆਰ. ਅੰਬੇਦਕਰ ਮਿਸ਼ਨ ਸੁਸਾਇਟੀ ਯੂਬਾ ਸਿਟੀ ਵੱਲੋਂ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਦੇ ਭਰਪੂਰ ਸਹਿਯੋਗ ਨਾਲ ਵੈਟਰਨਜ਼ ਮੈਮੋਰੀਅਲ ਕਮਿਊਨਿਟੀ ਹਾਲ ਯੂਬਾ ਸਿਟੀ ਵਿਖੇ 20 ਅਪ੍ਰੈਲ ਨੂੰ ਡਾ. ਅੰਬੇਦਕਰ ਜੀ ਦਾ 123ਵਾਂ ਜਨਮ ਦਿਨ ਬੜੇ ਉਤਸ਼ਾਹ ਪੂਰਵਕ ਮਨਾਇਆ ਗਿਆ, ਜਿਸ ਦੀ ਰਿਪੋਰਟ ਵਿਸਥਾਰ ਪੂਰਵਕ ਅਗਲੇ ਅੰਕ ਵਿਚ ਪ੍ਰਕਾਸ਼ਿਤ ਕੀਤੀ ਜਾਵੇਗੀ। **- ਸੰਪਾਦਕ**

# ਰਿਓਲਿੰਡਾ ਗੁਰੂ ਘਰ ਵਿਖੇ ਡਾ.ਅੰਬੇਦਕਰ ਦਾ ਜਨਮ ਦਿਨ ਉਤਸ਼ਾਹ ਨਾਲ ਮਨਾਇਆ













ਰਿਓਲਿੰਡਾ, ਸੈਕਰਾਮੈਂਟੋ- ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਵਿਖੇ ਪੂਰਨ ਉਤਸ਼ਾਹ ਨਾਲ ਮਨਾਇਆ ਗਿਆ। ਬਾਬਾ ਸਾਹਿਬ ਜੋ ਕਿ ਸਾਰੀ ਉਮਰ ਸਮਾਜਿਕ ਅੱਨਿਆ ਦੇ ਖਿਲਾਫ ਲੜੇ ਦੇ 27 ਅਪ੍ਰੈਲ ਐਤਵਾਰ ਨੂੰ ਮਨਾਏ ਗਏ 123ਵੇਂ ਜਨਮ ਦਿਹਾੜੇ ਮੌਕੇ ਅਹਿਮ ਸ਼ਖਸੀਅਤਾਂ ਨੇ ਡਾ. ਅੰਬੇਦਕਰ ਦੇ ਵਿਚਾਰਾਂ ਦੇ ਚਾਨਣਾ ਪਾਇਆ। ਬੁਲਾਰਿਆਂ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਬਾਬਾ ਸਾਹਿਬ ਦੀ ਵਿਚਾਰਧਾਰਾ ਜੋ ਕਿ 'ਪੜ੍ਹੋ, ਇਕੱਠੇ ਹੋਵੇ ਅਤੇ ਸੰਘਰਸ਼ ਕਰੋ' ਤੇ ਚੱਲਣ 'ਤੇ ਜ਼ੋਰ ਦਿੰਦੀ ਹੈ, ਬਾਰੇ ਚਾਨਣਾ ਪਾਇਆ। ਜਿਹਨਾਂ ਬੁਲਾਰਿਆਂ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ, ਉਹਨਾਂ ਵਿਚ ਰਾਕੇਸ਼ ਚੰਦਰ, ਜਸਵਿੰਦਰ ਬੰਗਾ, ਸੇਵਕ ਦਾਸ, ਤਵਿੰਦਰ ਕਾਜਲਾ, ਹੰਸ ਰਾਜ ਕਾਜਲਾ, ਰਮੇਸ਼ ਬੰਗੜ, ਜੀਵਨ ਰੱਤੂ, ਪ੍ਰੇਮ ਚੁੰਬਰ, ਮਹਿੰਦਰ ਸਿੰਘ ਧਾਮੀ ਅਤੇ ਜਸਵੰਤ ਜੱਸੀ ਸ਼ੀਮਾਰ ਸ਼ਾਮਲ ਹਨ। ਸ਼ੁੱਕਰਵਾਰ ਨੂੰ ਰੱਖੇ ਗਏ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਭਾਈ ਸਾਹਿਬ ਭਾਈ ਨਿਰਮਲ ਸਿੰਘ ਅਤੇ ਜਸਪਾਲ ਸਿੰਘ ਜੀ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ।



# ਗੁਣਾਚੌਰ 'ਚ ਮਨਾਇਆ ਡਾਕਟਰ ਅੰਬੇਡਕਰ ਦਾ ਜਨਮ ਦਿਵਸ

ਪਿੰਡ ਗੁਣਾਚੌਰ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦਾ 123 ਵਾਂ ਜਨਮ ਦਿਵਸ ਸ਼ਰਧਾ ਨਾਲ ਮਨਾਇਆ ਗਿਆ। ਇਸ ਸਬੰਧੀ ਪਿੰਡ ਦੀ ਡਾਕਟਰ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਬੈਨਰ ਹੇਠ ਕਰਵਾਏ ਗਏ ਸਮਾਗਮ ਦੇ ਆਰੰਭ 'ਚ ਨੰਨੇ ਬੱਚਿਆਂ ਨੇ ਬਾਬਾ ਸਾਹਿਬ ਦੇ ਜੀਵਨ ਬਾਰੇ ਕਵਿਤਾਵਾਂ ਨਾਲ ਗੁਣਗਾਣ ਕੀਤਾ। ਪ੍ਰੋਗਰਾਮ ਦੀ



ਉਦਘਾਟਨੀ ਰਸਮ ਬੰਗਾ ਗੈਸ ਸਰਵਿਸ ਦੇ ਮਾਲਕ ਮਨਮੀਤ ਸੋਨੂੰ ਨੇ ਨਿਭਾਈ। ਪਿੰਡ ਦੇ ਮੁੱਖੀ ਇੰਜਨੀਅਰ ਅਜੀਤ ਰਾਮ ਨੇ ਡਾਕਟਰ ਅੰਬੇਡਕਰ ਨੂੰ ਦਲਿਤ ਵਰਗ ਦੇ ਮਸੀਹਾ ਦੱਸਦਿਆਂ ਕਿਹਾ ਉਹਨਾ ਨੇ ਆਪਣਾ ਸਾਰਾ ਜੀਵਨ ਸਮਾਜ ਦੇ ਲਤਾੜੇ ਵਰਗ ਨੂੰ ਸਮੇਂ ਦਾ ਹਾਣੀ ਬਣਾਉਣ ਅਤੇ ਅਮੀਰੀ ਗਰੀਬੀ ਦਾ ਪਾੜਾ ਖਤਮ ਕਰਨ ਲਈ ਸਮਰਪਿਤ ਕੀਤਾ। ਉਪਰੰਤ ਵਿਸ਼ੇਸ਼ ਤੌਰ 'ਤੇ ਪੁੱਜੇ ਮਿਸ਼ਨਰੀ ਬੁਲਾਰੇ ਮਾਸਟਰ ਸਤਵਿੰਦਰ ਸਿੰਘ ਮਿੰਟੂ, ਮਾਸਟਰ ਹਰਵਿੰਦਰ ਸਿੰਘ ਬੰਗਾ ,ਰੋਟੇਰੀਅਨ ਦਿਲਬਾਗ ਬਾਗੀ ਅਤੇ ਲਾਲ ਚੰਦ ਔਜਲਾ ਨੇ ਬਾਬਾ ਸਾਹਿਬ ਦੀ ਸੰਘਰਸ਼ਮਈ ਜ਼ਿੰਦਗੀ ਬਾਰੇ ਚਾਨਣਾ ਪਾਉਦਿਆਂ ਦੱਸਿਆ ਕਿ ਉਹਨਾ ਨੇ ਆਪਣੇ ਘਰ ਦੀਆਂ ਤੰਗੀਆਂ ਤਰੁਸੀਆ ਦੀ ਪ੍ਰਵਾਹ ਕੀਤੇ ਬਿਨਾ ਅਰੰਭੇ ਸਮਾਜਿਕ ਪ੍ਰੀਵਰਤਨ ਦੇ ਮਿਸ਼ਨ ਨੂੰ ਰੁਕਣ ਨਹੀਂ ਦਿੱਤਾ। ਮਿਸ਼ਨਰੀ ਗਾਇਕ ਜੋੜੀ ਰਾਜ ਦਦਰਾਲ ਅਤੇ ਰਾਣੀ ਅਰਮਾਨ ਨੇ ਗੁਰੂ ਰਵਿਦਾਸ,ਡਾਕਟਰ ਅੰਬੇਡਕਰ ਦੀ ਜੀਵਨੀ ਸਬੰਧੀ ਗੀਤਾਂ ਨਾਲ ਮਾਹੌਲ ਨੂੰ ਜੋਸ਼ੀਲਾ ਬਣਾ ਦਿੱਤਾ। ਪ੍ਰਗਤੀ ਕਲਾ ਕੇਂਦਰ ਲਾਦੜਾਂ ਦੀ ਟੀਮ ਵਲੋਂ ਐਸਾ ਚਾਹੂੰ ਰਾਜ ਮੈਂ'ਅਤੇ ਭੀਮ ਮਹਾਨ' ਨਾਟਕ ਖੇਡੇ ਗਏ। ਵਿੱਦਅਕ ਪ੍ਰਾਪਤੀਆਂ ਕਰਨ ਵਾਲੇ ਬੱਚਿਆਂ ਨੂੰ ਮੈਡਲ ਅਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

ਸਮਾਗਮ ਦੇ ਪ੍ਰਬੰਧ ਹਿੱਤ ਸੁਸਾਇਟੀ ਦੇ ਚੇਅਰਮੈਨ ਵਿਜੇ ਗੁਣਾਚੌਰ, ਪ੍ਰਧਾਨ ਗੁਰਦੇਵ ਰਾਮ, ਹਰਜਿੰਦਰ ਸਿੰਘ, ਸਤਨਾਮ ਸਿੰਘ, ਠੇਕੇਦਾਰ ਮੇਹਰ ਚੰਦ, ਮਾਸਟਰ ਰਾਜ ਕੁਮਾਰ, ਫਕੀਰ ਚੰਦ, ਬੁੱਧ ਦਾਸ, ਰਵੀ ਬਸਰਾ, ਕੁਲਵਿੰਦਰ ਪੱਪੂ ਆਦਿ ਦਾ ਨਿੱਘਾ ਸਹਿਯੋਗ ਰਿਹਾ।

**– ਰੇਸ਼ਮ ਕਰਨਾਣਵੀ**

# ਬਾਵਾ ਸਾਹਿਬ ਦੀ ਸੋਚ ਨੂੰ ਘਰ-ਘਰ ਪਹੁੰਚਾਵਾਂਗੇ- ਸੋਹਣ ਸਹਿਜਲ

## ਸ਼੍ਰੀ ਗੁਰੂ ਰਵਿਦਾਸ ਚਿਲਡਰਨ ਪਾਰਕ ਮੁਕੰਦਪੁਰ 'ਚ ਬਾਵਾ ਸਾਹਿਬ ਦਾ ਜਨਮ ਦਿਨ ਮਨਾਇਆ



ਡਾ ਭੀਮ ਰਾਓ ਅੰਬੇਦਕਰ ਚੇਤਨਾ ਮੰਚ ਮੁਕੰਦਪੁਰ ਵਲੋਂ ਪਿੰਡ ਦੀ ਪੰਚਾਇਤ ਦੇ ਸਹਿਯੋਗ ਨਾਲ ਸ਼੍ਰੀ ਗੁਰੂ ਰਵਿਦਾਸ ਚਿਲਡਰਨ ਪਾਰਕ ਮੁਕੰਦਪੁਰ 'ਚ ਬਾਵਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਡਾ ਭੀਮ ਰਾਓ ਅੰਬੇਦਕਰ ਜੀ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਭੇਂਟ ਕੀਤੀਆਂ। ਇਸ ਸਮਾਗਮ ਵਿੱਚ ਸ਼੍ਰੀ ਗੁਰੂ ਰਵਿਦਾਸ ਮਿਸ਼ਨ ਹਸਪਤਾਲ ਫਗਵਾੜਾ ਦੇ ਪ੍ਰਧਾਨ ਸ਼੍ਰੀ ਸੋਹਣ ਸਹਿਜਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਬਾਵਾ ਸਾਹਿਬ ਦੀ ਸੋਚ ਨੂੰ ਘਰ-ਘਰ ਤੱਕ ਪਹੁੰਚਾਉਣ ਦੀ ਜਰੂਰਤ ਹੈ ਤਾਂ ਕਿ ਸਾਡਾ ਦੱਬਿਆ, ਕੁਚਲਿਆ ਸਮਾਜ ਵੀ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਜਾਵੇ। ਇਸ ਮੌਕੇ ਡਾ ਸੁਖਵਿੰਦਰ ਸਿੰਘ ਸੁੱਖੀ, ਡਾ ਅਜੇ ਬਸਰਾ, ਡਾ ਨਰੰਜਣ ਪਾਲ, ਡਾ ਪਰਮਜੀਤ ਲਾਲ, ਬਾਬੂ ਜਗੀਰੀ ਲਾਲ, ਚੰਨਣ ਰਾਮ ਅਤੇ ਸਰਪੰਚ ਪੁਸ਼ਪਿੰਦਰ ਕੌਰ ਨੇ ਵੀ ਦਲਿਤ ਸਮਾਜ ਨੂੰ ਬਾਵਾ ਸਾਹਿਬ ਦੀ ਸੋਚ ਆਪਣਾਉਣ ਲਈ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਮਿਸ਼ਨਰੀ ਗਾਇਕ ਰਾਜ ਦਦਰਾਲ ਨੇ ਸਮਾਜ ਅੰਦਰ ਪੈਦਾ ਹੋਈਆਂ ਕੁਰੀਤੀਆਂ ਤੋਂ ਜਾਣੂ ਕਰਵਾਉਂਦੇ ਅਤੇ ਮਿਸ਼ਨਰੀ ਗੀਤਾਂ ਰਾਹੀਂ ਬਾਵਾ ਸਾਹਿਬ ਦੇ ਸੰਘਰਸ਼ਮਈ ਜੀਵਨ 'ਤੇ ਚਾਨਣਾ ਪਾਇਆ। ਇਸ ਮੌਕੇ ਮੰਚ ਦੇ ਚੇਅਰਮੈਨ ਸ਼੍ਰੀ ਜਗਦੀਸ਼ ਕਟਾਰੀਆ, ਵਾਇਸ ਚੇਅਰਮੈਨ ਜਰਨੈਲ ਕਟਾਰੀਆ, ਜਸਵੰਤ ਸਿੰਘ ਪ੍ਰਧਾਨ, ਲਖਵੀਰ ਚੰਦ, ਪ੍ਰਸ਼ੋਤਮ ਲਾਲ, ਮਲਕੀਤ ਰਾਮ, ਪਿਆਰਾ ਰਾਮ, ਯਾਦਵਿੰਦਰ ਕਟਾਰੀਆ, ਰਾਹੁਲ ਭੰਗੂ, ਜਸਵਿੰਦਰ ਸਿੰਘ, ਸੁੱਖੀ ਜੱਸਲ, ਬਲਿਹਾਰ ਰਾਮ, ਮਾਸਟਰ ਨਿਰਮਲ ਰਾਮ ਅਤੇ ਹੋਰ ਪਤਵੰਤੇ ਹਾਜ਼ਰ ਹੋਏ।

**– ਰੇਸ਼ਮ ਕਰਨਾਣਵੀ**

# ਡੀ ਏ ਵੀ ਸਕੂਲ ਵਲੋਂ ਸਾਇੰਸ ਅਕੈਡਮੀ ਦਾ ਨੀਂਹ ਪੱਥਰ

## ਦਸ ਕਰੋੜ ਦੀ ਲਾਗਤ ਨਾਲ ਤਿਆਰ ਹੋਵੇਗਾ ਮੈਗਾ ਪ੍ਰੋਜੈਕਟ- ਡਾ ਅਮਰਜੀਤ



ਸਾਧੂ ਸਿੰਘ ਡੀ ਏ ਵੀ ਰੂਰਲ ਪਬਲਿਕ ਸਕੂਲ ਮੁਕੰਦਪੁਰ ਵਿਖੇ ਸਕੂਲ ਮੈਨੇਜਮੈਂਟ ਕਮੇਟੀ ਵਲੋਂ ਆਰੰਭੇ ਨਵੇਂ ਸਾਇੰਸ ਅਕੈਡਮੀ ਦੇ ਮੈਗਾ ਪ੍ਰੋਜੈਕਟ ਦਾ ਨੀਂਹ ਪੱਥਰ ਸੰਸਥਾ ਦੇ ਬਾਨੀ ਚੇਅਰਮੈਨ ਸਾਧੂ ਸਿੰਘ ਸ਼ੇਰਗਿੱਲ, ਡਾ੍ ਐਮ ਐਸ ਕੰਗ ਸਾਬਕਾ ਉਪ-ਕੁੱਲਪਤੀ ਪੀ ਏ ਯੂ, ਡਾ ਆਰ ਐਸ ਸਿੱਧੂ ਡੀਨ ਕਾਲਜ਼ ਆਫ ਬੇਸਿਕ ਸਾਇੰਸ ਪੀ ਏ ਯੂ, ਡਾ੍ ਡੀ ਪੀ ਐਸ ਸੰਧੂ ਡਾਇਰੈਕਟਰ ਹੈਲਥ ਪੰਜਾਬ (ਰਟਾਇਰਡ) ਅਤੇ ਸੰਜੀਵ ਕੁਮਾਰ ਐਸ ਈ ਪੰਜਾਬ ਰਾਜ ਬਿਜ਼ਲੀ ਬੋਰਡ (ਸ਼ਹੀਦ ਭਗਤ ਸਿੰਘ ਨਗਰ) ਨੇ ਕਹੀ ਨਾਲ ਜ਼ਮੀਨ 'ਤੇ ਇੱਕ-ਇੱਕ ਟੱਕ ਮਾਰਨ ਉਪਰੰਤ ਲੱਗੇ ਨੀਂਹ ਪੱਥਰ ਤੋਂ ਪਰਦਾ ਹਟਾ ਕੇ ਉਦਘਾਟਨ ਦੀ ਰਸਮ ਅਦਾ ਕੀਤੀ। ਇਸ ਉਪਰੰਤ ਸੰਸਥਾ ਦੇ ਸਕੱਤਰ ਡਾ੍ ਅਮਰਜੀਤ ਸਿੰਘ ਨੇ ਦੱਸਿਆ ਕਿ ਇਸ ਸਾਇੰਸ ਮੈਗਾ ਪ੍ਰੋਜੈਕਟ ਦੀ ਇਮਾਰਤ 'ਤੇ ਤਕਰੀਬਨ ਦਸ ਕਰੋੜ ਰੁਪਏ ਖਰਚੇ ਜਾਣਗੇ। ਇਸ ਮੌਕੇ ਪ੍ਰਿੰਸੀਪਲ ਸਨੇਹ ਅਗਨੀਹੋਤਰੀ ਨੇ ਕਿਹਾ ਕਿ ਪੇਂਡੂ ਖੇਤਰ ਦੇ ਵਿਦਿਆਰਥੀਆਂ ਨੂੰ ਅੰਤਰ-ਰਾਸ਼ਟਰੀ ਸਤਰ ਦੀ ਵਿੱਦਿਆ ਮੁਹੱਈਆ ਕਰਵਾਉਣਾ ਵੀ ਇੱਕ ਅਹਿਮ ਕਦਮ ਹੈ। ਸੰਸਥਾ ਦੇ ਚੇਅਰਮੈਨ ਜਗਤਾਰ ਸਿੰਘ ਸ਼ੇਕਰ, ਪੈਟਰਨ ਪਰਮਿੰਦਰ ਸਿੰਘ, ਪ੍ਰਿੰਸੀਪਲ ਸੁਭਾਸ਼ ਸਰਮਾ, ਪ੍ਰਭਜੋਤ ਸਿੰਘ, ਬਲਿਹਾਰ ਲੋਹਟੀਆ, ਐਚ ਐਸ ਗਿੱਲ, ਪ੍ਰੋ ਬਾਵਾ ਨੇ ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਸਕੂਲ ਦੇ ਬੱਚਿਆਂ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਅਤੇ ਸਾਇੰਸ ਨਾਲ ਸਬੰਧਤ ਕਈ ਪ੍ਰੋਜੈਕਟਾਂ ਦੀ ਪ੍ਰਦਸ਼ਨੀ ਵੀ ਲਗਾਈ। ਇਸ ਮੌਕੇ ਸਕੂਲ ਸਟਾਫ ਤੇ ਸਕੂਲ ਦੇ ਬੱਚੇ ਅਤੇ ਪਾਮੇ ਹਾਜ਼ਰ ਹੋਏ।

**– ਰੇਸ਼ਮ ਕਰਨਾਣਵੀ**

# ਸ੍ਰੀ ਸੋਹਣ ਲਾਲ ਸਾਂਪਲਾ, ਨੈਸ਼ਨਲ ਪ੍ਰੈਜੀਡੈਂਟ, ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਯੂਰਪ, ਜਰਮਨੀ ਦਾ ਆਪਣੇ ਜੱਦੀ ਪਿੰਡ ਪਹੁੰਚਣ ਤੇ ਨਿੱਘਾ ਸਵਾਗਤ



ਰਾਹੁਲ ਬੁੱਧ ਵਿਹਾਰ ਸੌਫੀ ਪਿੰਡ ਦੀ ਪ੍ਰਬੰਧਕ ਕਮੇਟੀ ਅਤੇ ਸੋਫੀ ਪਿੰਡ ਦੇ ਨਿਵਾਸੀਆ ਵਲੋਂ ਸ੍ਰੀ ਸੋਹਣ ਲਾਲ ਸਾਂਪਲਾ, ਨੈਸ਼ਨਲ ਪ੍ਰੈਜੀਡੈਂਟ, ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਯੂਰਪ, ਜਰਮਨੀ ਦਾ ਆਪਣੇ ਜੱਦੀ ਪਿੰਡ ਪਹੁਚਣ ਤੇ ਨਿੱਘਾ ਸਵਾਗਤ ਕੀਤਾ ਗਿਆ।

ਉਹਨਾ ਦੇ ਨਾਲ ਉਹਨਾ ਦੀ ਧਰਮਪਤਨੀ ਦਾ ਵੀ ਪਿੰਡ ਪਹੁੰਚਣ ਤੇ ਫੁਲਾ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ। ਰਾਹੁਲ ਬੁੱਧ ਵਿਹਾਰ ਸੌਫੀ ਪਿੰਡ ਦੇ ਪ੍ਰਧਾਨ ਸ੍ਰੀ ਧਰਮ ਪਾਲ ਲੀਲ, ਕੈਸ਼ੀਅਰ ਰੌਸ਼ਨ ਲਾਲ, ਸ੍ਰੀ ਅਮਰਜੀਤ, ਸ੍ਰੀ ਰੇਸ਼ਮ ਲਾਲ ਸਾਬਕਾ ਸਰਪੰਚ ਅਤੇ ਵਾਈਸ ਪ੍ਰਧਾਨ, ਸ੍ਰੀ ਅਰੁਣ ਕੁਮਾਰ ਜਨਰਲ ਸੈਕਟਰੀ ਨੇ ਸ੍ਰੀ ਸੋਹਣ ਲਾਲ ਸਾਂਪਲਾ ਅਤੇ ਉਹਨਾ ਦੀ ਧਰਮਪਤਨੀ ਦਾ ਸਿਰੋਪਾਉ ਪਾ ਕੇ ਸਨਮਾਨ ਕੀਤਾ।

ਸਟੇਜ ਦਾ ਸੰਚਾਲਨ ਸ੍ਰੀ ਜਗਦੀਸ ਰਾਣਾ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਕੀਤਾ। ਪ੍ਰਧਾਨ ਸ੍ਰੀ ਧਰਮ ਪਾਲ ਲੀਲ ਨੇ ਸ੍ਰੀ ਸੋਹਣ ਲਾਲ ਸਾਂਪਲਾ, ਨੈਸ਼ਨਲ ਪ੍ਰੈਜੀਡੈਂਟ, ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਯੂਰਪ, ਜਰਮਨੀ ਦਾ ਇਥੇਂ ਪਹੁੰਚਣ ਤੇ ਸਵਾਗਤ ਕੀਤਾ ਅਤੇ ਉਹਨਾ ਦੀ ਸਮਾਜ ਪ੍ਰਤੀ ਕੀਤੇ ਕੰਮਾ ਦੀ ਵੀ ਪ੍ਰਸੰਸਾ ਕੀਤੀ।

ਉਹਨਾਂ ਨੇ ਸਾਰਿਆ ਨੂੰ ਬਾਬਾ ਸਾਹਿਬ ਜੀ ਦੇ ਜੀਵਨ ਵਾਰੇ ਪੜਨ ਵਾਸਤੇ ਪ੍ਰੇਰਤ ਕੀਤਾ। ਹੋਰਨਾ ਤੋ ਇਲਾਵਾ ਸ੍ਰੀ ਤਰਲੋਕ ਸਾਂਪਲਾ, ਸ੍ਰੀ ਗੁਰਮੇਜ ਲਾਲ ਸਾਬਕਾ ਬਲਾਕ ਸੰਮਤੀ ਮੈਂਬਰ, ਸ੍ਰੀ ਅਜੀਤ ਕੁਮਾਰ ਉਚੇਚੇ ਤੌਰ ਤੇ ਸਾਮਲ ਹੋਏ।

# ਅਖੌਤੀ ਬਾਬਾ ਰਾਮਦੇਵ ਦੇ ਘਟੀਆ ਭਾਸ਼ਣ ਦੀ ਜ਼ੋਰਦਾਰ ਨਿੰਦਾ

ਕੈਲੀਫੋਰਨੀਆ- ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਕੈਲੀਫੋਰਨੀਆ (ਯੂਬਾ ਸਿਟੀ) ਅਤੇ ਸਤਿਗੁਰ ਰਵਿਦਾਸ ਸਭਾ ਯੂਬਾ ਸਿਟੀ ਦੀ ਇਕ ਵਿਸ਼ੇਸ਼ ਮੀਟਿੰਗ ਸ੍ਰੀ ਪ੍ਰੇਮ ਲਾਲ ਸੌਧੀ ਅਤੇ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਅਖੌਤੀ ਬਾਬਾ ਰਾਮਦੇਵ ਵੱਲੋਂ ਸਿਆਸਤ ਦੇ ਗਰੂਰ ਵਿਚ ਦਿੱਤੇ ਗਏ ਸਿਆਸੀ ਭਾਸ਼ਣ ਵਿਚ ਦੁਨੀਆਂ ਭਰ ਦੇ ਲੋਕਾਂ ਪ੍ਰਤੀ ਜੋ ਆਪਣੀ ਘਟੀਆ ਅਤੇ ਨਿਕੰਮੀ ਸੋਚ ਰੱਖਦਾ ਹੈ, ਉਸ ਮੁਤਾਬਕ ਜੋ ਭਾਸ਼ਣ ਸਿਆਸੀ ਜਲਸੇ ਵਿਚ ਕਿ ਰਾਹੁਲ ਗਾਂਧੀ ਦਲਿਤ ਘਰਾਂ ਵਿਚ ਹਨੀਮੂਨ ਜਾਂ ਪਿਕਨਿਕ ਮਨਾਉਣ ਜਾਂਦਾ ਹੈ, ਜੋ ਕਿ ਦਲਿਤ ਭਾਈਚਾਰੇ ਦੇ ਆਚਾਰਣ ਤੇ ਇਕ ਵੱਡਾ ਧੱਬਾ ਹੈ। ਜਿਸ ਦੀ ਦੋਹਾਂ ਸਭਾਵਾਂ ਵੱਲੋਂ ਸਾਂਝੇ ਤੌਰ ਤੇ ਨਿੰਦਾ ਕੀਤੀ ਜਾਂਦੀ ਹੈ ਅਤੇ ਭਾਰਤੀ ਚੋਣ ਕਮਿਸ਼ਨ ਤੋਂ ਜ਼ੋਰਦਾਰ ਮੰਗ ਕੀਤੀ ਕਿ ਰਾਮਦੇਵ ਨੂੰ ਭਾਰਤੀ ਕਾਨੂੰਨ ਮੁਤਾਬਕ ਬਣਦੀ ਸਜ਼ਾ ਦਿੱਤੀ ਜਾਵੇ।




## ਕੰਨਿਆ ਦੀ ਲੋੜ

ਰਵਿਦਾਸੀਆ, ਇਕਲੌਤਾ ਲੜਕਾ, ਉਮਰ 27 ਸਾਲ, ਕੱਦ 5 ਫੁੱਟ 11 ਇੰਚ, ਸਿੱਖਿਆ ਬੀ. ਟੈਕ ਇੰਜੀਨੀਅਰਿੰਗ, ਪੰਜਾਬ ਵਿਚ ਰਹਿ ਰਹੇ ਲਈ ਅਮਰੀਕਨ ਸਿਟੀਜ਼ਨ ਜਾਂ ਗ੍ਰੀਨ ਕਾਰਡ ਹੋਲਡਰ ਲੜਕੀ ਦੀ ਲੋੜ। ਲੜਕੇ ਦੀ ਇਕਲੌਤੀ ਭੈਣ ਵਿਆਹੀ ਹੈ ਅਤੇ ਅਮਰੀਕਾ ਵਿਚ ਸੈਟਲ ਹੈ। ਮਾਪਿਆਂ ਕੋਲ 10 ਸਾਲਾ ਅਮਰੀਕੀ ਵੀਜ਼ਾ ਹੈ ਅਤੇ ਅਮਰੀਕਾ ਵਿਚ ਹਨ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ: 408-849-0417


# ਪੰਜਾਬੀ ਭਾਈਚਾਰੇ ਦੇ ਪ੍ਰਮੁੱਖ ਆਗੂ ਵਿਨੋਦ ਚੁੰਬਰ ਨੂੰ ਸਦਮਾ

ਨਿਊਆਰਕ (ਕੈਲੀਫੋਰਨੀਆ)- ਪੰਜਾਬੀ ਭਾਈਚਾਰੇ ਵਿਚ ਇਹ ਖਬਰ ਬੜੇ ਦੁੱਖ ਨਾਲ ਪੜੀ ਗਈ ਹੈ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਵਾਈਸ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਦੇ ਸਹੁਰਾ ਸਾਹਿਬ ਸ੍ਰੀ ਸ਼ੰਕਰ ਸਿੰਘ ਸ਼ੀਂਹਮਾਰ ਜੋ ਧਰਮਪਾਲ ਝੰਮਟ ਅਤੇ ਪ੍ਰਿਤਪਾਲ ਝੰਮਟ ਦੇ ਨੇੜਲੇ ਰਿਸ਼ਤੇਦਾਰ ਸਨ, ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਅਚਾਨਕ ਸਵਰਗ ਸਿਧਾਰ ਗਏ ਹਨ। ਵਿਨੋਦ ਕੁਮਾਰ ਚੁੰਬਰ ਤੇ ਝੰਮਟ ਪਰਿਵਾਰ ਨਾਲ ਅਦਾਰਾ "ਪੰਜਾਬ ਨਿਊਜ ਯੂ ਐਸ ਏ", ''ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ'' ਸ੍ਰੀ ਵਿਨੋਦ ਕੁਮਾਰ ਚੁੰਬਰ ਅਤੇ ਉਹਨਾਂ ਦੇ ਸਮੁੱਚੇ ਪਰਿਵਾਰ ਨਾਲ ਅਫਸੋਸ ਪ੍ਰਗਟ ਕਰਦਾ ਹੋਇਆ ਵਿਛੜੀ ਆਤਮਾ ਦੀ ਆਤਮਕ ਸ਼ਾਂਤੀ ਲਈ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ। ਸਾਬਕਾ ਚੇਅਰਮੈਨ ਸ੍ਰੀ ਰਾਮ ਮੂਰਤੀ ਸਰੋਏ, ਅਮਰੀਕ ਚੰਦ ਲਾਖਾ, ਹੰਸ ਰਾਜ ਕਾਜਲਾ, ਦਸ਼ਵਿੰਦਰ ਪਾਲ, ਪ੍ਰੇਮ ਚੁੰਬਰ, ਮੋਹਿੰਦਰ ਸਿੰਘ ਮਾਹੀ, ਬਲਵੀਰ ਸ਼ੀਮਾਰ ਅਤੇ ਨਾਰਥ ਅਮੈਰਿਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਚੇਅਰਮੈਨ ਦਲਵਿੰਦਰ ਸਿੰਘ ਧੂਤ ਨੇ ਸ: ਸ਼ੰਕਰ ਸਿੰਘ ਸ਼ੀਮਾਰ ਦੀ ਅਚਾਨਕ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸ੍ਰੀ ਚੁੰਬਰ ਅਤੇ ਝੰਮਟ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ।



# ਬਾਬਾ ਰਾਮਦੇਵ 'ਤੇ ਕਾਨੂੰਨੀ ਕਾਰਵਾਈ ਹੋਵੇ- ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ

ਨਿਊਯਾਰਕ- ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਅਤੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਦੇ ਸਮੂਹ ਮੈਂਬਰਾਂ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੀ ਸਮੂਹ ਸੰਗਤ ਵੱਲੋਂ ਬਾਬਾ ਰਾਮਦੇਵ ਵੱਲੋਂ ਰਾਹੁਲ ਗਾਂਧੀ ਬਾਰੇ ਹਨੀਮੂਨ ਦੀ ਬਿਆਨਬਾਜ਼ੀ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਅਤੇ ਵਕਤ ਦੀ ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਇਹੋ ਜਿਹੇ ਲੋਕਾਂ ਨੂੰ ਤੁਰੰਤ ਕਾਰਵਾਈ ਕਰਦਿਆਂ ਜੇਲ੍ਹ ਭੇਜਣਾ ਚਾਹੀਦਾ ਹੈ, ਜਿਹੜੇ ਸਮਾਜ ਅੰਦਰ ਨਫਰਤ ਫੈਲਾ ਕੇ ਵੋਟਾਂ ਦੀ ਰਾਜਨੀਤੀ ਕਰਦੇ ਹਨ। ਬਾਬਾ ਰਾਮਦੇਵ ਆਪਣੇ ਆਪ ਵੀ ਸਰਬ ਦਾ ਸਾਂਝਾ ਹੋਣ ਦਾ ਨਾਟਕ ਕਰਦਾ ਹੈ ਪਰ ਪਿੱਛੇ ਹਿੰਦੂਤਵ ਦਾ ਏਜੰਡਾ ਲੈ ਕੇ ਕੂੜ ਪ੍ਰਚਾਰ ਕਰ ਰਿਹਾ ਹੈ। ਇਸ ਦੀ ਤੁਰੰਤ ਗ੍ਰਿਫਤਾਰੀ ਕਰਦਿਆਂ ਭਾਰਤ ਅੰਦਰ ਦਲਿਤ ਭਾਈਚਾਰੇ ਨੂੰ ਇਨਸਾਫ ਦਿਵਾਇਆ ਜਾਵੇ।

**– ਨਿਰਮਲ ਸਿੰਘ ਮੁੱਖ ਸੇਵਾਦਾਰ**

# ਨਾਰੀ ਮੁਕਤੀ ਦੇ ਮਸੀਹਾ: ਡਾ. ਅੰਬੇਦਕਰ



ਅਰੁਣ ਕੁਮਾਰ ਬੈਡਫੋਰਡ (ਯੂ.ਕੇ.)

ਡਾ. ਅੰਬੇਦਕਰ ਨੇ ਨਾਰੀ ਮੁਕਤੀ ਲਈ ਜੀਵਨ ਭਰ ਸੰਘਰਸ਼ ਕੀਤਾ। ਉਹਨਾਂ ਨੇ ਨਾਰੀ ਨੂੰ ਜਾਗਰਿਤ ਕੀਤਾ। ਉਹਨਾਂ ਨੇ ਨਾਗ-ਪੁਰ ਵਿਖੇ ਦਿੱਤੇ ਆਪਣੇ ਭਾਸ਼ਣ ਵਿਚ ਕਿਹਾ:

(1) ''ਉਹ ਔਰਤਾਂ ਦੀ ਜਥੇਬੰਦੀ ਦੇ ਹੱਕ ਵਿਚ ਹਨ। ਉਹ ਕਿਸੇ ਫਿਰਕੇ ਦੀ ਉਨਤੀ ਇਸ ਗੱਲੋਂ ਪਰਖਦੇ ਹਨ ਕਿ ਉਸ ਫਿਰਕੇ ਦੀਆਂ ਔਰਤਾਂ ਨੇ ਕਿੰਨੀ ਉਨਤੀ ਕੀਤੀ ਹੈ। ਔਰਤ ਨੂੰ ਗੁਲਾਮ ਬਣੇ ਰਹਿਣ ਤੋਂ ਇਨਕਾਰ ਕਰਨਾ ਚਾਹੀਦਾ ਹੈ। ਮੈਨੂੰ ਪੂਰੀ ਆਸ ਹੈ ਕਿ ਤੁਸੀਂ ਇਸ ਨਸੀਹਤ ਤੇ ਅਮਲ ਕਰੋਗੀਆਂ ਤਾਂ ਤੁਸੀਂ ਕੇਵਲ ਆਪਣੇ ਹੀ ਜੀਵਨ ਨੂੰ ਉੱਚਾ ਕਰ ਸਕੋਗੀਆਂ, ਸਗੋਂ ਤੁਸੀਂ ਸਮਾਜ ਵਾਸਤੇ ਵੀ ਸ਼ਾਨ ਅਤੇ ਵਡੱਪਣ ਦਾ ਕਾਰਨ ਬਣ ਸਕੋਗੀਆਂ।''

ਡਾ. ਅੰਬੇਦਕਰ ਦਾ ਵਿਸ਼ਵਾਸ ਸੀ ਕਿ ''ਜੇਕਰ ਅਸੀਂ ਲੜਕਿਆਂ ਦੇ ਨਾਲ-ਨਾਲ ਲੜਕੀਆਂ ਦੀ ਵਿਦਿਆ ਵੱਲ ਵੀ ਧਿਆਨ ਦੇਣ ਲੱਗ ਜਾਈਏ ਤਾਂ ਅਸੀਂ ਹੋਰ ਵੀ ਛੇਤੀ ਉਨਤੀ ਕਰ ਸਕਦੇ ਹਾਂ।''

ਡਾ. ਅੰਬੇਦਕਰ ਨਾਰੀ ਨੂੰ ਜਾਗ੍ਰਿਤ ਕਰਨ ਤੱਕ ਹੀ ਸੀਮਤ ਨਹੀਂ ਰਹੇ। ਉਹਨਾਂ ਨੇ ਨਾਰੀ ਮੁਕਤੀ ਨੂੰ ਅਮਲੀ ਰੂਪ ਦੇਣ ਲਈ ਕੁਝ ਹੋਰ ਠੋਸ ਕਦਮ ਚੁੱਕੇ।

(2) ਖਾਣਾਂ 'ਚ ਕੰਮ ਕਰਨ 'ਤੇ ਪਾਬੰਦੀ: ਡਾ. ਅੰਬੇਦਕਰ ਜਦ ਲੇਬਰ ਮੈਂਬਰ ਬਣੇ ਤਾਂ ਉਹਨਾਂ ਨੇ ਖਾਣਾਂ ਵਿਚ ਔਰਤ ਦੇ ਕੰਮ ਕਰਨ ਉਪਰ ਪਾਬੰਦੀ ਲਗਵਾਈ। ਨਾਰੀ ਜਾਤੀ ਦੇ ਕਲਿਆਣ ਲਈ ਚੁੱਕੇ ਗਏ ਇਸ ਸ਼ਲਾਘਾਯੋਗ ਕਦਮ ਲਈ ਵਾਇਸਰਾਏ ਨੇ ਜੋ ਰਿਪੋਰਟ ਭੇਜੀ ਉਸ ਦਾ ਵਰਣਨ ਇਸ ਪ੍ਰਕਾਰ ਹੈ:

''ਮਜ਼ਦੂਰ ਭਲਾਈ ਬਾਰੇ ਡਾ. ਅੰਬੇਦਕਰ ਦੇ ਉਤਸ਼ਾਹ 'ਤੇ ਚਿੰਤਾ ਨੇ 'ਸੈਕਟਰੀ ਆਫ ਸਟੇਟ' ਨੂੰ ਇਨ੍ਹਾਂ ਸ਼ਬਦਾਂ 'ਚ ਰਿਪੋਰਟ ਭੇਜੀ ਸੀ ''ਅੰਬੇਦਕਰ ਕੌਂਸਲ ਵਿਚ ਬਾਰਮ-ਬਾਰ ਇਸ ਗੱਲ ਤੇ ਜ਼ੋਰ ਦੇ ਰਹੇ ਹਨ ਕਿ ਖਾਣਾਂ ਅੰਦਰ ਔਰਤ ਮਜ਼ਦੂਰਾਂ ਦੇ ਜ਼ਮੀਨਦੋਜ਼ ਕੰਮ ਕਰਨ ਦੀ ਪਾਬੰਦੀ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਹਾਲਾਂਕਿ ਅਜਿਹਾ ਕਰਨਾ ਠੀਕ ਹੀ ਹੈ, ਪਰ ਇਸ ਨਾਲ ਕੋਇਲੇ ਦੇ ਨਿਕਾਸ ਵਿਚ ਕਾਫੀ ਮਾਤਰਾ ਵਿਚ ਕਮੀ ਆਵੇਗੀ।''

(3) ਜੱਚਗੀ ਛੁੱਟੀਆਂ ਦੀ ਮੰਗ- ਟਰਾਂਸਫਰ ਆਫ ਪਾਵਰ ਵਾਲੀਅਮ 6 ਦਸਤਾਵੇਜ਼ ਨੰਬਰ 177: ਬਾਬਾ ਸਾਹਿਬ ਡਾ. ਅੰਬੇਦਕਰ ਨੇ ਬੰਬਈ ਵਿਧਾਨ ਪ੍ਰੀਸ਼ਦ ਵਿਚ ਔਰਤਾਂ ਬਾਰੇ ਜੱਚਗੀ ਛੁੱਟੀਆਂ ਦੀ ਮੰਗ ਕਰਦੇ ਹੋਏ ਕਿਹਾ ''ਮੈਂ ਚਾਹੁੰਦਾ ਹਾਂ ਕਿ ਮਾਵਾਂ ਨੂੰ ਜੱਚਗੀ ਸਮੇਂ ਅਤੇ ਉਸ ਤੋਂ ਪਿੱਛੋਂ ਵਿਸਰਾਮ ਲਈ ਛੁੱਟੀਆਂ ਮਿਲਣੀਆਂ ਚਾਹੀਦੀਆਂ ਹਨ। ਇਸੇ ਵਿਚ ਕੌਮ ਦਾ ਹਿੱਤ ਹੈ।''

(4) ਭਾਰਤੀ ਸੰਵਿਧਾਨ ਰਾਹੀ. ਮੁਕਤੀ: ਡਾ. ਅੰਬੇਦਕਰ ਨੇ ਭਾਰਤੀ ਸੰਵਿਧਾਨ ਰਾਹੀਂ ਤਾਂ 'ਨਾਰੀ ਮੁਕਤੀ' ਉਪਰ ਕਾਨੂੰਨੀ ਮੋਹਰ ਹੀ ਲਾ ਦਿੱਤੀ। ਤਾਂ ਕਿ ਕੋਈ ਵੀ ਰੂੜੀਵਾਦੀ ਭਾਰਤੀ ਨਾਰੀ ਨੂੰ ਦੁਬਾਰਾ ਗੁਲਾਮ ਨਾ ਬਣਾ ਸਕੇ।

(ੳ) ਪ੍ਰਾਚੀਨ ਕਾਨੂੰਨਾਂ ਦਾ ਖਾਤਮਾ: ਡਾ. ਅੰਬੇਦਕਰ ਨੇ ਸੰਵਿਧਾਨ ਦੇ ਇਕੋ ਆਰਟੀਕਲ ਰਾਹੀਂ ਦੇਸ਼ ਵਿਚ ਪ੍ਰਚੱਲਿਤ ਸਭ ਰੂੜੀਵਾਦੀ ਕਾਨੂੰਨਾਂ ਨੂੰ ਝਟਕਾ ਦਿੱਤਾ। ਭਾਰਤੀ ਸੰਵਿਧਾਨ ਦੇ ਅਨੁਛੇਦ 13 (1) ਅਤੇ 13(3) ਵਿਚ ਲਿਖਿਆ ਹੈ:

"ਇਸ ਸੰਵਿਧਾਨ ਦੇ ਲਾਗੂ ਹੋਣ 'ਤੇ ਭਾਰਤ ਵਿਚ ਠੀਕ ਪਹਿਲਾਂ ਕਾਨੂੰਨ ਵਜੋਂ ਪ੍ਰਚੱਲਿਤ ਕੋਈ ਵੀ ਆਰਡੀਨੈਂਸ, ਆਦੇਸ਼, ਕਾਨੂੰਨ ਕਾਇਦਾ, ਨਿਯਮ, ਉਪ ਨਿਯਮ, ਅਧਿਸੂਚਨਾ, ਰੂੜੀ ਜਾਂ ਪ੍ਰਥਾ ਸਿਫਰ ਹੋਣਗੇ।'' ਇਸ ਆਰਟੀਕਲ ਨੇ ਉਨ੍ਹਾਂ ਸਭ ਪ੍ਰਾਚੀਨ ਗ੍ਰੰਥਾਂ ਦੇ ਹੁਕਮਾਂ ਨੂੰ ਕੱਟ ਦਿੱਤਾ, ਜਿਹਨਾਂ ਨੇ ਭਾਰਤੀ ਨਾਰੀ ਨੂੰ ਗੁਲਾਮ ਬਣਾਇਆ ਸੀ। ਸੰਵਿਧਾਨ ਦੇ ਮੌਲਿਕ ਅਧਿਕਾਰਾਂ ਵਿਚ ਔਰਤ ਨੂੰ ਕਈ ਤਰ੍ਹਾਂ ਦੇ ਹੱਕ ਦਿੱਤੇ ਗਏ।

(ਅ) ਸਮਤਾ ਦਾ ਅਧਿਕਾਰ: ਡਾ. ਅੰਬੇਦਕਰ ਨੇ ਭਾਰਤੀ ਸੰਵਿਧਾਨ ਦੀ ਧਾਰਾ 15 (1) ਦੁਆਰਾ ਔਰਤ ਨੂੰ ਮਨੁੱਖ ਦੇ ਬਰਾਬਰ ਅਧਿਕਾਰ ਦਿੱਤੇ ਹਨ। ਇਸ ਧਾਰਾ ਅਨੁਸਾਰ ''ਰਾਜ ਕਿਸੇ ਨਾਗਰਿਕ ਵਿਰੁੱਧ ਜਨਮ ਅਸਥਾਨ ਅਥਵਾ ਇਨ੍ਹਾਂ ਵਿਚੋਂ ਕਿਸੇ ਇਕ ਦੇ ਆਧਾਰ ਉਪਰ ਭਿੰਨ ਭੇਦ ਨਹੀਂ ਕਰੇਗਾ।

ਔਰਤ ਨੂੰ ਵਿੱਦਿਆ ਦਾ ਅਧਿਕਾਰ ਨਹੀਂ ਸੀ, ਔਰਤ ਨੂੰ ਨੌਕਰੀ ਦਾ ਅਧਿਕਾਰ ਨਹੀਂ ਸੀ। ਇਸ ਧਾਰਾ ਰਾਹੀਂ ਨਾ ਸਿਰਫ ਔਰਤ ਨੂੰ ਵਿੱਦਿਆ ਦਾ ਹੱਕ ਮਿਲਿਆ, ਬਲਕਿ ਅੱਜ ਨਾਰੀ ਭਾਰਤ ਦੇ ਮਰਦ ਦਾ ਹਰ ਖੇਤਰ ਵਿਚ ਮੁਕਾਬਲਾ ਕਰ ਰਹੀ ਹੈ। ਇਸ ਇਕੋ ਧਾਰਾ ਨੇ ਨਾਰੀ ਨੂੰ ਮਰਦ ਦੇ ਬਰਾਬਰ ਲਿਆ ਖੜ੍ਹਾ ਕੀਤਾ।

(ੲ) ਸ਼ੋਸ਼ਣ ਵਿਰੁੱਧ ਫਤਵਾ: ਔਰਤ ਦਾ ਪ੍ਰਾਚੀਨ ਕਾਲ ਤੋਂ ਸਰੀਰਕ ਸ਼ੋਸ਼ਣ ਹੁੰਦਾ ਆਇਆ। ਨਾਰੀ ਨੂੰ ਸਿਰਫ ਭੋਗ ਵਿਲਾਸ ਦੀ ਹੀ ਵਸਤੂ ਸਮਝਿਆ ਜਾਂਦਾ ਸੀ। ਸੰਵਿਧਾਨ ਦੀ ਧਾਰਾ 23 (1) ਅਨੁਸਾਰ ''ਮਨੁੱਖ ਦਾ ਵਪਾਰ, ਬੇਗਾਰ ਅਤੇ ਹੋਰ ਤਰ੍ਹਾਂ ਦੀ ਜ਼ਬਰਦਸਤੀ ਕਿਰਤ ਮਨ੍ਹਾ ਹੈ। ''ਇਹ ਧਾਰਾ ਸੰਵਿਧਾਨ ਵਿਚ ਪੈਣ ਕਾਰਨ ਜਿੱਥੇ ਲੱਖਾਂ ਦੇਵ ਦਾਸੀਆਂ ਮੰਦਰਾਂ ਵਿਚ ਭੋਗ ਵਿਲਾਸ ਦਾ ਜੀਵਨ ਬਿਤਾਉਂਦੀਆਂ ਸਨ, ਉਹਨਾਂ ਦੀ ਮੁਕਤੀ ਦਾ ਰਾਹ ਖੁੱਲ੍ਹ ਗਿਆ। ਔਰਤਾਂ ਪਾਸੋਂ ਜਬਰੀ ਕੰਮ ਕਰਵਾਉਣਾ ਵੀ ਗੈਰ ਕਾਨੂੰਨੀ ਹੈ।

'ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ' ਜੋ ਸਰਕਾਰ ਦਾ ਮਾਰਗ ਦਰਸ਼ਨ ਕਰਨ ਨੂੰ ਸ਼ਾਮਲ ਕੀਤੇ ਗਏ ਹਨ, ਵਿਚ ਨਾਰੀ ਦੇ ਆਰਥਿਕ ਸ਼ੋਸ਼ਣ ਨੂੰ ਖਤਮ ਕੀਤਾ ਗਿਆ ਹੈ:

(ਸ) ਸਮਾਨ ਵੇਤਨ: ਪਹਿਲਾਂ ਔਰਤ ਨੂੰ ਮਨੁੱਖ ਦੇ ਬਰਾਬਰ ਤਨਖਾਹ ਨਹੀਂ ਦਿੱਤੀ ਜਾਂਦੀ ਸੀ, ਭਾਵੇਂ ਉਹ ਮਨੁੱਖ ਜਿੰਨਾ ਹੀ ਕੰਮ ਕਰਦੀ ਹੋਵੇ। ਸੰਵਿਧਾਨ ਦੇ ਅਨੁਛੇਦ 39 ਅਨੁਸਾਰ ਇਹ ਵਿਤਕਰਾ ਖਤਮ ਕਰ ਦਿੱਤਾ ਗਿਆ ਹੈ, ਜਿਸ ਅਨੁਸਾਰ:

(1) ਬਰਾਬਰ ਕੰਮ ਲਈ ਇਸਤਰੀਆਂ ਅਤੇ ਪੁਰਖਾਂ ਨੂੰ ਬਰਾਬਰ ਤਨਖਾਹ ਮਿਲੇ।

(2) ਮਜ਼ਦੂਰਾਂ, ਪੁਰਖਾਂ ਤੇ ਇਸਤਰੀਆਂ ਦੀ ਸਿਹਤ ਤੇ ਸ਼ਕਤੀ ਦੀ ਕੁਵਰਤੋਂ ਨਾ ਕੀਤੀ ਜਾਵੇ, ਅਤੇ ਛੋਟੇ ਬੱਚਿਆਂ ਦਾ ਸ਼ੋਸ਼ਣ ਨਾ ਕੀਤਾ ਜਾਵੇ। ਸਰਕਾਰ ਨੇ ਇਸੇ ਨਿਰਦੇਸ਼ਨ ਨੂੰ ਲੈ ਕੇ ਵੇਸ਼ਵਾਪੁਣੇ ਨੂੰ ਰੋਕਣ ਲਈ ਕਾਨੂੰਨ ਬਣਾਏ।

(3) ਰਾਜ ਕੰਮ ਲਈ ਨਿਆਂ ਪੂਰਨ ਤੇ ਮਨੁੱਖੀ ਸਥਿਤੀ ਅਤੇ ਗਰਭਵਤੀ ਇਸਤਰੀਆਂ ਲਈ ਜਣੇਪਾ ਸਹਾਇਤਾ ਦੀ ਵਿਵਸਥਾ ਕਰੇਗਾ। (ਅਨੁਛੇਦ 42)

(ਹ) ਸਮਾਨ ਕਾਨੂੰਨ ਸਹਿੰਤਾ: ਭਾਰਤੀ ਸੰਵਿਧਾਨ ਰਾਹੀਂ ਇਹ ਨਿਰਦੇਸ਼ਨ ਕੀਤਾ ਗਿਆ ਹੈ ਕਿ ''ਰਾਜ ਭਾਰਤ ਦੇ ਸਾਰੇ ਖੇਤਰ ਵਿਚ ਨਾਗਰਿਕਾਂ ਲਈ ਬਰਾਬਰ ਕਾਨੂੰਨ ਸਹਿੰਤਾ ਲਾਗੂ ਕਰਨ ਦੀ ਕੋਸ਼ਿਸ਼ ਕਰੇਗਾ।'' ਅੱਜ ਭਾਰਤ ਵਿਚ ਲਾਗੂ ਹੈ। ਕਿਸੇ ਔਰਤ ਦਾ ਕਤਲ ਕਰਨ ਲਈ ਜੋ ਕਾਨੂੰਨ ਇਕ ਹਿੰਦੂ ਉਪਰ ਲਾਗੂ ਹੁੰਦਾ ਹੈ, ਉਹੀ ਕਾਨੂੰਨ ਇਸਾਈ ਤੇ ਮੁਸਲਮਾਨ ਉਪਰ ਵੀ ਲਾਗੂ ਹੁੰਦਾ ਹੈ।

(ਕ) ਵੋਟ ਦਾ ਅਧਿਕਾਰ: ਵੋਟ ਦਾ ਅਧਿਕਾਰ ਇਕ ਅਜਿਹਾ ਅਧਿਕਾਰ ਹੈ, ਜਿਸ ਨੇ ਸਭ ਬਰਾਬਰ ਦੀ ਮਹੱਤਤਾ ਪ੍ਰਦਾਨ ਕੀਤੀ। ਭਾਰਤ ਵਿਚ ਪਹਿਲਾਂ ਵੋਟ ਦਾ ਅਧਿਕਾਰ ਜਾਇਦਾਦ ਅਤੇ ਵਿੱਦਿਆ ਨਾਲ ਜੁੜਿਆ ਹੋਇਆ ਸੀ, ਪਰ ਬਾਬਾ ਸਾਹਿਬ ਡਾ. ਅੰਬੇਦਕਰ ਨੇ ਹਰ ਬਾਲਗ (ਉਮਰ 21 ਸਾਲ) ਨੂੰ ਵੋਟ ਦਾ ਅਧਿਕਾਰ ਦੇ ਕੇ ਸਭ ਨੂੰ ਬਰਾਬਰ ਕਰ ਦਿੱਤਾ। ਅੱਜ ਜਿੰਨੀ ਕੀਮਤ ਇਕ ਭੰਗੀ ਦੀ ਵੋਟ ਦੀ ਹੈ, ਉਨੀ ਹੀ ਬ੍ਰਾਹਮਣ ਦੀ ਵੋਟ ਦੀ ਹੈ। ਜਿੰਨੀ ਕੀਮਤ ਔਰਤ ਦੀ ਵੋਟ ਦੀ ਹੈ, ਉਨੀ ਹੀ ਮਰਦ ਦੀ ਵੋਟ ਦੀ ਹੈ। ਇਹ ਇਕ ਅਨੋਖਾ ਕ੍ਰਿਸ਼ਮਾ ਨਹੀਂ ਤਾਂ ਹੋਰ ਕੀ ਹੈ?

(5) ਹਿੰਦੂ ਕੋਡ ਬਿਲਾਂ ਰਾਹੀਂ ਸਮਾਨਤਾ: ਡਾ. ਅੰਬੇਦਕਰ ਦੁਆਰਾ ਤਿਆਰ ਕੀਤੇ, ਨੌਂ ਭਾਗਾਂ ਵਾਲੇ, ਜਿਸ ਦੀਆਂ 139 ਧਾਰਾਵਾਂ ਤੇ 7 ਸੂਚੀਆਂ ਸਨ, ਹਿਦੂ ਕੋਡ ਬਿਲ ਨੇ ਨਾਰੀ ਨੂੰ ਆਜ਼ਾਦੀ ਬਖਸ਼ੀ:

(1) ਤਲਾਕ ਦਾ ਹੱਕ: ਭਾਰਤੀ ਨਾਰੀ ਨੂੰ ਤਲਾਕ ਦੇਣ ਦਾ ਹੱਕ ਨਹੀਂ ਸੀ, ਚਾਹੇ ਉਸ ਦਾ ਪਤੀ ਲੰਗੜਾ, ਲੂਲਾ ਅਤੇ ਅੱਤਿਆਚਾਰੀ ਕਿਉਂ ਨਾ ਹੋਵੇ।

(2) ਜਾਇਦਾਦ ਦਾ ਅਧਿਕਾਰ: ਔਰਤ ਚਾਹੇ ਜਿੰਨਾ ਮਰਜ਼ੀ ਧੰਨ ਇਕੱਠਾ ਕਰੇ, ਪਰ ਉਸ ਦੀ ਸੰਪਤੀ ਵਿਚ ਹਿੱਸਾ ਨਹੀਂ ਮੰਨਿਆ ਜਾਂਦਾ ਸੀ। ਜਿਸ ਕਰਕੇ ਔਰਤ ਸਿਰਫ ਮਨੁੱਖ ਉਪਰ ਹੀ ਨਿਰਭਰ ਕਰਦੀ ਸੀ। ਹਿੰਦੂ ਕੋਡ ਬਿਲ ਰਾਹੀਂ ਨਾਰੀ ਨੂੰ ਜਾਇਦਾਦ ਦਾ ਅਧਿਕਾਰ ਮਿਲਿਆ। ਜਿਸ ਨੇ ਨਾਰੀ ਨੂੰ ਮਨੁੱਖੀ ਆਰਥਿਕ ਗੁਲਾਮੀ ਤੋਂ ਛੁਟਕਾਰਾ ਦੁਆਇਆ।

(3) ਗੋਦ ਲੈਣ ਤੇ ਵਾਰਸ ਚੁਣਨ ਦਾ ਅਧਿਕਾਰ: ਭਾਰਤੀ ਨਾਰੀ ਨੂੰ ਪਹਿਲਾਂ ਗੋਦ ਲੈਣ ਅਤੇ ਆਪਣਾ ਵਾਰਸ ਚੁਣਨ ਵਿਚ ਕਈ ਤਰ੍ਹਾਂ ਦੀਆਂ ਰੁਕਾਵਟਾਂ ਸਨ, ਜਿਸ ਨੂੰ ਹਿੰਦੂ ਕੋਡ ਬਿੱਲ ਰਾਹੀਂ ਦੂਰ ਕੀਤਾ ਗਿਆ, ਤਾਂ ਕਿ ਨਾਰੀ ਆਪਣਾ ਵਾਰਸ ਚੁਣਨ ਲਈ ਸਵਤੰਤਰ ਹੋ ਸਕੇ।

(4) ਗੱਦੀ ਠੁਕਰਾ ਦਿੱਤੀ: ਜਦ ਡਾ. ਅੰਬੇਦਕਰ ਨੇ ਦੇਖਿਆ ਕਿ ਸਰਕਾਰ ਹਿੰਦੂ ਕੋਡ ਬਿਲ ਨੂੰ ਉਸੇ ਰੂਪ ਵਿਚ ਪਾਸ ਨਹੀਂ ਕਰ ਰਹੀ, ਜਿਸ ਰੂਪ ਵਿਚ ਉਹਨਾਂ ਪੇਸ਼ ਕੀਤਾ ਸੀ ਤਾਂ ਉਹਨਾਂ ਨੇ ਰੋਸ ਵਜੋਂ 21 ਸਤੰਬਰ 1951 ਨੂੰ ਮੰਤਰੀ ਪਦ ਤੋਂ ਤਿਆਗ ਪੱਤਰ ਦੇ ਦਿੱਤਾ। ਉਹਨਾਂ ਨੇ ਆਪਣਾ ਅਸਤੀਫਾ ਦੇਣ ਦੇ ਕਾਰਨਾਂ ਵਿਚ ਇਕ ਇਹ ਵੀ ਕਾਰਨ ਲਿਖਿਆ ਸੀ ਕਿ ''ਪੰਡਿਤ ਨਹਿਰੂ ਦੀ ਹਿੰਦੂ ਕੋਡ ਬਿਲ ਪਾਸ ਕਰਵਾਉਣ ਵਿਚ ਉਤਸ਼ਾਹੀਣਤਾ ਤੇ ਢਿੱਲੀ ਨੀਤੀ।'' ਉਹਨਾਂ ਨੇ ਆਪਣੇ ਬਿਆਨ ਵਿਚ ਕਿਹਾ ਕਿ ''ਮੈਂ ਤਿਆਗ ਪੱਤਰ ਇਸ ਲਈ ਨਹੀਂ ਦਿੱਤਾ ਕਿ ਮੈਂ ਬਿਮਾਰ ਆਦਮੀ ਹਾਂ। ਬਿਮਾਰੀ ਕਾਰਨ ਆਪਣੇ ਫਰਜ਼ ਦਾ ਪਾਲਣ ਤਿਆਗਣ ਵਾਲਾ ਮੈਂ ਅਤੁੱਲ ਪੁਰਖ ਹੋਵਾਂਗਾ। ਮੈਂ ਤਿਆਗ ਪੱਤਰ ਇਸ ਲਈ ਦਿੱਤਾ ਹੈ ਕਿਉਂਕਿ ਮੈਂ ਬਹੁਤ ਨਿਰਾਸ਼ ਹਾਂ। ਭਾਵੇਂ ਸਰਕਾਰ ਨੇ ਜਿਸ ਤਰ੍ਹਾਂ ਦਾ ਹਿੰਦੂ ਕੋਡ ਬਿੱਲ ਡਾ. ਅੰਬੇਦਕਰ ਨੇ ਪੇਸ਼ ਕੀਤਾ, ਫਿਰ ਵੀ ਜਦ ਇਕ ਪੱਤਰਕਾਰ ਨੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਪੁੱਛਿਆ ਸੀ ਕਿ ਉਸ ਦੇ ਸ਼ਾਸ਼ਨ ਕਾਲ ਦੀਆਂ ਪ੍ਰਾਪਤੀਆਂ ਕੀ ਹਨ ਤਾਂ ਉਸ ਦਾ ਉੱਤਰ ਸੀ: ਹਿੰਦੂ ਕੋਡ ਬਿਲ।

ਕਿੰਨਾ ਸੰਘਰਸ਼ ਕੀਤਾ ਸੀ, ਡਾ. ਅੰਬੇਦਕਰ ਨੇ ਭਾਰਤੀ ਨਾਰੀ ਦੀ ਮੁਕਤੀ ਵਾਸਤੇ। ਅਜਿਹਾ ਕੋਈ ਦੂਸਰਾ ਨਹੀਂ ਕਰ ਸਕਿਆ। ਬਾਬਾ ਸਾਹਿਬ ਡਾ. ਅੰਬੇਦਕਰ ਨੂੰ ਨਾਰੀ ਜਾਤੀ ਲਈ ਕੀਤੇ ਕੰਮਾਂ ਵਾਸਤੇ ਆਪਣੇ ਉਪਰ ਮਾਣ ਸੀ। ਇਕ ਵਾਰ ਉਹਨਾਂ ਨੇ ਆਪਣੀ ਪਤਨੀ ਸ਼੍ਰੀਮਤੀ ਅੰਬੇਦਕਰ ਨੂੰ ਲਿਖੇ ਪੱਤਰ ਵਿਚ ਲਿਖਿਆ ਸੀ "ਮੈਂ ਇਸਤਰੀਆਂ ਦੀ ਉਨਤੀ ਅਤੇ ਮੁਕਤੀ ਵਾਸਤੇ ਲੜਨ ਵਾਲਾ ਮਹਾਨ ਯੋਧਾ ਰਿਹਾ ਹਾਂ ਅਤੇ ਮੈਂ ਔਰਤ ਦੇ ਰੁਤਬੇ ਨੂੰ ਵਧਾਉਣ ਲਈ ਕਾਫੀ ਸੰਘਰਸ਼ ਵੀ ਕੀਤਾ ਹੈ, ਜਿਸ ਦਾ ਮੈਨੂੰ ਮਾਣ ਹੈ।''

# ਰਾਜਨੀਤਕ ਪਾਰਟੀਆਂ ਨੇ ਲੋਕ-ਪੱਖੀ ਮੁੱਦਿਆਂ ਨੂੰ ਵਿਸਾਰਿਆ



ਡਾ. ਚਰਨਜੀਤ ਸਿੰਘ ਗੁਮਟਾਲਾ
94175-33060

ਲੋਕ ਸਭਾ ਦੀਆਂ ਚੋਣਾਂ ਵਿਚ ਚਲ ਰਹੇ ਭੰਡੀ ਪ੍ਰਚਾਰ ਉਪਰ ਜੇ ਧਿਆਨ ਮਾਰੀਏ ਤਾਂ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਦੇਸ਼ ਦੀਆਂ ਰਾਜਨੀਤਕ ਪਾਰਟੀਆਂ ਕਾਂਗਰਸ, ਭਾਜਪਾ ਆਦਿ ਇਕ ਦੂਜੇ ਉਪਰ ਦੂਸ਼ਨਬਾਜ਼ੀ ਦੀ ਖੇਡ ਖੇਡ ਰਹੀਆਂ ਹਨ ਤੇ ਉਹ ਮਸਲੇ ਜਿਨ੍ਹਾਂ ਦਾ ਆਮ ਸ਼ਹਿਰੀ ਦੀ ਭਲਾਈ ਦਾ ਸੰਬੰਧ ਹੈ, ਉਸ ਬਾਰੇ ਗੱਲ ਨਹੀਂ ਕਰ ਰਹੀਆਂ। ਵਿਕਾਸ ਦੇ ਨਾਂ 'ਤੇ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਸੜਕਾਂ, ਗਲੀਆਂ, ਨਾਲੀਆਂ ਬਣਾਉਣਾ ਤਾਂ ਸਰਕਾਰਾਂ ਦਾ ਰੋਜ਼ਾਨਾਂ ਦਾ ਕਾਰ ਵਿਹਾਰ ਹੈ। ਲੋਕਾਂ ਨਾਲ ਜੁੜੇ ਮੁਦੇ ਹਨ ਕਿ ਕੀ ਆਮ ਆਦਮੀ ਨੂੰ ਪੇਟ ਭਰਨ ਲਈ ਰੋਟੀ ਮਿਲ ਰਹੀ ਹੈ? ਕੀ ਆਮ ਆਦਮੀ ਨੂੰ ਮਿਆਰੀ ਸਿਖਿਆ ਤੇ ਸਿਹਤ ਸੇਵਾਵਾਂ ਮਿਲ ਰਹੀਆਂ ਹਨ? ਨੌਜੁਆਨਾਂ ਨੂੰ ਰੁਜ਼ਗਾਰ ਮਿਲ ਰਿਹਾ ਹੈ? ਵਗੈਰਾ ਵਗੈਰਾ। ਵਧ ਰਹੀ ਆਬਾਦੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ, ਪਰ ਇਹ ਕਿਸੇ ਪਾਰਟੀ ਦੇ ਚੋਣ ਏਜੰਡੇ ਉਪਰ ਨਹੀਂ।

ਭਾਰਤ ਵਿਚ ਭੁੱਖ-ਮਰੀ ਇਕ ਅਹਿਮ ਸਮੱਸਿਆ ਹੈ। ਜੇ ਮਾਂ ਭੁੱਖੀ ਹੋਵੇਗੀ ਤਾਂ ਸਿਹਤਮੰਦ ਔਲਾਦ ਕਿਵੇਂ ਪੈਦਾ ਹੋਵੇਗੀ? ਆਮਰ ਖਾਨ ਨੇ ਆਪਣੇ ਪ੍ਰੋਗਰਾਮ ਸਤਯਮੇ ਵਿਜਯਤੇ ਵਿਚ ਇਸ ਉਪਰ ਬੜਾ ਚਾਨਣਾ ਪਾਇਆ ਹੈ ਕਿ ਜਨਮ ਲੈਣ ਉਪਰ ਜਿਨ੍ਹਾਂ ਬੱਚਿਆਂ ਨੂੰ ਪੂਰੀ ਖੁਰਾਕ ਨਹੀਂ ਮਿਲਦੀ, ਉਹ ਸਿਹਤਮੰਦ ਇਨਸਾਨ ਨਹੀਂ ਬਣ ਸਕਦੇ। ਭਾਰਤ ਵਿਚ ਬੇ-ਰੁਜ਼ਗਾਰਾਂ ਤੇ ਬਜ਼ੁਰਗਾਂ ਨੂੰ ਜਿਹੜੀ ਰਕਮ ਮਿਲਦੀ ਹੈ, ਉਹ ਬਹੁਤ ਹੀ ਘੱਟ ਹੈ।ਉਸ ਨਾਲ ਉਨ੍ਹਾਂ ਦਾ ਗੁਜਾਰਾ ਨਹੀਂ ਹੋ ਸਕਦਾ। ਪੰਜਾਬ ਵਿਚ ਬੁਢਾਪਾ ਪੈਨਸ਼ਨ 250 ਰੁਪਏ ਮਹੀਨਾ ਦੇਣਾ ਬਜ਼ੁਰਗਾਂ ਨਾਲ ਇਕ ਕੋਝਾ ਮਜ਼ਾਕ ਹੈ ਤੇ ਉਹ ਵੀ ਕਈ ਕਈ ਮਹੀਨੇ ਨਹੀਂ ਮਿਲਦੀ। ਅਮਰੀਕਾ ਵਿਚ 65 ਸਾਲ ਤੋਂ ਵੱਧ ਉਮਰ ਵਾਲੇ ਨੂੰ ਪੈਨਸ਼ਨ ਮਿਲਦੀ ਹੈ।ਜਿਨ੍ਹਾਂ ਨੂੰ ਪੈਨਸ਼ਨ ਨਹੀਂ ਮਿਲਦੀ, ਉਨ੍ਹਾਂ ਨੂੰ ਸਰਕਾਰ ਵਲੋਂ 1100 ਡਾਲਰ ਮਹੀਨਾ ਜੋ ਕਿ 66 ਹਜ਼ਾਰ ਰੁਪਏ ਦੇ ਕ੍ਰੀਬ ਬਣਦਾ ਹੈ, ਦਿੱਤੇ ਜਾਂਦੇ ਹਨ ਤਾਂ ਜੋ ਆਪਣਾ ਗੁਜਾਰਾ ਸੌਖਿਆਂ ਹੀ ਕਰ ਸਕਣ। ਜਿਹੜੇ ਵਿਅਕਤੀ 65 ਸਾਲ ਤੋਂ ਘੱਟ ਹਨ, ਜੇ ਉਨ੍ਹਾਂ ਪਾਸ ਗੁਜਾਰਾ ਕਰਨ ਲਈ ਕੋਈ ਸਾਧਨ ਨਹੀਂ ਤਾਂ ਉਨ੍ਹਾਂ ਨੂੰ ਫੂਡ ਸਟੈਂਪਸ ਭਾਵ ਕਿ ਖਾਣ- ਪੀਣ ਵਾਲੀਆਂ ਪਰਚੀਆਂ ਦਿੱਤੀਆਂ ਜਾਂਦੀਆਂ ਹਨ, ਜਿਸ ਦੇ ਨਾਲ ਉਹ ਕਿਸੇ ਵੀ ਰੈਸਟੋਰੈਂਟ ਤੋਂ ਮਨ ਚਾਹਿਆ ਖਾਣਾ ਖਾ ਸਕਦੇ ਹਨ। ਕੈਨੇਡਾ, ਇੰਗਲੈਂਡ ਆਦਿ ਵਿਚ ਵੀ ਐਸੀਆਂ ਸਕੀਮਾਂ ਹਨ ਤਾਂ ਜੋ ਕੋਈ ਵੀ ਵਿਅਕਤੀ ਰਾਤ ਨੂੰ ਭੁਖਾ ਨਾ ਸੌਂਵੇ।ਇਸ ਦ੍ਰਿਸ਼ਟੀ ਤੋਂ ਘਟੋ-ਘਟ 10 ਹਜ਼ਾਰ ਰੁਪਏ ਬੁਢਾਪਾ ਪੈਂਨਸ਼ਨ ਚਾਹੀਦੀ ਹੈ।ਏਨੀ ਰਾਸ਼ੀ ਦੇਣਾ ਕਿਸੇ ਵੀ ਪਾਰਟੀ ਦੀ ਸੂਚੀ ਵਿਚ ਨਹੀਂ ਹੈ।

ਅਮਰੀਕਾ ਵਿਚ ਘਟੋ-ਘਟ ਤਨਖਾਹ 2200 ਡਾਲਰ ਪ੍ਰਤੀ ਮਹੀਨਾ ਹੈ ਤੇ ਪ੍ਰਤੀ ਘੰਟਾ 7 -8 ਡਾਲਰ ਹਰੇਕ ਨੂੰ ਜਰੂਰ ਮਿਲਦੇ ਹਨ ,ਭਾਵੇਂ ਕਿ ਉਹ ਪੈਲੀਆਂ ਵਿਚ ਕੰਮ ਕਰਨ ਵਾਲੇ ਮਜਦੂਰ ਕਿਉਂ ਨਾ ਹੋਣ।ਇਸ ਲਈ ਸਾਡੇ ਵੀ ਘਟੋ-ਘਟ 20 ਹਜ਼ਾਰ ਰੁਪਏ ਤਨਖਾਹ ਚਾਹੀਦੀ ਹੈ। ਸਾਡੇ ਵੀ ਪਾਰਟ- ਟਾਇਮ ਕੰਮ ਕਰਨ ਵਾਲੇ ਲਈ ਵੀ ਅਜਿਹੀ ਚਾਹੀਦੀ ਹੈ।

ਸਿਹਤਮੰਦ ਲੋਕ ਹੀ ਸਿਹਤਮੰਦ ਸਮਾਜ ਬਣਾ ਸਕਦੇ ਹਨ। ਇਸ ਲਈ ਵਿਕਸਤ ਦੇਸ਼ਾਂ ਵਿਚ ਮਿਆਰੀ ਹਸਪਤਾਲ ਹਨ। ਬਸ ਤੁਸੀਂ ਫੋਨ ਕਰੋ ਐਂਮਬੂਲੈਂਸ ਆ ਜਾਵੇਗੀ। ਤੁਹਾਡੇ ਘਰਦਿਆਂ ਨੂੰ ਤੁਹਾਡਾ ਫਿਕਰ ਕਰਨ ਦੀ ਲੋੜ ਨਹੀਂ।। ਉਹ ਆਪਣਾ ਕਾਰੋਬਾਰ ਕਰਨ। ਤੁਹਾਡੀ ਸਾਂਭ ਸੰਭਾਲ ਦੀ ਜੁੰਮੇਵਾਰੀ ਹਸਪਤਾਲ ਦੀ ਹੋਵੇਗੀ। ਜਿਹੜੀ ਦੁਆਈ ਪ੍ਰਧਾਨ ਮੰਤਰੀ ਖਾਂਦਾ ਹੈ ਉਹੋ ਆਮ ਆਦਮੀ ਨੂੰ ਮਿਲਦੀ ਹੈ ਪਰ ਭਾਰਤ ਵਿਚ ਸਰਕਾਰੀ ਹਸਪਤਾਲ ਨਾਂ ਦੇ ਹੀ ਹਨ। ਉਨ੍ਹਾਂ ਵਿਚ ਸਟਾਫ ਤੇ ਹੋਰ ਸਾਜੋ ਸਾਮਾਨ ਦੀ ਕਮੀ ਹੈ।ਇਹੋ ਕਾਰਨ ਹੈ ਕਿ ਕੋਈ ਵੀ ਇਨ੍ਹਾਂ ਵਿਚ ਜਾਣ ਨੂੰ ਤਿਆਰ ਨਹੀਂ। ਸਾਡੇ ਮੁੱਖ-ਮੰਤਰੀ ਤੇ ਹੋਰ ਮੰਤਰੀ ਵਿਦੇਸ਼ਾਂ ਵਿਚ ਇਲਾਜ ਕਰਾਉਣ ਲਈ ਜਾਂਦੇ ਹਨ ਭਾਵੇਂ ਕਿ ਉਹ ਦਾਅਵੇ ਕਰਦੇ ਹਨ ਕਿ ਸਾਡੇ ਰਾਜ ਵਿਚ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

ਅਗਾਂਹਵਧੂ ਦੇਸ਼ਾਂ ਵਿਚ 99 ਪ੍ਰਤੀਸ਼ਤ ਤੋਂ ਵੱਧ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ ਜੋ ਘਰਾਂ ਦੇ ਨਜ਼ਦੀਕ ਹਨ ਤੇ ਉੱਥੇ ਬਾਰਵੀਂ ਤੀਕ ਮੁਫਤ ਵਿਦਿਆ ਦਿੱਤੀ ਜਾਂਦੀ ਹੈ।ਬਸਾਂ ਵੀ ਮੁਫ਼ਓਮਪ;ਤ ਹਨ। ਸਰਕਾਰੀ ਸਕੂਲਾਂ ਵਿਚ ਮੁੱਖ-ਮੰਤਰੀਆਂ ਤੇ ਪ੍ਰਧਾਨ ਮੰਤਰੀਆਂ ਦੇ ਬੱਚੇ ਵੀ ਪੜ੍ਹਦੇ ਹਨ।ਪਰ ਸਾਡੇ ਸਰਕਾਰੀ ਸਕੂਲਾਂ ਦੀ ਜੋ ਹਾਲਤ ਹੈ, ਉਹ ਇਥੇ ਦਸਣ ਦੀ ਲੋੜ ਨਹੀਂ।

ਰੁਜ਼ਗਾਰ ਦੇ ਸਾਧਨ ਪੈਦਾ ਕਰਨਾ, ਸਰਕਾਰ ਦੀ ਬਹੁਤ ਵੱਡੀ ਜ਼ੁੰਮੇਵਾਰੀ ਹੈ। ਪੰਜਾਬ ਇਸ ਪੱਖੋਂ ਮਾਰ ਖਾ ਰਿਹਾ ਹੈ। ਪੰਜਾਬ ਦੇ ਉਦਯੋਗ ਹਜ਼ਾਰਾਂ ਦੀ ਗਿਣਤੀ ਵਿਚ ਬੰਦ ਹੋ ਗਏ ਹਨ।ਅੰਗਰੇਜ਼ਾਂ ਸਮੇਂ ਅੰਮ੍ਰਿਤਸਰ ਮੱਧ ਏਸ਼ੀਆ ਦਾ ਇਕ ਉਦਯੋਗਿਕ ਤੇ ਵਪਾਰਕ ਕੇਂਦਰ ਸੀ ਪਰ ਹੁਣ ਇਹ ਸਭ ਕੁਝ ਗੁਆ ਚੁੱਕਾ ਹੈ।ਇਸੇ ਤਰ੍ਹਾਂ ਪੰਜਾਬ ਦੇ ਵਖ ਵਖ ਸ਼ਹਿਰ ਕਿਸੇ ਨਾ ਕਿਸੇ ਉਦਯੋਗ ਲਈ ਪ੍ਰਸਿੱਧ ਸਨ,ਜਿਵੇਂ ਜਲੰਧਰ ਖੇਡਾਂ ਤੇ ਚਮੜੇ ਦੇ ਉਦਯੋਗ,ਜੰਡਿਆਲਾ ਗੁਰੂ ਭਾਂਡਿਆਂ ਲਈ, ਮੰਡੀ ਗੋਬਿੰਦਗੜ੍ਹ ਲੋਹਾ ਮੰਡੀ ਦੇ ਤੌਰ 'ਤੇ ਪ੍ਰਸਿੱਧ ਸੀ।

ਰਿਸ਼ਵਤਖੋਰੀ, ਵਿਦੇਸ਼ਾਂ ਵਿਚ ਜਮਾਂ ਧਨ ਤੇ ਭਾਰਤ ਵਿਚ ਕਾਲੇ ਧਨ ਦੀ ਭਰਮਾਰ ਕੁਝ ਅਹਿਮ ਮੁਦੇ ਹਨ, ਜਿਨ੍ਹਾਂ ਬਾਰੇ ਪਾਰਟੀਆਂ ਚਰਚਾ ਤਾਂ ਕਰਦੀਆਂ ਹਨ ਪਰ ਅਮਲ ਵਿਚ ਉਹ ਕਰਦੀਆਂ ਕੁਝ ਨਹੀਂ ਕਿਉਂਕਿ ਇਹ ਉਨ੍ਹਾਂ ਦੇ ਹਿੱਤ ਵਿਚ ਹੈ।ਆਮ ਆਦਮੀ ਰਿਸ਼ਵਤ ਤੋਂ ਨਿਜਾਤ ਪਾਉਣਾ ਚਾਹੁੰਦਾ ਹੈ।

## ਇਹ ਅੱਜ ਕੌਣ ਆਇਆ ਸਵੇਰੇ-ਸਵੇਰੇ

ਗੁਰਦਾਸ ਰਾਮ 'ਆਲਮ'

ਬੜਾ ਸ਼ੋਰ ਪੈਂਦਾ ਗਰੀਬਾਂ ਦੇ ਡੇਰੇ,
ਇਹ ਅੱਜ ਕੌਣ ਆਇਆ ਸਵੇਰੇ-ਸਵੇਰੇ,
ਸਦੀਆਂ ਤੋਂ ਚਲਦਾ ਸਮਾਂ ਰੁਕ ਗਿਆ ਏ,
ਪੁਰਾਣੇ ਵਿਚਾਰਾਂ ਦਾ ਸਿਰ ਝੁਕ ਗਿਆ ਏ,
ਬੁੱਢੇ ਜਿਹੇ ਕਾਨੂੰਨਾਂ ਦੇ ਧੁਆਂਖੇ ਗਏ ਚਿਹਰੇ,
ਇਹ ਅੱਜ....

ਜਦੋਂ ਪੈਰ ਪੁੱਟਦਾ ਤਾਂ ਪੱਥਰ ਤਿੜਕਦੇ,
ਜਦੋਂ ਮੂੰਹੋਂ ਬੋਲੋ ਤਾਂ ਧੌਲਰ ਥਿੜਕਦੇ,
ਬੌਨੇ ਲੱਗਣ ਲੋਕ ਜਿਸ ਦੇ ਅਗੇਰੇ,
ਇਹ ਅੱਜ....

ਇਹ ਕੀ ਦੇਣ ਆਇਆ ਤੇ ਕੀ ਲੈਣ ਆਇਆ,
ਇਹ ਕੀ ਸੁਣਨ ਆਇਆ ਤੇ ਕੀ ਕਹਿਣ ਆਇਆ,
ਸਮਝਣ ਦੇ ਅਸਮਰੱਥ ਹੋ ਗਏ ਵਡੇਰੇ,
ਇਹ ਅੱਜ...

ਬਗਾਵਤ ਲਈ ਦਾਸਾਂ ਨੂੰ ਕਰਦਾ ਇਸ਼ਾਰੇ,
ਕਬਰਾਂ ਦੇ ਮੁਰਦੇ ਵੀ ਭਰਦੇ ਉਗਾਰੇ,
ਮਜਬੂਤ ਹੋ ਗਏ ਯਤੀਮਾਂ ਦੇ ਜੇਰੇ,
ਇਹ ਅੱਜ...

ਨਵੀਂ ਇਹ ਦੀ ਥਿਊਰੀ ਨਵਾਂ ਇਹ ਦਾ ਖਾਸਾ,
ਇਹ ਜ਼ਿੰਦਗੀ ਦਾ ਚਾਹੁੰਦਾ ਬਦਲ ਦੇਣਾ ਪਾਸਾ,
ਲੁਕ-ਲੁਕ ਕੇ ਰੋਂਦੇ ਸਮਾਜੀ ਲੁਟੇਰੇ,
ਇਹ ਅੱਜ....

ਕਲਮ ਲੈ ਕੇ ਜਦ ਉਹ ਹੋਇਆ ਉਦਾਲੇ,
ਡਿਗ-ਡਿਗ ਕੇ ਟੁੱਟ ਗਏ ਟੰਗੇ ਹੋਏ ਪਿਆਲੇ,
ਵੇਦਾਂ ਤੇ ਮੰਦਰਾਂ 'ਚੋਂ ਨੱਸਦੇ ਅਨ੍ਹੇਰੇ,
ਇਹ ਅੱਜ...

ਛੰਨਾ ਤੇ ਢਾਰਿਆਂ ਦਾ ਦਸਦਾ ਉਜਾਲਾ,
'ਆਲਮ' 'ਚ ਹੈ ਹੁਣ ਕੁਝ ਹੋਰ ਵਾਲਾ,
ਲੱਖਾਂ ਲੋਕ ਜੁੜ ਬੈਠੇ ਜਿਸ ਦੇ ਚੁਫੇਰੇ,
ਇਹ ਅੱਜ ਕੌਣ ਆਇਆ ਸਵੇਰੇ-ਸਵੇਰੇ।

# ਮੈਂ ਜੋ ਕੁਝ ਕੀਤਾ ਮਨੁੱਖਤਾ ਦੇ ਭਲੇ ਲਈ ਕੀਤਾ

## ਡਾ. ਅੰਬੇਦਕਰ ਦੀ ਯਾਦਗਾਰੀ ਤਕਰੀਰ

ਮੇਰੇ ਬਾਰੇ ਦੋ ਤਿੰਨ ਗੱਲਾਂ ਪ੍ਰਪੱਕ ਤੌਰ ਤੇ ਕਹੀਆਂ ਜਾ ਸਕਦੀਆਂ ਹਨ। ਰਾਜਪੁਤਾਨਾ ਵਿਚ ਮਹੂ ਸਥਾਨ ਤੇ ਮੇਰਾ ਜਨਮ ਹੋਇਆ। ਇਸ ਲਈ ਕੋਂਕਣ (ਜਗ੍ਹਾ ਦਾ ਨਾਮ) ਨਾਲ ਮੇਰਾ ਸਬੰਧ ਨਹੀਂ ਰਿਹਾ ਹੈ। ਪਿਤਾ ਜੀ ਕੋਂਕਣ ਦੇ ਹਨ, ਪਰ ਨੌਕਰੀ ਦੇ ਕਾਰਨ ਉਹਨਾਂ ਨੂੰ ਰਾਜਪੁਤਾਨਾ ਜਾਣਾ ਪੈਂਦਾ ਸੀ ਤਾਂ ਮੇਰਾ ਜਨਮ ਮਹੂ ਪਿੰਡ ਵਿਚ ਹੋਇਆ, ਇਹ ਪੱਕਾ ਹੈ ਦੂਸਰੀ ਗੱਲ ਮੇਰਾ ਜਨਮ 12 ਵਜੇ ਹੋਇਆ, ਉਸ ਵੇਲੇ ਪਿਤਾ ਜੀ ਕੰਮ ਤੇ ਗਏ ਹੋਏ ਸਨ ਅਤੇ ਮੇਰੀ ਮਾਂ ਦੀ ਜੋਚਕੀ ਚੱਲ ਰਹੀ ਸੀ। ਮੇਰਾ ਸਰੀਰ ਬਹੁਤ ਵੱਡਾ ਸੀ। ਮੇਰੀ ਮਾਂ ਨੂੰ ਬਹੁਤ ਚਿੰਤਾ ਸੀ। ਦਾਈ ਨੇ ਉਸਨੂੰ ਦੱਸਿਆ, ਘਰ ਜਾਓ ਪੁੱਤਰ ਹੋਇਆ ਹੈ, ਤਕ ਠੀਕ 12 ਵਜੇ ਦੀ ਘੰਟੀ ਹੋ ਰਹੀ ਸੀ। ਤੀਜੀ ਗੱਲ ਮੈਂ ਮੁਲਨਛੱਤਰ ਤੇ ਜਨਮ ਲਿਆ ਅਤੇ ਜੋਤਿਸ਼ੀ ਨੇ ਦੱਸਿਆ ਕਿ ਇਹ ਲੜਕਾ ਬਹੁਤ ਬੁਰਾ ਹੈ। ਇਸਦੀ ਮਾਂ ਜਲਦੀ ਹੀ ਮਰ ਜਾਵੇਗੀ। ਇਸ ਦੇ ਕਾਰਨ ਮੇਰੇ ਦੂਜੇ ਭਰਾਵਾਂ ਵਿਚ ਮੈਂ ਬਹੁਤ ਦੁਪਿਆਰਾ ਸੀ।

ਸਾਰੇ ਲੋਕ ਮੈਨੂੰ ਝਿੜਕਦੇ ਸਨ ਅਤੇ ਕਹਿੰਦੇ ਸਨ ਕਿ ਇਹ ਲੜਕਾ ਮਾਂ ਵਾਸਤੇ ਬੁਰਾ ਹੈ। ਸੱਚੀ ਮੁੱਠੀ ਸਾਡੀ ਮਾਂ ਛੇਤੀ ਹੀ ਚਲ ਵੱਸੀ, ਇਸ ਤਰ੍ਹਾਂ ਮੇਰੇ ਜਨਮ ਬਾਰੇ ਤਿੰਨ ਗੱਲਾਂ ਦੱਸੀਆਂ ਜਾ ਸਕਦੀਆਂ, ਮੇਰੇ ਬਚਪਨ ਬਾਰੇ ਜੇਕਰ ਪੁੱਛੋਗੇ ਤਾਂ ਦੱਸਦਿਆਂ ਮੈਨੂੰ ਹੀ ਹੈਰਾਨੀ ਹੁੰਦੀ ਹੈ। 12-13 ਸਾਲ ਦੇ ਹੋਣ ਤੱਕ ਸਾਰੇ ਲੋਕ ਇਹ ਮੰਨਦੇ ਸਨ ਕਿ ਇਹ ਲੜਕਾ ਆਪਣੇ ਖਾਨਦਾਨ ਨੂੰ ਕਲੰਕ ਲਗਾਏਗਾ। ਇਸਦੇ ਹੱਥਾਂ ਵਿਚ ਕੁਝ ਵੀ ਨਹੀਂ ਹੋ ਸਕਦਾ ਕਿਉਂਕਿ 12-13 ਸਾਲ ਦਾ ਹੋਣ ਤੱਕ ਮੈਂ ਲੰਗੋਟੀ ਤੋਂ ਸਿਵਾਏ ਦੂਜਾ ਕੋਈ ਕੱਪੜਾ ਨਹੀਂ ਪਹਿਨਿਆ ਸੀ (ਮੁਸਕਰਾਉਂਦੇ ਹੋਏ) ਇਸ ਤੋਂ ਇਲਾਵਾ ਦਰ ਦਰ ਘੁੰਮਦੇ ਹੋਏ ਪਿੰਡ ਦੀਆਂ ਔਰਤਾਂ ਤੋਂ ਪੁੱਛਿਆ ਕਰਦਾ ਸੀ ਕਿ ਤੁਸੀਂ ਲੱਕੜ ਵੱਢਣੀ ਹੈ। ਮੈਨੂੰ ਪਹਿਲਾਂ ਸਿੱਖਿਆ ਵਿਚ ਕੋਈ ਰੁਚੀ ਨਹੀਂ ਲੱਗਦੀ ਸੀ। ਮੇਰੀ ਮਾਂ ਦੀ ਮੌਤ ਤੋਂ ਮਗਰੋਂ ਮੇਰੀ ਭੂਆ ਨੇ ਮੇਰਾ ਪਾਲਣ ਪੋਸ਼ਣ ਕੀਤਾ। ਮੈਨੂੰ ਲੱਗਦਾ ਸੀ ਕਿ ਪੜ੍ਹਨ ਦਾ ਕੀ ਫਾਇਦਾ? ਛੇ ਮਹੀਨੇ ਤੱਕ ਮੈਂ ਮਾਲੀ ਦਾ ਧੰਦਾ ਕੀਤਾ। ਮਿਲਟਰੀ ਕੈਂਪਾਂ ਵਿਚ ਬਗੀਚੇ ਹੋਇਆ ਕਰਦੇ ਸਨ, ਉਥੋਂ ਦੇ ਮਾਲੀ ਦੇ ਲੜਕੇ ਨਾਲ ਦੋਸਤੀ ਕੀਤੀ, ਮਿੱਟੀ ਪੱਥਰ ਢੋਏ, ਜ਼ਮੀਨ ਦੀ ਸਫਾਈ ਕੀਤੀ, ਨਲਕੇ ਤੋਂ ਬਗੀਚੇ ਨੂੰ ਪਾਣੀ ਦੇਣਾ ਨਹੀਂ ਸੀ ਆਉਂਦਾ। ਫਿਰ ਮਕਾਨ ਥੱਲਿਉਂ ਇੱਟਾਂ ਕੱਢੀਆਂ ਅਤੇ ਉਸਦੀ ਨਾਲੀ ਬਣਾਈ, ਮੇਰਾ ਜੀਵਨ ਕਿਹੋ ਜਿਹਾ ਸੀ? ਅਜਿਹਾ ਲੱਗਦਾ ਹੈ।

ਮੇਰੇ ਵਿਚ ਕੁਝ ਪੈਦਾਇਸ਼ੀ ਗੁਣ ਸਨ ਅਤੇ ਇਸਦੇ ਕਾਰਨ ਮੈਂ ਇਸ ਹੱਦ ਤੱਕ ਪਹੁੰਚਿਆ ਅਜਿਹਾ ਨਹੀਂ ਹੈ, ਮੇਰਾ ਜੀਵਨ ਜਿਵੇਂ ਗੁਜ਼ਰ ਰਿਹਾ ਸੀ, ਉਵੇਂ ਹੀ ਜੇਕਰ ਤੁਹਾਨੂੰ ਕੋਈ ਆਪਣੇ ਮਹਿਲਾਂ ਵਿਚ ਬੁਲਾਉਂਦਾ ਹੈ ਤਾਂ ਤੁਸੀਂ ਖੁਸ਼ੀ ਨਾਲ ਜਾ ਸਕਦੇ ਹੋ, ਪਰ ਆਪਣੀ ਕੁੱਲੀ ਨੂੰ ਅੱਗ ਲਾ ਕੇ ਕਦੇ ਨਾ ਜਾਣਾ। ਕਿਸੇ ਦਿਨ ਰਾਜੇ ਨਾਲ ਤੁਹਾਡਾ ਝਗੜਾ ਹੋ ਗਿਆ ਅਤੇ ਉਸਨੇ ਤੁਹਾਨੂੰ ਬੇਇੱਜ਼ਤੀ ਕਰਕੇ ਮਹਿਲਾਂ ਤੋਂ ਕੱਢ ਦਿੱਤਾ ਤਾਂ ਕਿੱਥੇ ਰਹੋਗੇ? ਤੁਸੀਂ ਵਿਕਣਾ ਚਾਹੁੰਦੇ ਤਾਂ ਵਿਕ ਜਾਵੋ ਪਰ ਆਪਣੇ ਸੰਗਠਨ ਨੂੰ ਬਰਬਾਦ ਮੱਤ ਕਰਨਾ। ਮੈਨੂੰ ਦੂਸਰਿਆਂ ਤੋਂ ਖ਼ਤਰਾ ਨਹੀਂ ਹੈ, ਮੈਨੂੰ ਆਪਣਿਆਂ ਤੋਂ ਵੱਧ ਖਤਰਾ ਹੈ।

ਮੇਰੇ ਤਿੰਨ ਗੁਰੂ ਸਨ, ਹਰੇਕ ਦੇ ਗੁਰੂ ਹੁੰਦੇ ਹਨ, ਮੇਰੇ ਪਹਿਲੇ ਅਤੇ ਵੱਡੇ ਗੁਰੂ ਮਹਾਤਮਾ ਬੁੱਧ ਸਨ, ਮੈਂ 10-12 ਸਾਲ ਦਾ ਸਾਂ ਮੇਰੇ ਪਿਤਾ ਜੀ ਕਬੀਰਪੰਥੀ ਸਾਧੂ ਸਨ।ਇਹ ਗੱਲ ਮੈਨੂੰ ਉਦੋਂ ਤੋਂ ਯਾਦ ਹੈ ਮੇਰੇ ਪਿਤਾ ਜੀ ਦਾ ਘਰ ਧਰਮਸ਼ਾਲਾ ਕਿਹਾ ਜਾ ਸਕਦਾ ਹੈ। ਉਸਦੇ ਨਾਲ ਹੀ ਵਿਦਿਆਰਥੀ ਘਰ ਵੀ ਕਿਹਾ ਜਾ ਸਕਦਾ ਹੈ। ਮੇਰੇ ਪਿਤਾ ਜੀ ਵਿੱਦਿਆ ਦੇ ਭਗਤ ਸਨ, ਉਸੇ ਤਰ੍ਹਾਂ ਉਹ ਧਰਮ ਨੂੰ ਵੀ ਮੰਨਦੇ ਸਨ। ਬਚਪਨ ਵਿਚ ਉਹਨਾਂ ਮੇਰੇ ਤੋਂ ਅਧਿਐਨ ਕਰ ਲਿਆ, ਰਾਮਾਇਣ ਮਹਾਂਭਾਰਤ ਪੜ੍ਹਨ ਤੋਂ ਬਾਅਦ ਮੇਰੇ ਮਨ ਤੇ ਉਸਦਾ ਬਹੁਤ ਅਸਰ ਹੋਇਆ, ਮੇਰੇ ਪਿਤਾ ਜੀ ਮੈਨੂੰ ਕਹਿੰਦੇ ਸਨ ਕਿ ਅਸੀਂ ਗਰੀਬ ਹਾਂ, ਘਬਰਾਉਣ ਦੀ ਗੱਲ ਨਹੀਂ, ਤੂੰ ਵਿਦਵਾਨ ਕਿਉਂ ਨਹੀਂ ਬਣ ਸਕਦਾ? ਇਕ ਮੈਂ ਕੋਈ ਇਮਤਿਹਾਨ ਪਾਸ ਕੀਤਾ, ਉਸ ਸਮੇਂ ਗੁਆਂਢ ਵਿਚ ਰਹਿਣ ਵਾਲੇ ਲੋਕਾਂ ਨੇ ਮੇਰੇ ਪਿਤਾ ਜੀ ਦੀ ਇੱਛਾ ਦੇ ਵਿਰੁੱਧ ਦਾਦਾ ਕੈਲੁਸਕਰ ਦੀ ਸਹਾਇਤਾ ਨਾਲ ਮੇਰਾ ਅਭਿਨੰਦਨ ਕਰਨ ਦਾ ਨਿਸਚੈ ਕੀਤਾ, ਮੇਰੇ ਪਿਤਾ ਜੀ ਕਹਿੰਦੇ ਸਨ ਕਿ ਅਭਿਨੰਦਨ ਨਹੀਂ ਚਾਹੀਦਾ, ਲੜਕੇ ਦਾ ਅਭਿਨੰਦਨ ਕਰਨ ਨਾਲ ਉਹ ਨੇਤਾ ਬਣ ਗਿਆ ਹੈ। ਅਜਿਹਾ ਲੱਗੇਗਾ (ਹਾਸਾ ਤੇ ਤਾੜੀਆਂ) ਪਰ ਉਸ ਸਮੇਂ ਅਭਿਨੰਦਨ ਸਮਾਰੋਹ ਹੋ ਗਿਆ ਅਤੇ ਦਾਦਾ ਕੈਲੁਸਕਰ ਨੇ ਮੈਨੂੰ ਇਕ ਬੁੱਧ ਦੇ ਚਰਿੱਤਰ ਦੀ ਕਿਤਾਬ ਦਿੱਤੀ। ਇਹ ਕਿਤਾਬ ਪੜ੍ਹਨ ਦੇ ਬਾਅਦ ਮੇਰੇ ਜੀਵਨ ਵਿਚ ਇਕ ਵੱਖਰਾ ਹੀ ਨੂਰ ਆ ਗਿਆ, ਲਕਸ਼ਮਣ, ਸੀਤਾ, ਰਾਮ ਬਨਵਾਸਗਏ, ਧੋਬੀ ਦੇ ਕਹਿਣ ਤੇ ਸੀਤਾ ਦਾ ਤਿਆਗ, ਕ੍ਰਿਸ਼ਨ ਦੀਆਂ 16000 ਤੀਵੀਆਂ ਇਹ ਸਾਰੀਆਂ ਗੱਲਾਂ ਬੁਰੀਆਂ ਲੱਗਣ ਲੱਗੀਆਂ। ਇਹ ਗੱਲਾਂ ਮੇਰੇ ਮਨ ਤੇ ਅਸਰ ਨਹੀਂ ਕਰਦੀਆਂ, ਪਰ ਬੁੱਧ ਧਰਮ ਦੀ ਉਹ ਕਿਤਾਬ ਪੜ੍ਹਨ ਤੋਂ ਬਾਅਦ ਮੈਂ ਹੋਰ ਅਧਿਐਨ ਕੀਤਾ ਜਾਵੇ, ਅਜਿਹਾ ਮਹਿਸੂਸ ਹੋਣ ਲੱਗਾ ਅਤੇ ਮੇਰੇ ਇਹ ਪ੍ਰਪੱਕ ਵਿਚਾਰ ਬਣ ਗਏ ਕਿ ਸੰਸਾਰ ਕਲਿਆਣ ਕੇਵਲ ਬੁੱਧ ਧਰਮ ਹੀ ਕਰ ਸਕਦਾ ਹੈ। ਹਿੰਦੂਆਂ ਨੇ ਜੇਕਰ ਆਪਣਾ ਦੇਸ਼ ਜਿਉਂਦਾ ਰੱਖਣਾ ਹੈ ਤਾਂ ਉਸਨੂੰ ਬੁੱਧ ਧਰਮ ਹੀ ਸਵੀਕਾਰਨਾ ਪਵੇਗਾ, ਅਜਿਹਾ ਮੇਰਾ ਦ੍ਰਿੜ੍ਹ ਕਹਿਣ ਲੱਗਾ।

ਬਹੁਤ ਵੱਡਾ ਪ੍ਰਭਾਵ ਪਿਆ, ਮੇਰੇ ਵਿਚਾਰ ਅਨੁਸਾਰ ਕਬੀਰ ਜੀ ਨੇ ਬੁੱਧ ਦੇ ਤੱਤ ਗਿਆਨ ਨੂੰ ਸਹੀ ਅਰਥਾਂ ਵਿਚ ਸਮਝਿਆ ਸੀ। ਮੈਂ ਕਿਸੇ ਨੂੰ ਮਹਾਨ ਨਹੀਂ ਕਿਹਾ, ਗਾਂਧੀ ਨੂੰ ਵੀ ਮਹਾਨ ਨਹੀਂ ਕਿਹਾ ਕਿਉਂਕਿ ਕਬੀਰ ਜੀ ਨੇ ਕਿਹਾ ਕਿ ਇਨਸਾਨ ਬਣਨਾ ਔਖਾ ਹੈ, ਤਾਂ ਸਾਧੂ ਕਿਉਂ ਬਣੇ, ਜੇ ਇਨਸਾਨ ਨਹੀਂ ਬਣਿਆ ਉਹ ਮਹਾਤਮਾ ਕਿਵੇਂ ਬਣ ਸਕਦਾ ਹੈ।

ਅਤੇ ਮੇਰੇ ਤੀਸਰੇ ਗੁਰੂ ਜੋਤੀਬਾ ਫੂਲੇ ਸਨ (ਸੈਣੀ ਜਾਤੀ) ਬ੍ਰਾਹਮਣ ਤੋਂ ਸਿਵਾਏ ਲੋਕਾਂ ਦੇ ਸੱਚੇ ਗੁਰੂ ਉਹੀ ਸਨ। ਦਰਜੀ, ਘੁਮਿਆਰ, ਨਾਈ, ਕੋਲੀ, ਮਗਰ, ਮਾਘ, ਚਮਾਰ ਨੂੰ ਮਾਨਵਤਾ ਦਾ ਪਾਠ ਫੂਲੇ ਨੇ ਹੀ ਦਿੱਤਾ ਅਤੇ ਸਿਖਾਇਆ। ਪਹਿਲਾਂ ਰਾਜਨੀਤੀ ਵਿਚ ਅਸੀਂ ਜੋਤੀਬਾ ਦੇ ਰਸਤੇ ਤੇ ਚੱਲ ਰਹੇ ਸਾਂ। ਅੱਗੇ ਚੱਲ ਕੇ ਮਰਾਠੇ ਸਾਥੋਂ ਵੱਖ ਗਏ, ਕੁਝ ਕਾਂਗਰਸ ਵਿਚ ਝੂਠ ਖਾਣ ਲਈ ਚੱਲੋਗੇ ਅਤੇ ਉਹਨਾਂ ਵਿਚ ਹੀ ਇਕ ਸਾਡੇ ਰਾਏ ਬਹਾਦਰ ਭੋਲੇ, ਹਿੰਦੂ ਮਹਾਂ ਸਭਾ ਵਿਚ ਗਏ। ਉਹ ਅੱਜ ਇੱਥੇ ਮੌਜੂਦ ਹਨ ਕੋਈ ਕਿਧਰੇ ਜਾਵੇ ਪਰ ਅਸੀਂ ਜੋਤਬਾ ਦਾ ਰਸਤਾ ਨਹੀਂ ਛੱਡਾਂਗੇ। ਇਹ ਮੇਰੇ ਤਿੰਨ ਗੁਰੂ ਸਨ। ਇਹਨਾਂ ਦੀ ਸਿੱਖਿਆ ਨਾਲ ਮੇਰਾ ਜੀਵਨ ਬਣਿਆ ਹੈ।

ਇਸ ਤੋਂ ਬਾਅਦ ਮੇਰੇ ਤਿੰਨ ਪੂਜਨੀਕ ਦੇਵਤੇ ਸਨ। ਕਿਸੇ ਵੀ ਮਰਿਆਈ ਖੰਡਵਾ (ਮਹਾਂਰਾਸ਼ਟਰ ਦੇ ਸ਼ੂਦਰ, ਅਤਿਸ਼ੂਦਰਾਂ ਦੇ ਦੇਵੀ ਦੇਵਤਾ) ਇਹ ਦੇਵਤੇ ਹੁੰਦੇ ਹਨ। ਉਸੇ ਤਰ੍ਹਾਂ ਮੇਰੇ ਵੀ ਤਿੰਨ ਦੇਵਤੇ ਹਨ। ਮੇਰਾ ਪਹਿਲਾ ਦੇਵਤਾ ਵਿੱਦਿਆ ਹੈ। ਵਿੱਦਿਆ ਦੇ ਬਿਨਾਂ ਸ਼ਾਂਤੀ ਨਹੀਂ ਮਿਲ ਸਕਦੀ ਅਤੇ ਨਾ ਹੀ ਮਨੁੱਖਤਾ ਮਿਲ ਸਕਦੀ। ਵਿੱਦਿਆ ਸਭ ਵਾਸਤੇ ਹੋਣੀ ਚਾਹੀਦੀ ਹੈ, ਉਹ ਸਮੁੰਦਰ ਦੇ ਬਰਾਬਰ ਹੈ। ਬੁੱਧ ਨੇ ਇਕ ਵਾਰ ਕਿਹਾ ਸੀ ਕਿ ਬੁੱਧ ਧਰਮ ਸ਼ੁੱਧ ਹੈ, ਇਸ ਵਿਚ ਭੇਦਭਾਵ ਨਹੀਂ ਹੈ। ਸਵਰਨ ਭਿਕਸ਼ੂ ਬ੍ਰਾਹਮਣ, ਭੰਗੀ ਚਾਹੇ ਕੋਈ ਵੀ ਹੋਵੇ, ਸਾਰੇ ਬਰਾਬਰ ਹਨ। ਮੇਰੇ ਸੰਘ ਵਿਚ ਆਉਣ ਤੋਂ ਪਹਿਲਾਂ ਚਾਹੇ ਨਦੀ ਹੋਵੇ ਜਾਂ ਨਾਲ ਹੋਵੇ, ਉਸਦਾ ਨਾਮ ਚਾਹੇ ਕੁਝ ਵੀ ਹੋਵੇ, ਜਮਨਾ, ਬ੍ਰਹਮਪੁੱਤਰ, ਗੰਗਾ, ਗੋਦਾਵਰੀ ਕੋਈ ਵੀ ਹੋਵੇ ਸਾਰੀਆਂ ਆਪਣੇ ਪ੍ਰਾਂਤਾਂ ਤੋਂ ਲੰਘ ਕੇ ਸਾਗਰ ਵਿਚ ਮਿਲ ਜਾਂਦੀਆਂ ਹਨ। ਉਹਨਾਂ ਦਾ ਪਾਣੀ ਇਕ ਹੋਣ ਤੋਂ ਬਾਅਦ ਨਹੀਂ ਦੱਸਿਆ ਜਾ ਸਕਦਾ ਕਿ ਇਹ ਯਮਨਾ ਦਾ ਪਾਣੀ ਕਿ ਗੰਗਾ ਦਾ, ਗੋਦਾਵਰੀ ਦਾ ਤਾਂ ਮੇਰਾ ਸੰਘ ਵੀ ਸਮੁੰਦਰ ਦੇ ਸਮਾਨ ਹੈ, ਉਸ ਵਿਚ ਨਾ ਜਾਤ ਹੈ ਨਾ ਪਾਤ ਹੈ। ਤੁਸੀਂ ਸਾਰੇ ਇਕ ਹੋ ਤੁਹਾਨੂੰ ਵਿੱਦਿਆ ਦੀ ਤਮੰਨਾ ਹੈ ਤਾਂ ਉਸਨੂੰ ਸਫਲ ਬਣਾਓ, ਜਿਸ ਤਰ੍ਹਾਂ ਮਨੁੱਖ ਨੂੰ ਜਿਉਂਦੇ ਰਹਿਣ ਲਈ ਅੰਨ ਦੀ ਲੋੜ ਹੁੰਦੀ, ਉਸੇ ਤਰ੍ਹਾਂ ਵਿੱਦਿਆ ਦੀ ਲੋੜ ਹੈ। ਗਿਆਨ ਤੋਂ ਬਿਨਾਂ ਉਹ ਕੀ ਕਰ ਸਕਦਾ ਹੈ?



ਅੱਜ ਭਾਰਤ ਵਿਚ 90 ਫੀਸਦੀ ਲੋਕ ਅਨਪੜ੍ਹ ਹਨ ਪਰ ਬਾਹਰਲੇ ਦੇਸ਼ਾਂ ਵਿਚ 90 ਫੀਸਦੀ ਲੋਕ ਪੜ੍ਹੇ-ਲਿਖੇ ਹਨ। ਇਸ ਦਾ ਕਾਰਨ ਹੈ ਕਿ ਬ੍ਰਾਹਮਣਾਂ ਨੇ ਸਾਨੂੰ ਵਿੱਦਿਆ ਨਹੀਂ ਦਿੱਤੀ। ਧਰਮ ਦੇ ਕਾਨੂੰਨ ਸਾਡੀ ਰੁਕਾਵਟ ਅਤੇ ਸਾਡੀ ਵਿੱਦਿਆ ਉਹਨਾਂ ਨੇ ਖੋਹ ਲਈ। ਸਾਡੇ ਲੋਕ ਸਮਝਦੇ ਸਨ ਕਿ ਵਿੱਦਿਆ ਪੱਥਰ ਦੇ ਸਮਾਨ ਹੈ ਇਸ ਲਈ ਸਾਡੀਆਂ ਧਾਰਮਿਕ ਧਾਰਾਵਾਂ ਬਹੁਤ ਹੀ ਹੇਠਾਂ ਡਿੱਗ ਚੁੱਕੀਆਂ ਹਨ। ਪੱਥਰ ਨੂੰ ਪੂਜਣ ਵਾਲੇ ਭਗਤ ਸਾਡੇ ਲਈ ਬਹੁਤ ਹਨ। ਤਕੋਬਾ (ਸੰਤ ਤੁਕਾ ਰਾਮ) ਇੰਨੀਆਂ ਕਿਤਾਬਾਂ ਨਹੀਂ ਹੋਣਗੀਆਂ ਜਿੰਨੀਆਂ ਹੁਣ ਮੇਰੇ ਕੋਲ ਦਿੱਲੀ ਵਿਖੇ ਹਨ। ਕੁੱਲ ਮਿਲਾ ਕੇ 20,000 ਕਿਤਾਬਾਂ ਹਨ। ਮੇਰੇ ਕੋਲ, ਹੈ ਕਿਸੇ ਕੋਲ? ਦੱਸੋ ਤਾਂ ਉਹ? ਠਾਕਰ ਐਂਡ ਕੰਪਨੀ ਦੇ ਹਜ਼ਾਰਾਂ ਰੁਪਏ ਦੇ ਉਧਾਰ ਦੇ ਬਿਲ ਮੇਰੇ ਉੱਤੇ ਹਨ। ਮੈਨੂੰ ਜਿੱਥੇ ਵੀ ਉਧਾਰ ਵਿਚ ਕਿਤਾਬਾਂ ਮਿਲਦੀਆਂ ਹਨ, ਜਿੱਥੇ ਮੇਰੇ ਤੋਂ ਉਧਾਰ ਹੁੰਦਾ ਹੈ, ਉਥੇ ਹੀ ਮੈਂ ਆਪਣੀ ਮੋਟਰ ਕਾਰ ਰੋਕਦਾ ਹਾਂ। ਮੈਨੂੰ ਵਿੱਦਿਆ ਅੰਨ੍ਹਾ ਪਾਗਲਪਣ ਹੈ, ਇਹ ਪਾਗਲਪਣ ਸਾਰੇ ਲੋਕ ਜਾਣਦੇ ਹਨ। ਕਿਸੇ ਆਦਮੀ ਦੀ ਰਖੇਲ ਹੁੰਦੀ ਹੈ, ਉਹ ਕਿਸੇ ਦੂਜੇ ਪਿੰਡ ਵਿਚ ਰਹਿੰਦੀ ਹੈ, ਮੰਨ ਲਵੋ ਕਿ ਉਸਨੂੰ ਰਾਤ ਦੇ 12 ਵਜੇ ਉਸਦੀ ਯਾਦ ਆਉਂਦੀ ਹੈ ਤੇ ਉਹ ਉਥੇ ਚਲਾ ਜਾਂਦਾ ਹੈ ਤਾਂ ਉਹ ਉਸਦਾ ਸੱਚਾ ਪੁਜਾਰੀ ਹੋਵੇਗਾ। ਮੈਂ ਵਿੱਦਿਆ ਦੀ ਪੂਜਾ 24 ਘੰਟੇ ਕਰਦਾ ਹਾਂ।

ਮੇਰਾ ਦੂਜਾ ਦੇਵਤਾ ਹੈ ਸਵੈਮਾਣ (ਇੱਜਤ) ਮੈਂ ਕਦੀ ਕਿਸੇ ਅੱਗੇ ਹੱਥ ਨਹੀਂ ਅੱਡੇ। ਮੇਰਾ ਅਕੀਦਾ ਹੀ ਅਜਿਹਾ ਸੀ। ਮੇਰਾ ਪੇਟ ਵੀ ਭਰਨਾ ਚਾਹੀਦਾ ਹੈ ਅਤੇ ਮੈਨੂੰ ਲੋਕਾਂ ਦੀ ਸੇਵਾ ਵੀ ਕਰਨੀ ਚਾਹੀਦੀ ਹੈ। ਡਾਕਟਰ ਪਰਜ਼ਪੇ ਦੀ ਬੇਨਤੀ ਤੇ ਇਕ ਯੂਨੀਵਰਸਿਟੀ ਵਿਚ ਅਰਥ ਸ਼ਾਸਤਰ ਦਾ ਪ੍ਰੋਫੈਸਰ ਹੋ ਗਿਆ ਤਾਂ ਉਹਨਾਂ ਨੇ ਮੈਨੂੰ 16 ਵਿਖਿਆਨ ਦੇਣ ਲਈ ਕਿਹਾ। ਮੈਂ ਕਿਹਾ ਕਿ ਮੈਂ ਕੇਵਲ ਚਾਰ ਵਿਖਿਆਨ ਦੇ ਸਕਾਂਗਾ। ਜੇਕਰ ਮਨਜ਼ੂਰ ਹੈ ਤਾਂ ਦੱਸੋ ਨਹੀਂ ਤਾਂ ਮੇਰਾ ਖੁੱਲ੍ਹਾ ਹੈ, ਕਿਉਂਕਿ ਮੈਂ ਆਪਣੇ ਲੋਕਾਂ ਦੀ ਸੇਵਾ ਕਰਨੀ ਸੀ। ਉਸ ਵਾਸਤੇ ਸਮੇਂ ਦੀ ਲੋੜ ਸੀ। ਪੋਏ ਬਾਵੜੀ ਦੇ ਠਾਕੇ ਤੇ ਬਣੇ 50 ਨੰਬਰ ਦੇ ਕਮਰੇ ਵਿਚ ਮੈਂ ਚਟਨੀ ਨਾਲ ਰੋਟੀ ਖਾ ਕੇ ਦਿਨ ਗੁਜ਼ਾਰੇ ਹਨ ਪਰ ਸਮਾਜ ਸੇਵਾ ਛੱਡ ਕੇ ਵੱਡੀ ਤਨਖਾਹ ਵੱਲ ਭੱਜਣ ਦਾ ਯਤਨ ਨਹੀਂ ਕੀਤਾ। ਰਸਤਾ ਨਿਕਲ ਹੀ ਗਿਆ। ਲੋਕਾਂ ਨੇ ਥੈਲੀਆਂ ਨੂੰ ਸਵੀਕਾਰਦੇ ਹੋਏ ਆਪਣੇ ਮਕਾਨ ਬਣਾਏ। ਮੇਰੀ ਜਾਣਕਾਰੀ ਦੇ ਇਕ ਨੇਤਾ ਨੇ 48 ਹਜ਼ਾਰ ਦੀ ਪ੍ਰਾਇਮਰੀ ਨੋਟ ਲਿਖਕੇ ਦਿੱਤੀ ਸੀ ਅਤੇ ਜਦ ਲੋਕਾਂ ਨੇ ਉਸਨੂੰ ਲੱਖਾਂ ਰੁਪਈਆਂ ਦੀ ਥੈਲੀ ਅਰਪਣ ਕੀਤੀ ਤਾਂ ਉਸਨੇ ਕਰਜ਼ਾ ਚੁਕਾਇਆ। ਮੈਂ ਅਜਿਹਾ ਨਹੀਂ ਕਰਨਾ ਚਾਹੁੰਦਾ। ਮੈਂ ਆਪਣਾ ਪੇਟ ਖੁਦ ਪਾਲ ਕੇ ਸੇਵਾ ਕਰਨੀ ਸੀ, ਕੀਤੀ ਹੈ।

ਕੋਈ ਵੀ ਗਵਰਨਰ ਜਨਰਲ ਆਏ, ਮੇਰੀ ਉਸਦੇ ਨਾਲ ਦੋਸਤੀ ਹੁੰਦੀ ਸੀ ਪਰ ਮੈਂ ਕਿਸੇ ਦੇ ਕੋਲੋਂ ਭੀਖ ਨਹੀਂ ਮੰਗੀ ਕਿ ਮੈਨੂੰ ਕੁਝ ਬਣਾਓ ਜਾਂ ਅਹੁਦਾ ਦਿਓ। ਦੂਜਿਆਂ ਲਈ ਕੁਝ ਵੀ ਕੀਤਾ ਹੋਵੇਗਾ ਪਰ ਆਪਣੇ ਲਈ ਉਂਗਲੀ ਦੀ ਚਿੱਠੀ ਵੀ ਲਿਖੀ ਹੈ ਅਜਿਹਾ ਕੋਈ ਦੱਸੋ। ਐਗਜ਼ੀਕਿਊਟਿਵ ਕੌਂਸਲਰ ਬਣਨਾ ਚਾਹੁੰਦਾ ਹੈ। ਅਜਿਹੀ ਮੇਰੀ ਤੀਬਰ ਤਮੰਨਾ ਸੀ, ਉਹ ਪੂਰੀ ਹੋ ਗਈ ਹੈ। ਹੁਣ ਨਾ ਮੈਨੂੰ ਪੈਨਸ਼ਨ ਹੈ, ਨਾ ਤਨਖਾਹ ਅਤੇ ਨਾ ਹੀ ਕੋਈ ਪ੍ਰਾਈਵੇਟ ਫੰਡ ਹੈ, ਕੁਝ ਵੀ ਨਹੀਂ। ਇਕ ਵਾਰ ਅੰਗਰੇਜ਼ਾਂ ਦੇ ਰਾਜ ਵਿਚ ਕੌਂਸਲਰ ਬਣਿਆ, ਇਕ ਵਾਰ ਕਾਂਗਰਸ ਦੇ ਰਾਜ ਵਿਚ ਪਰ ਉਥੇ ਵੀ ਮੇਰਾ ਕਾਂਗਰਸ ਨਾਲ ਝਗੜਾ ਹੀ ਹੋਇਆ। ਮੈਂ ਜੱਜ ਬਣ ਸਕਦਾ ਸੀ। ਪਰ ਆਪਣੇ ਆਪ ਨੂੰ ਗੁਲਾਮ ਬਣਾ ਕੇ ਕੀ ਕਰ ਸਕਦਾ ਸਾਂ? ਮੇਰਾ ਕਹਿਣਾ ਇਹੀ ਹੈ ਕਿ ਲਾਚਾਰੀ ਨਹੀਂ ਹੋਣੀ ਚਾਹੀਦੀ। ਮੈਂ ਵੀ ਕੁਝ ਹਾਂ ਅਜਿਹਾ ਮੰਨਣਾ ਹੋਵੇਗਾ। ਮੈਂ ਪਰਮਾਤਮਾ ਨੂੰ ਵੀ ਘਟੱਬ ਮੰਨਦਾ ਹਾਂ, ਇੰਨਾ ਮੇਰਾ ਸਵੈਮਾਣ ਤੇਜਸਵੀ ਹੈ।

ਮੇਰਾ ਤੀਜਾ ਦੇਵਤਾ ਹੈ ਸ਼ੀਲ ਔਰ ਸੰਜਮ। ਮੈਂ ਆਪਣੇ ਜੀਵਨ ਵਿਚ ਕਦੀ ਸਿਗਰਟ ਨਹੀਂ ਪੀਤੀ, ਮੈਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਆਦਤ ਨਹੀਂ। ਕਿਤਾਬਾਂ ਅਤੇ ਕੱਪੜੇ ਕੇਵਲ ਉਹੀ ਦੋ ਚੀਜ਼ਾਂ ਪਿਆਰੀਆਂ ਹਨ। ਸੰਜਮ ਦਾ ਗੁਣ ਮੇਰੇ ਕੋਲ ਕਾਫੀ ਮਿਕਦਾਰ ਵਿਚ ਹੈ। ਇਹ ਦੱਸਦੇ ਹੋਏ ਮੈਨੂੰ ਮਾਣ ਹੁੰਦਾ ਹੈ। ਇਸ ਤਰ੍ਹਾਂ ਮੇਰੇ ਤਿੰਨ ਗੁਰੂ ਅਤੇ ਤਿੰਨ ਪੂਜਨੀਕ ਦੇਵਤੇ ਹਨ।

ਇਹਨਾਂ ਤੋਂ ਬਣਿਆ ਹੈ ਕਿ ਇਸ ਅਹੁਦੇ ਤੱਕ ਮੈਂ ਪਹੁੰਚ ਸਕਿਆ, ਕੇਵਲ ਇਨ੍ਹਾਂ ਦੀ ਹੀ ਸ਼ਕਤੀ ਦੇ ਕਾਰਨ, ਮੈਂ ਤਾਂ ਕੇਵਲ ਉਹਨਾਂ ਦਾ ਬਣਾਇਆ ਹੋਇਆ ਇਕ ਪੁਤਲਾ ਹਾਂ। ਇਸੇ ਲਈ ਉਹਨਾਂ ਦੇ ਪਿੱਛੇ ਲੱਗਾ। ਆਮ ਲੋਕਾਂ ਨੇ ਮੇਰਾ ਸਤਿਕਾਰ ਕੀਤਾ, ਉਹ ਇਕ ਵਿਅਕਤੀ ਲਈ ਨਹੀਂ ਹੈ, ਬਲਕਿ ਇਹਨਾਂ ਤਿੰਨਾਂ ਦੇਵਤਿਆਂ ਦੇ ਇਕ ਆਦਰਸ਼ ਦੇ ਰੂਪ ਵਿਚ ਰਿਣੀ ਹੋਣ ਲਈ ਕੀਤਾ ਗਿਆ ਹੈ। ਅਜਿਹਾ ਹੀ ਮੈਂ ਮੰਨਦਾ ਹਾਂ। ਇਸ ਲਈ ਇਹ ਥੈਲੀ (ਇਕ ਲੱਖ ਅਠਾਰਾਂ ਹਜ਼ਾਰ ਰੁਪਏ) ਸਵੀਕਾਰ ਕਰਦਾ ਹਾਂ।

1919 ਸਾਲ ਤੋਂ ਬਾਅਦ ਜਦੋਂ ਗਾਂਧੀ ਨੇ ਰਾਜਨੀਤੀ ਵਿਚ ਪ੍ਰਵੇਸ਼ ਕੀਤਾ ਹੈ, ਉਦੋਂ ਤੋਂ ਹੀ ਮੈਂ ਵੀ ਰਾਜਨੀਤੀ ਵਿਚ ਹਾਂ। ਫਿਰ ਵੀ ਉਹਨਾਂ ਦੀ ਅਤੇ ਮੇਰੀ ਕਦੀ ਨਹੀਂ ਬਣੀ। ਕਈ ਤਰ੍ਹਾਂ ਦੇ ਸੰਘਰਸ਼ ਅਸੀਂ ਲੋਕਾਂ ਨੇ ਕੀਤੇ। ਮਹਾਰ ਦੇ ਪਾਣੀ ਦਾ ਅੰਦੋਲਨ, ਨਾਸਿਕ ਵਿਚ ਕਾਲਾ ਰਾਮ ਮੰਦਰ ਪ੍ਰਵੇਸ਼ ਦਾ ਅੰਦੋਲਨ, ਕਈ ਤਰ੍ਹਾਂ ਦੇ ਅੰਦੋਲਨ ਪਰ ਕਿਸੇ ਨੇ ਵੀ ਕੋਈ ਹਮਦਰਦੀ ਨਹੀਂ ਦਿਖਾਈ, ਅਖ਼ਬਾਰਾਂ ਵਿਚ ਸਾਡੇ ਵਿਅੰਗ ਚਿੱਤਰ ਆਉਂਦੇ ਹਨ। ਪੱਤਰਕਾਰ ਵੀ ਆਉਂਦੇ ਹਨ। ਮੈਂ ਬਹਿਸ਼ਕ੍ਰਿਤ ਭਾਰਤ ਅਖ਼ਬਾਰ ਦਾ ਸੰਪਾਦਕ ਸਾਂ। 1919 ਤੋਂ ਲੈ ਕੇ 1942 ਤੱਕ ਮੈਂ ਸੰਪਾਦਕ ਰਿਹਾ। ਇਕ ਵਾਰੀ ਕੇਸਰੀ (ਪੂਨਾ ਤੋਂ ਪ੍ਰਕਾਸ਼ਿਤ ਹੋਣ ਵਾਲਾ ਤਿਲਕ ਦਾ ਅਖ਼ਬਾਰ) ਨੂੰ ਇਸ਼ਤਿਹਾਰ ਭੇਜਿਆ। ਉਸ ਦੇ ਨਾਲ ਹੀ ਵਿਗਿਆਪਨ ਦਾ ਬਿਲ ਤਿੰਨ ਰੁਪਈਆਂ ਦਾ ਮਨੀ ਆਰਡਰ ਵੀ ਕੀਤਾ ਪਰ ਉਹ ਵਾਪਸ ਆ ਗਿਆ ਕਿਉਂਕਿ ਉਸ ਵਿਚ ਜਗ੍ਹਾ ਨਹੀਂ ਸੀ। ਟਾਈਮਜ਼ ਆਫ ਇੰਡੀਆ ਨੂੰ ਫੋਨ ਕੀਤਾ, ਉਹਨਾਂ ਨੂੰ ਲੱਗਾ ਕਿ ਕਿਥੋਂ ਇਹ ਭਿਖਾਰੀ ਤਕਲੀਫ ਦੇਣ ਲੱਗ ਪਏ ਹਨ। ਉਹਨਾਂ ਦਾ ਵੀ ਜਵਾਬ ਨਹੀਂ ਆਇਆ ਅਤੇ ਸਾਰੇ ਪਿੱਛੇ ਪਏ ਹੋਏ ਹਨ ਕਿ ਰਿਪੋਰਟ ਭੇਜੋ। ਇਹ ਕਿਸ ਤਰ੍ਹਾਂ ਦੀ ਹਾਲਤ ਹੈ, ਕਿੰਨੇ ਉੱਚ ਪੱਧਰ ਤੇ ਸਾਡਾ ਅੰਦੋਲਨ ਗਿਆ ਹੈ।

ਮੈਂ ਅਸਲ ਵਿਚ ਮਹਾਰ ਲੋਕਾਂ ਦਾ ਰਿਣੀ ਹਾਂ। ਮਹਾਰ ਲੋਕਾਂ ਦੇ ਸਹਾਰੇ ਹੀ ਮੈਂ ਕੁਝ ਕਰ ਸਕਿਆ, ਇਹ ਮੇਰਾ 30 ਸਾਲ ਦਾ ਤਜਰਬਾ ਹੈ। ਮਹਾਰ ਸੂਰਮੇ ਹਨ, ਲੜ ਸਕਦੇ ਹਨ, ਤਿਆਗ ਕਰ ਸਕਦੇ ਹਨ। ਹੋਰ ਦੂਜੀ ਜਾਤ ਦੇ ਲੋਕ ਇਹ ਸਭ ਕੁਝ ਨਹੀਂ ਕਰ ਸਕਦੇ। ਮੇਰੀ ਨਜ਼ਰ ਵਿਚ ਮੇਰੇ ਉਤੇ ਉਹਨਾਂ ਦੇ ਬੇਅੰਤ ਉਪਕਾਰ ਹਨ। ਮੈਂ ਜਿੱਥੇ ਜਾਤੀਵਾਚਕ ਵਿਚਾਰ ਕਹਿ ਰਿਹਾ ਹਾਂ, ਅਜਿਹਾ ਮੇਰੇ ਤੇ ਦੋਸ਼ ਲਾ ਸਕਦਾ ਹੈ। ਲੇਕਿਨ ਮੈਂ ਇਸ ਜਾਤ ਵਿਚ ਜਨਮ ਲਿਆ ਹੈ ਮੈਨੂੰ ਇਸ ਤੇ ਮਾਣ ਹੈ। ਜਿਸ ਪੱਧਰ ਤੱਕ ਅਛੂਤ ਸਮਾਜ ਪਹੁੰਚ ਸਕਿਆ, ਇਸਦਾ ਬਹੁਤ ਸਾਰਾ ਯੋਗਦਾਨ ਤੁਹਾਨੂੰ ਹੈ। ਉਸ ਵਿਚ ਔਰਤਾਂ ਦਾ ਵੀ ਕਾਫੀ ਹਿੱਸਾ ਹੈ। 30 ਸਾਲ ਪਹਿਲਾਂ ਔਰਤਾਂ ਬਹੁਤ ਅਨਪੜ੍ਹ ਅਤੇ ਗੰਦੀਆਂ ਰਹਿੰਦੀਆਂ ਸਨ। ਅੱਜ ਦੀ ਹਾਲਤ ਅਜਿਹੀ ਨਹੀਂ ਹੈ ਪਰ ਅੱਜ ਵੀ ਅਸੀਂ ਚੋਟੀ ਤੱਕ ਨਹੀਂ ਪਹੁੰਚ ਸਕੇ ਹਾਂ, ਵਿਚ ਵਿਚਾਲੇ ਹਾਂ, ਉਪਰ ਚੜ੍ਹ ਰਹੇ ਹਾਂ। ਕਦੇ ਪੈਰ ਡਗਮਗਾ ਜਾਵੇਗਾ? ਦੱਸਿਆ ਨਹੀਂ ਜਾ ਸਕਦਾ। ਅਜੇ ਵੀ ਸੰਕਟ ਦੀ ਹਾਲਤ ਹੈ ਅਜਿਹਾ ਮੰਨਣਾ ਹੋਵੇਗਾ, ਮੈਂ ਨੇਤਾ ਕਿ ਤੂੰ ਨੇਤਾ ਇਹ ਝਗੜਾ ਹੁਣ ਮਿਟਾਉਣਾ ਹੋਵੇਗਾ। ਸਾਂਝੇ ਕੰਮ ਲਈ ਮਦਦ ਕਰੋ, ਹਜ਼ਾਰਾਂ ਤਰ੍ਹਾਂ ਦੀਆਂ ਸੰਸਥਾਵਾਂ ਦਾਨ ਧਰਮ ਕਰਕੇ ਆਪਣੀ ਜਾਤ ਦਾ ਉਥਾਨ ਕਰਦੀਆਂ ਹਨ।

ਕੰਕਣ ਸਬ ਬ੍ਰਾਹਮਣ, ਦੇਸ਼ ਸਬ ਬ੍ਰਾਹਮਣ, ਸਰਸਵਨ ਬ੍ਰਾਹਮਣ ਦੀਆਂ ਕਈ ਸੰਸਥਾਵਾਂ ਹਨ, ਉਹਨਾਂ ਨੇ ਆਪਣੀ ਜਾਤ ਦੇ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿਚ ਭੇਜਿਆ ਹੈ। ਉੱਚੇ ਅਹੁਦਿਆਂ ਦੇ ਸਥਾਨ ਉਹਨਾਂ ਨੂੰ ਪ੍ਰਾਪਤ ਕਰਾ ਦਿੱਤੇ ਹਨ। ਇਹਨਾਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਮਹੀਨੇ ਵਿਚ ਇਕ ਰੁਪਈਆ ਦੇਣ ਦਾ ਨਿਸ਼ਚਾ ਕੀਤਾ ਤਾਂ ਵੀ ਬਹੁਤ ਕੁਝ ਹੋ ਸਕਦਾ ਹੈ। ਮੇਰੇ ਹੁਣ ਕੇਵਲ ਅੱਠ ਤੋਂ ਕੀਤਾ ਹੈ ਜਾਂ ਨਹੀਂ ਇਹ ਗੱਲ ਮੈਨੂੰ ਆਪ ਲੋਕਾਂ ਨੂੰ ਨਿਰਣਾਇਕ ਰੂਪ ਵਿਚ ਦੱਸਣੀ ਹੈ।

ਦੱਬੇ ਕੁਚਲੇ ਅਤੇ ਲੁੱਟੇ ਜਾ ਰਹੇ ਲੋਕ ਆਪਣਾ ਇਕ ਅਲੱਗ ਵਿਸ਼ਾਲ ਸੰਗਠਨ ਕਾਇਮ ਕਰਨ। ਜੇ ਅਜਿਹਾ ਨਾ ਕੀਤਾ ਗਿਆ ਤਾਂ ਤਬਾਹੀ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ।


ਆਪਣੀ ਪਾਰਟੀ ਤੋਂ ਬਿਨਾਂ ਕਿਸੇ ਵੀ ਰਾਜਨੀਤਿਕ ਪਾਰਟੀ ਵਿਚ ਸ਼ਾਮਲ ਹੋਣ ਨਾਲ ਤੁਹਾਨੂੰ ਪਦਵੀ ਤਾਂ ਮਿਲ ਸਕਦੀ ਹੈ ਪਰ ਤਾਕਤ ਨਹੀਂ। ਲੋਕਤੰਤਰ ਨੂੰ ਸੁਰੱਖਿਅਤ ਰੱਖਣ ਲਈ ਜੋ ਸਲਾਹ ਜਾਨ ਸਟੂਅਰਟ ਮਿਲ ਕੇ ਦਿੱਤੀ ਸੀ, ਸਾਨੂੰ ਉਸਦਾ ਪਾਲਣ ਕਰਨਾ ਪਵੇਗਾ। ਮਿਲ ਕੇ ਕਿਹਾ ਸੀ, ''ਮਹਾਨ ਵਿਅਕਤੀ ਦੇ ਕਦਮਾਂ ਵਿਚ ਹੀ ਆਪਣੀ ਆਜ਼ਾਦੀ ਨਹੀਂ ਭੇਟਾ ਕਰਨੀ ਚਾਹੀਦੀ, ਨਾ ਹੀ ਉਸਨੂੰ ਅਜਿਹੇ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ। ਜਿਹਨਾਂ ਨਾਲ ਉਹਨਾਂ ਦੀਆਂ ਸੰਸਥਾਵਾਂ ਦੀ ਤਬਾਹੀ ਹੋ ਸਕੇ। ਮਹਾਨ ਵਿਅਕਤੀ ਦੇ ਪ੍ਰਤੀ ਧੰਨਵਾਦੀ ਹੋਣਾ ਕੋਈ ਮਾੜੀ ਗੱਲ ਨਹੀਂ ਹੈ।''

"ਜੇਕਰ ਤੁਹਾਨੂੰ ਕੋਈ ਆਪਣੇ ਮਹਿਲਾਂ ਵਿਚ ਬੁਲਾਉਂਦਾ ਹੈ ਤਾਂ ਤੁਸੀਂ ਖੁਸ਼ੀ ਨਾਲ ਜਾ ਸਕਦੇ ਹੋ, ਪਰ ਆਪਣੀ ਕੁੱਲੀ ਨੂੰ ਅੱਗ ਲਾ ਕੇ ਕਦੇ ਨਾ ਜਾਣਾ। ਕਿਸੇ ਦਿਨ ਰਾਜੇ ਨਾਲ ਤੁਹਾਡਾ ਝਗੜਾ ਹੋ ਗਿਆ ਅਤੇ ਉਸਨੇ ਤੁਹਾਨੂੰ ਬੇਇੱਜ਼ਤੀ ਕਰਕੇ ਮਹਿਲ ਤੋਂ ਕੱਢ ਦਿੱਤਾ ਤਾਂ ਕਿੱਥੇ ਰਹੋਗੇ? ਤੁਸੀਂ ਵਿਕਣਾ ਚਾਹੁੰਦੇ ਤਾਂ ਵਿਕ ਜਾਵੋ ਪਰ ਆਪਣੇ ਸੰਗਠਨ ਨੂੰ ਬਰਬਾਦ ਮੱਤ ਕਰਨਾ। ਮੈਨੂੰ ਦੂਸਰਿਆਂ ਤੋਂ ਖਤਰਾ ਨਹੀਂ ਹੈ, ਮੈਨੂੰ ਆਪਣਿਆਂ ਤੋਂ ਵੱਧ ਖਤਰਾ ਹੈ।'' "ਇਕ ਮਨੁੱਖ ਲਈ, ਇਕ ਯੁੱਗ ਅੰਦਰ ਜੋ ਸੰਭਵ ਹੈ ਉਹ ਸਭ ਕੁਝ ਮੈਂ ਤੁਹਾਡੇ ਲਈ ਕੀਤਾ। ਕੁਝ ਗੱਲਾਂ ਵਿਚ ਮੈਂ ਸਫਲ ਹੋ ਸਕਿਆ, ਕੁਝ ਵਿਚ ਨਹੀਂ। ਹੁਣ ਕੇਵਲ ਮੇਰੀ ਜੈ ਜੈ ਕਾਰ ਕਰਨ ਵਿਚ ਕੁਝ ਨਹੀਂ ਹੋਵੇਗਾ। ਜੋ ਗੱਲ ਮੇਰੀ ਤੋਂ ਮਹੱਤਵਪੂਰਨ ਹੈ ਉਸਨੂੰ ਪੂਰਾ ਕਰਨ ਲਈ ਆਪਣੀ ਜਾਨ ਦੀ ਬਾਜੀ ਲਗਾ ਦਿਓ।''

ਬੁੱਧੀਜੀਵੀ ਵਰਗ ਉਹ ਹੈ ਜੋ ਦੂਰਦਰਸ਼ੀ ਹੁੰਦਾ ਹੈ, ਸਲਾਹ ਦੇ ਸਕਦਾ ਹੈ ਅਤੇ ਸੇਧ ਪ੍ਰਦਾਨ ਕਰ ਸਕਦਾ ਹੈ। ਕਿਸੇ ਵੀ ਦੇਸ਼ ਦੀ ਬਹੁਤ ਜਨਤਾ ਵਿਚਾਰਸ਼ੀਲ ਜਾਂ ਕਿਰਿਆਸ਼ੀਲ ਜੀਵਨ ਬਤੀਤ ਨਹੀਂ ਕਰਦੀ। ਅਜਿਹੇ ਨੇਕ ਲੋਕ ਬੁੱਧੀਜੀਵੀ ਵਰਗ ਦਾ ਅਨੁਕਰਣ ਅਤੇ ਅਨੁਗਮਨ ਕਰਦੇ ਹਨ। ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੋਵੇਗੀ ਕਿ ਦੇਸ਼ ਦਾ ਸੰਪੂਰਨ ਭਵਿੱਖ ਉਸਦੇ ਬੁੱਧੀਜੀਵੀ ਵਰਗ ਤੇ ਨਿਰਭਰ ਹੁੰਦਾ ਹੈ। ਜੇ ਬੁੱਧੀਜੀਵੀ ਵਰਗ ਆਜ਼ਾਦ ਅਤੇ ਨਿਰਪੱਖ ਹੈ ਤਾਂ ਉਸ ਤੇ ਭਰੋਸਾ ਕੀਤਾ ਜਾ ਸਕਦਾ ਹੈ ਕਿ ਸੰਕਟ ਦੀ ਘੜੀ ਵਿਚ ਉਹ ਪਹਿਲ ਕਰੇਗਾ ਅਤੇ ਉਚਿਤ ਲੀਡਰੀ ਪ੍ਰਦਾਨ ਕਰੇਗਾ। ਇਹ ਠੀਕ ਹੈ ਕਿ ਵਿਦਵਤਾ ਦੇ ਕੋਈ ਆਪਣੇ ਗੁਣ ਨਹੀਂ ਹੁੰਦੇ, ਇਹ ਕੇਵਲ ਸਾਧਨ ਹੈ ਅਤੇ ਸਾਧਨ ਦਾ ਪ੍ਰਯੋਗ ਉਸ ਟੀਚੇ ਤੇ ਨਿਰਭਰ ਕਰਦਾ ਹੈ, ਜਿਹੜਾ ਇਕ ਬੁੱਧੀਮਾਨ ਵਿਅਕਤੀ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਬੁੱਧੀਮਾਨ ਵਿਅਕਤੀ ਭਲਾ ਹੋ ਸਕਦਾ ਹੈ, ਲੇਕਿਨ ਨਾਲ ਹੀ ਦੁਸ਼ਟ ਵੀ ਹੋ ਸਕਦਾ ਹੈ। ਉਸੇ ਪ੍ਰਕਾਰ ਬੁੱਧੀਜੀਵੀ ਵਰਗ ਉੱਚ ਵਿਚਾਰਾਂ ਵਾਲੇ ਵਿਅਕਤੀਆਂ ਦਾ ਇਕ ਦਲ ਹੋ ਸਕਦਾ ਹੈ, ਜੋ ਮਦਦ ਕਰਨ ਲਈ ਤਿਆਰ ਰਹਿੰਦਾ ਹੈ ਅਤੇ ਕੁਰਾਹੇ ਪਏ ਲੋਕਾਂ ਨੂੰ ਸਿੱਧੇ ਰਾਹ ਤੇ ਲਿਆਉਣ ਲਈ ਤਿਆਰ ਰਹਿੰਦਾ ਹੈ।

"ਸਾਡੇ ਸਮਾਜ ਵਿਚ ਸਿੱਖਿਆ ਦਾ ਕੁਝ ਵਿਕਾਸ ਹੋਇਆ ਹੈ। ਸਿੱਖਿਆ ਪ੍ਰਾਪਤ ਕਰਕੇ ਲੋਕ ਉੱਚੇ ਅਹੁਦਿਆਂ ਤੇ ਬਿਰਾਜਮਾਨ ਹੋ ਗਏ ਹਨ। ਮੈਨੂੰ ਮੇਰੇ ਸਮਾਜ ਦੇ ਪੜ੍ਹੇ ਲਿਖੇ ਲੋਕਾਂ ਨੇ ਬਹੁਤ ਧੋਖਾ ਦਿੱਤਾ ਹੈ। ਇਹਨਾਂ ਲੋਕਾਂ ਤੋਂ ਉਮੀਦ ਸੀ ਕਿ ਸਿੱਖਿਆ ਪ੍ਰਾਪਤ ਕਰਕੇ ਆਪਣੇ ਸਮਾਜ ਦੀ ਸੇਵਾ ਕਰਨਗੇ, ਪਰ ਮੈਂ ਦੇਖਦਾ ਹਾਂ ਕਿ ਛੋਟੇ ਵੱਡੇ ਕਲਰਕਾਂ ਦੀ ਭੀੜ ਇਕੱਠੀ ਹੋ ਗਈ ਹੈ। ਜੋ ਆਪਣਾ ਪੇਟ ਪਾਲਣ ਵਿਚ ਲੱਗੇ ਹੋਏ ਹਨ। ਜੋ ਲੋਕ ਸਰਕਾਰੀ ਨੌਕਰੀ ਵਿਚ ਲੱਗੇ ਹੋਏ ਹਨ, ਉਹਨਾਂ ਦਾ ਫਰਜ਼ ਬਣਦਾ ਹੈ ਕਿ ਸਮਾਜਿਕ ਉਥਾਨ ਲਈ ਆਪਣੀ ਕਮਾਈ 20 ਵਾਂ ਭਾਗ ਆਪਣੀ ਮਰਜ਼ੀ ਨਾਲ ਦਾਨ ਕਰਦੇ ਰਹਿਣ। ਤਾਂ ਹੀ ਸਮਾਜ ਦਾ ਵਿਕਾਸ ਹੋਵੇਗਾ, ਨਹੀਂ ਤਾਂ ਇਕ ਹੀ ਪਰਿਵਾਰ ਸੁਖੀ ਹੋਵੇਗਾ, ਜੇ ਲੜਕਾ ਪਿੰਡ ਵਿਚ ਪੜ੍ਹਦਾ ਹੈ।

# ਗੁਰਦਾਸ ਰਾਮ ਆਲਮ ਦੀਆਂ ਕੁਝ ਚੋਣਵੀਆਂ ਰਚਨਾਵਾਂ




ਗੁਰਦਾਸ ਰਾਮ ਆਲਮ

## ਧੰਨਾ ਭਗਤ

ਧੰਨਾ ਚੁੱਕ ਕੇ ਠਾਕਰ ਘਨੇੜਿਆਂ ਤੇ,
ਜਦੋਂ ਖੁਸ਼ੀ ਅੰਦਰ ਆਪਣੇ ਘਰ ਆਇਆ।
ਸਾਰੇ ਗਲੀ, ਮਹੱਲੇ 'ਚ ਖਿੰਡੀ ਚਰਚਾ,
ਆਂਢ ਗੁਆਂਢ ਵੇਖਣ ਉਹਦੇ ਦਰ ਆਇਆ।
ਧੰਨੇ ਕਿਹਾ ਘਰ ਵਾਲੀ ਨੂੰ ਤੇਲ ਚੋ ਕੇ,
ਗੁੜ ਵੰਡ ਅੱਜ ਆਪਣੇ ਹਰਿ ਆਇਆ।
ਕਿਸੇ ਪਿਛਲੇ ਯੁੱਗ ਦਾ ਦਿੱਤਾ ਹੋਇਆ,
ਵਾਰ ਅੱਜ ਦੇ ਕਮਲੀਏ ਵਰ ਆਇਆ।
ਨਹੀਂ ਤੇ ਪੰਡਤ ਨਾ ਕਿਸੇ ਦੇ ਆਉਣ ਕਾਬੂ,
ਖ਼ਬਰੇ ਕਿਵੇਂ ਤਰਲੋਚਨ ਨੂੰ ਫਾਹ ਲਿਆ ਮੈਂ।
ਮੇਰਾ ਈ ਕੰਮ ਸੀ ਡਾਂਗ ਦਾ ਜ਼ੋਰ ਦੇ ਕੇ,
ਵੱਟੇ ਗਊ ਦੇ 'ਠਾਕਰ ਵਟਾ ਲਿਆ' ਮੈਂ।
ਹੁਣ ਤੂੰ ਸਮਝ ਕੰਗਾਲੀ ਨਹੀਂ ਰਹਿਣ ਲੱਗੀ,
ਦੋ ਹਲ ਚੇਤ ਨੂੰ ਆਪਾਂ ਬਣਾ ਲਵਾਂਗੇ।
ਘਟ ਜਾਊ ਗੁਤਾਵੇ ਦਾ ਕੰਮ ਤੇਰਾ,
ਨਾਲੇ ਕੁੜੀ ਤੇ ਮੁੰਡਾ ਪੜ੍ਹਾ ਲਵਾਂਗੇ।
ਜ਼ਿਮੀ ਥੋੜੀ ਏ, ਏ ਦਾ ਫਿਕਰ ਕੋਈ ਨਹੀਂ,
ਲੈ ਕੇ ਭੌਲੀ ਤੇ ਮਾਮਲੇ ਵਾਹ ਲਵਾਂਗੇ।
ਠਾਕਰ ਗਊਆਂ ਤੇ ਵਹਿੜਕੇ ਪਰਖ ਲੈਂਦਾ,
ਅਟਕਲ ਖੇਤੀ ਦੀ ਆਪਾਂ ਸਿਖਾ ਲਵਾਂਗੇ।
ਬਹੁਤ ਖਰਚ ਖੇਚਲ ਅਹਿਦ ਹੈ ਕੋਈ ਨਹੀਂ,
ਸੌਣ ਲੱਗਿਆਂ ਸੰਖ ਵਜਾ ਛੱਡਣਾ।
ਸੁਬ੍ਹਾ ਸੱਜਰੇ ਪਾਣੀ ਦੇ ਮਾਰ ਛਿੱਟੇ,
ਐਵੇਂ ਮਾੜਾ ਜਿਹਾ ਧੂਪ ਧੁਖਾ ਛੱਡਣਾ।
ਆਈ ਨੀਂਦ ਨਾ ਜੱਟੀ ਨੂੰ ਖੁਸ਼ੀ ਅੰਦਰ,
ਤੜਕੇ ਸੇਵਾ ਅਲਖ ਦੀ ਲੱਖ ਦਿੱਤੀ।
ਨ੍ਹਾਤੀ ਆਪ ਨ੍ਹਵ੍ਹਾਲਿਆ ਠਾਕਰਾਂ ਨੂੰ,
ਪੋਚਾ ਫੇਰ ਸਮੱਗਰੀ ਰੱਖ ਦਿੱਤੀ।
ਆਪਣੇ ਪ੍ਰਭੂ ਨੂੰ ਭੋਗ ਲਵੌਣ ਖਾਤਰ,
ਦਹੀਂ ਵੱਖ ਦਿੱਤਾ, ਲੱਸੀ ਵੱਖ ਦਿੱਤੀ।
ਗੁੜ, ਗੰਢੇ, ਆਚਾਰ ਦੇ ਲਾਜ਼ਮੇ ਨਾਲ,
ਅੱਗੇ ਰੋਟੀ ਮਕੱਈ ਦੀ ਰੱਖ ਦਿੱਤੀ।
ਤੂੰ ਭੀ ਸਾਡੀ ਗਰੀਬ ਨੂੰ ਜਾਣਦਾ ਏਂ,
ਹੱਥ ਜੋੜ ਕੇ ਆਖਿਆ, 'ਆਉ ਸੁਆਮੀ।'
ਦਿਲੋਂ ਸਾਡੇ ਅਕੀਦੇ 'ਚ ਫਰਕ ਕੋਈ ਨਹੀਂ,
ਇਹੋ ਕੁਝ ਸਰਦਾ ਭੋਗ ਲਾਉ ਸੁਆਮੀ।
ਓਧਰ ਜੋੜਿਆ ਧੰਨੇ ਨੇ ਖੂਹ ਜਾ ਕੇ,
ਏਦਾਂ ਖੁਸ਼ੀ ਵਿਚ ਖਿਆਲ ਬਣਾਉਂਦਾ ਰਿਹਾ।
ਕੱਲ੍ਹ ਤੋਂ ਸਾਂਭ ਲਊ ਅੱਧ ਦਾ ਕੰਮ ਆਪੇ,
ਪੰਡਤ ਵਿਹਲੇ ਨੂੰ ਤਾਂ ਨਹੀਂ ਖਲਾਉਂਦਾ ਰਿਹਾ।
ਠਾਕਰ ਖੂਹ ਵਾਹਕੇ, ਪੱਠੇ ਵੱਢ ਲਊਗਾ,
ਹਲ਼ ਮੈਂ ਆਪ ਵਾਹ ਲਊਂ ਵਿਉਂਤਾਂ ਪਾਉਂਦਾ ਰਿਹਾ।
ਲੈ ਕੇ ਸੁਬ੍ਹਾ ਤੋਂ ਸ਼ਾਮ ਤੱਕ ਕਲਪਨਾ ਦੇ,
ਕਿਲ੍ਹੇ ਕਈ ਉਸਾਰਦਾ ਢਾਉਂਦਾ ਰਿਹਾ।
ਸ਼ਾਮੀ ਘਰ ਗਿਆ ਜੱਟੀ ਨੇ ਕਿਹਾ ਖਿਝ ਕੇ,
ਲੁੱਟੇ ਗਏ ਹਾਂ ਕਾਲਜਾ ਡੋਲਦਾ ਏ।
ਚੰਗਾ! ਚੁੱਕ ਲਿਆਂਦਾ ਪੱਥਰ ਜਿਹਾ ਠਾਕਰ,
ਨਾ ਕੁਝ ਖਾਂਦਾ ਪੀਂਦਾ ਨਾ ਕੁਝ ਬੋਲਦਾ ਏ।
ਧੰਨੇ ਆਖਿਆ 'ਇਹਨੂੰ ਕੁਝ ਕਿਹਾ ਤੇ ਨਹੀਂ,
ਝੱਲੀਏ ਠਾਕਰ ਪਰਾਹੁਣਾ ਅਮੀਰ ਦਾ ਏ।
ਮੱਕੀ ਖਾਣ ਸਹਿਜੇ ਸਹਿਜੇ ਲੱਗ ਜਾਊਗਾ,
ਗਿੱਝਾ ਹੋਇਆ ਕੜਾਹ ਤੇ ਖੀਰ ਦਾ ਏ।
ਜੱਟੀ ਕਿਹਾ, 'ਇਹ ਬੋਲ ਕੇ ਦੱਸ ਦਿੰਦਾ,
ਇਹਨੂੰ ਗਿਲਾ ਜੋ ਸਾਡੀ ਤਕਸੀਰ ਦਾ ਏ।
ਮਾਸਾ ਟੁੱਕ ਨਹੀਂ ਏਸ ਨੇ ਮੂੰਹ ਪਾਇਆ,
ਪੀਤਾ ਘੁੱਟ ਨਹੀਂ ਏਸ ਨੇ ਨੀਰ ਦਾ ਏ।
ਸਾਡੇ ਘਰੋਂ ਤਾਂ ਇਸ ਤਰ੍ਹਾਂ ਸੰਗਦਾ ਏ,
ਜਿੱਦਾਂ ਕਦੇ ਮਕਾਨਾਂ 'ਚ ਰਿਹਾ ਨਹੀਂ ਇਹ।
ਭਲਾ ਰੋਟੀ ਦੀ ਭੁੱਖ ਤੇ ਨਾ ਹੋਊਗੀ,
ਬਾਹਰ ਅੰਦਰ ਭੀ ਕੱਲ੍ਹ ਦਾ ਗਿਆ ਨਹੀਂ ਇਹ।'
ਧੰਨਾ ਜੱਟੀ ਨੂੰ ਪੁੱਛਦਾ ਪਰ੍ਹਾਂ ਕਰਕੇ,

ਤੂੰ ਓਦਾਂ ਆਪਣਾ ਫਰਜ਼ ਪੁਗਾਇਆ ਕਿ ਨਹੀਂ?
ਆਦਤ ਪਾਈ ਹੋਈ ਪਾਂਧਿਆਂ, ਪੰਡਤਾਂ ਦੀ,
ਤੜਕੇ ਉੱਠ ਕੇ ਇਹਨੂੰ ਨਲ੍ਹਾਇਆ ਕਿ ਨਹੀਂ।
ਸੇਵਾ ਵੱਲੋਂ ਤੂੰ ਬੇਪਰਵਾਹ ਭੀ ਏਂ,
ਪਹਿਲਾਂ ਸੁੱਚੇ ਮੂੰਹ ਭੋਗ ਲਵਾਇਆ ਕਿ ਨਹੀਂ?
ਹਵਨ, ਧੂਪ ਕਰ, ਜੋੜ ਕੇ ਹੱਥ ਨਾਲੇ
ਮੇਰਾ ਆਰਤਾ ਪੜ੍ਹਕੇ ਸੁਣਾਇਆ ਕਿ ਨਹੀਂ?
ਉਤੇ ਸੁੱਟ ਕੇ ਸਰ੍ਹੋਂ ਦੇ ਫੁੱਲ ਭੋਰਾ
ਓਮ ਓਮ ਕਹਿਕੇ ਟੱਲ ਖੜਕਾ ਦਿੰਦੀ।
ਭਗਵਾਨ ਭੁੱਖਾ ਤੇ ਹੁੰਦਾ ਹੈ ਭਾਵਨਾ ਦਾ,
ਟੁੱਕਰ ਦੇ ਕੇ ਡੰਗਰ ਹਕਾ ਦਿੰਦੀ।
ਕਿਹਾ ਜੱਟੀ ਨੇ ਧੰਨੇ ਨੂੰ ਤੰਗ ਆ ਕੇ,
'ਜੇ ਮੈਥੋਂ ਰੁੱਸ ਗਿਆ ਤੁਸੀਂ ਮਨਾਉ ਤਾਂ ਸਹੀ।
ਜਿਹੜਾ ਢੰਗ ਪੰਡਤ ਕੋਲੋਂ ਸਿੱਖ ਆਏ,
ਏਹਨੂੰ ਰਮਜ਼ ਦੇ ਨਾਲ ਸਮਝਾਉ ਤਾਂ ਸਹੀ।
ਢਿੱਡੋਂ ਭੁੱਖੇ ਕੰਮ ਸੁਆਹ ਕਰਨਾ,
ਪਹਿਲਾਂ ਕੁਝ ਨਾ ਕੁਝ ਖੁਆਉ ਤਾਂ ਸਹੀ।
ਹੁਣ ਕੋਈ ਓਪਰਾ ਕਾਹਤੋਂ ਸਗੁੰਚਦਾ ਏ,
ਮੇਰੇ ਸਾਹਮਣੇ ਜ਼ਰਾ ਬੁਲਾਓ ਤਾਂ ਸਹੀ।
ਸ਼ਗਨ ਮਗਨ ਸੇਵਾ ਟਹਿਲ ਕਰਦਿਆਂ ਭੀ,
ਮੇਰੀ ਮੱਤ ਇਹ ਕੱਲ੍ਹ ਦਾ ਮਾਰ ਬੈਠਾ।
ਨੱਚਣ ਗੌਣ ਦਾ ਕਹਿੰਦੇ ਸ਼ੌਕੀਨ ਸੀ ਇਹ,
ਅੱਜ ਤੇ ਚੁੱਪ ਜਹਾਨ ਦੀ ਧਾਰ ਬੈਠਾ।
ਹੱਥ ਜੋੜਕੇ ਧੰਨੇ ਨੇ ਕਿਹਾ, 'ਠਾਕਰ',
(ਜੇ) ਜੱਟੀ ਜਾਹਲ ਆ ਆਪ ਸਮਝਾ ਲਿਆ ਕਰ।
ਦਿਲ ਦੀ ਮਾੜੀ ਨਹੀਂ ਗੁਰਬਤ ਦੀ ਭੰਨੀ ਹੋਈ ਏ,
ਗੰਨੇ ਚੂਪਕੇ, ਦਾਣੇ ਭੁਨਾ ਲਿਆ ਕਰ।
ਮੱਖਣ, ਪੇੜੇ, ਪਤਾਸੇ ਨਹੀਂ ਦੇਣ ਜੋਗੇ,
ਇਹ ਭੀ ਮੇਵਾ ਏ ਸਾਗ ਬਣਵਾ ਲਿਆ ਕਰ।
ਮਿਲੂ ਕਣਕ ਵਿਸਾਖੀ ਤੋਂ ਬਾਅਦ ਤੈਨੂੰ,
ਹਾਲੇ ਰੋਟੀ ਜੁਆਰ ਦੀ ਖਾ ਲਿਆ ਕਰ।
ਭੱਜ ਜਾਏਂ ਜੋ ਭੁੱਖ ਦਾ ਪੱਜ ਲਾ ਕੇ,
ਤੇਰਾ ਫੰਧ ਉਹ ਏਸ ਥਾਂ ਚੱਲਣਾ ਨਹੀਂ।
ਭੁੱਖਾ ਮਰ ਜਾਵੇਂਗਾ, ਸਾਡਾ ਹਰਜ ਕੋਈ ਨਹੀਂ,
ਪੱਤੇ-ਬਾਜ਼ੀਆਂ ਨਾਲ ਮੈਂ ਘੱਲਣਾ ਨਹੀਂ।
ਦੂਜੇ ਬੰਨਿਉਂ ਆਈ ਆਵਾਜ਼ ਕੋਈ ਨਾ,
ਧੰਨਾ ਆਪ ਕੱਲਾ ਸਿਰ ਖਪਾਉਂਦਾ ਰਿਹਾ।
ਮੱਥਾ ਰਗੜਦਾ, ਜੋੜਕੇ ਹੱਥ ਦੋਵੇਂ,
ਹਾੜੇ ਕੱਢਦਾ, ਵਾਸਤੇ ਪਾਉਂਦਾ ਰਿਹਾ।
ਏਸੇ ਤਰ੍ਹਾਂ ਕਰੀਠਣੇ ਕਰ ਕਰ ਕੇ,
ਰੁੱਸੇ ਰੱਬ ਨੂੰ ਰਾਤ ਮਨਾਉਂਦਾ ਰਿਹਾ।
ਛੇਕੜ ਕਰੋਧ ਵਿਚ ਜੱਟ ਨੇ ਸਲੰਘ ਚੁੱਕ ਲਈ,
ਮਿੰਨਤਾਂ, ਤਰਲੇ ਜਾਂ ਪ੍ਰਭੂ ਟਕਰਾਉਂਦਾ ਰਿਹਾ।
ਜੇ ਅੰਨ- ਜਲ ਨਹੀਂ ਖਾਣਾ, ਮੂੰਹੋਂ ਬੋਲਣਾ ਨਹੀਂ,
ਤਦ ਮੈਂ ਸਲੰਘ ਨਾਲ ਨਸ਼ਾ ਉਤਾਰ ਦੇਣਾ।
ਕੁੜੀ, ਮੁੰਡਾ, ਪਤਨੀ ਤੇਰੀ ਭੇਟ ਕਰਕੇ,
ਆਪ ਮਰ ਜਾਣਾ, ਤੈਨੂੰ ਮਾਰ ਦੇਣਾ।
ਡੋਲੀ ਦੁਆਰਕਾ ਧੰਨੇ ਦੀ ਟੇਰ ਸੁਣ ਕੇ,
ਛੱਡ ਕੇ ਬੰਸਰੀ ਵਾਲਾ ਦਰਗਾਹ ਆਇਆ।
ਪੈਜ ਭਗਤ ਦੀ ਜੁਗੋ ਜੁਗ ਰਖਣੇ ਲਈ,
ਜੱਟ ਦੀ ਅੜੀ ਉਤੇ ਸਿਫਤ-ਸਲਾਹ ਆਇਆ।
ਧੰਨੇ ਕੁੱਲ ਜਹਾਨ ਨੂੰ ਲੈਣ ਵਾਲਾ,
ਤਾਰਨ ਧੰਨੇ ਨੂੰ ਅੱਜ ਮਲਾਹ ਆਇਆ।
ਹੋਏ ਪੱਥਰ 'ਚੋਂ ਪ੍ਰਭੂ ਦੇ ਪੈਰ ਪਰਗਟ,
ਏਧਰ ਧੰਨੇ ਦੇ ਸਾਹ ਵਿਚ ਸਾਹ ਆਇਆ।
ਮੋਰ ਮੁਕਟ ਵਾਲਾ ਮੂੰਹੋਂ ਕਹਿਣ ਲੱਗਾ,
'ਆਲਮ' ਅੜੀ ਨਾ ਏਨੀ ਵਖਾਲਿਆ ਕਰ।
ਜੇ ਤੂੰ ਮੇਰਾ, ਮੈਂ ਹੋ ਗਿਆ ਅੱਜ ਤੇਰਾ,
ਜਿਹੜਾ ਖੁਸ਼ੀ ਏ ਕੰਮ ਕਰਵਾ ਲਿਆ ਕਰ।

## ਪਤਨੀ ਦਾ ਗਿਲਾ

ਸੁਣ! ਮਰਦਾਨਿਆਂ, ਦੱਸਾਂ ਮੈਂ ਗੱਲ ਉਹਦੀ,
ਤੂੰ ਵੀ ਵਾਰ ਗੌਨਾਂ ਜਿਹਦੇ ਜੱਸ ਦੀ ਏ।
ਉਹਦੇ ਨਾਲ ਸੰਜੋਗਾਂ ਨੇ ਬੰਨ੍ਹ ਦਿੱਤੀ,
ਸਾਰੀ ਜ਼ਿੰਦਗੀ ਮੇਰੀ ਬੇਵੱਸ ਦੀ ਏ।
ਨਾ ਕੋਈ ਪੇਕਿਆਂ ਵੱਲੋਂ ਹੈ ਦੁੱਖ ਮੈਨੂੰ,
ਨਾ ਸ਼ਿਕਾਇਤ ਕੋਈ ਸਹੁਰੇ ਤੇ ਸੱਸ ਦੀ ਏ।
ਇਕੋ ਗਿਲਾ ਉਸ ਬੇਪ੍ਰਵਾਹ ਉਤੇ,
ਜਿਹਦੇ ਖਾਨੇ 'ਚ ਗੱਲ ਨਾ ਫਸ ਦੀ ਏ।
ਉਹਦੀਆਂ ਆਦਤਾਂ ਅਤੇ ਸੁਭਾ ਤੱਕ ਕੇ,
ਹਰ ਇਕ ਤੀਵੀਂ ਤਲਵੰਡੀ ਦੀ ਹੱਸਦੀ ਏ।
ਉਹ ਘਰ ਤੋਂ ਨਿਕਲਕੇ ਬਾਹਰ ਨੂੰ ਨੱਸਦਾ ਏ,
ਖਲਕਤ ਬਾਹਰ ਤੋਂ ਘਰਾਂ ਨੂੰ ਨੱਸਦੀ ਏ। (1)

ਦੂਜੀ ਗੱਲ ਕਿ ਬੜਾ ਨਿਰਮੋਹ ਹੈ ਉਹ,
ਨਾ ਕੋਈ ਤਰਸ ਤੇ ਨਾ ਕੋਈ ਵਿਚਾਰ ਉਹਨੂੰ।
ਮਾਂ, ਪਿਉ, ਭੈਣ ਤੇ ਇਸਤਰੀ, ਬੱਚਿਆਂ 'ਚੋਂ,
ਕਿਸੇ ਜੀ ਨਾਲ ਨਹੀਂ ਪਿਆਰ ਉਹਨੂੰ।
ਵੱਸਦੇ ਹੋਰ ਪਰਿਵਾਰਾਂ ਨੂੰ ਵੇਖਕੇ ਵੀ,
ਚੇਤੇ ਆਇਆ ਨਹੀਂ ਕਦੀ ਪ੍ਰਵਾਰ ਉਹਨੂੰ।
ਸਿਫਤਾਂ ਹੋਰ ਭਾਵੇਂ ਲੱਖਾਂ ਹੋਣਗੀਆਂ,
ਗ੍ਰਹਿਸਤੀ ਜੀਵਨ ਦੀ ਭੋਰਾ ਨਹੀਂ ਸਾਰ ਉਹਨੂੰ।
ਕੱਠੇ ਉਮਰ ਭਰ ਰਹਿਣ ਦਾ ਬਚਨ ਦੇ ਕੇ,
ਹੁਣ ਉਹ ਪਲ ਭਰ ਕੋਲ ਨਹੀਂ ਬਹਿਣ ਦਿੰਦਾ।
ਮਾਇਆ ਮੋਹ ਦੇ ਜਾਲ ਵੀ ਪਾ ਚੁੱਕੀ,
ਪਰ ਉਹ ਪੈਰਾਂ ਤੇ ਪਾਣੀ ਨਹੀਂ ਪੈਣ ਦਿੰਦਾ। (2)

ਜੇਕਰ ਤੂੰ ਸਮਝਾਵੇਂ ਤਾਂ ਸਮਝ ਸਕਦਾ,
ਬਈ ਕਿੰਦਾਂ ਘਰਾਂ ਵਿਚ ਵੱਸਣਾ ਚਾਹੀਦਾ ਏ।
ਤੇਰੇ ਕਹੇ ਦਾ ਰੰਜ ਵੀ ਨਹੀਂ ਕਰਨਾ,
ਦੇ ਕੇ ਜ਼ੋਰ ਗੁੱਸਣਾ ਚਾਹੀਦਾ ਏ।
ਉਸ ਤੋਂ ਬਿਨਾਂ ਮੇਰਾ ਏਥੇ ਹੋਰ ਕਿਹੜਾ,
ਤੈਨੂੰ ਇਹ ਵੀ ਤੇ ਦੱਸਣਾ ਚਾਹੀਦਾ ਏ।
ਪਰ ਉਹ ਤੇ ਮੰਦਰ, ਮਸੀਤ, ਫਕੀਰ ਲੱਭਕੇ,
ਭੁੱਖਣ ਭਾਣਾ ਰਬਾਬ ਵਜਾਉਂਦਾ ਰਹਿੰਦਾ।
ਜਾਂ ਤੈਨੂੰ ਨਾਲ ਲੈ ਕੇ ਟੱਪਰੀਵਾਸ ਵਾਂਗੂੰ,
ਧਰਤੀ ਦੇਸ਼ ਪ੍ਰਦੇਸ਼ ਦੀ ਗਾਹੁੰਦਾ ਰਹਿੰਦਾ। (3)

ਘਰ ਵਿਚ ਬੈਠ ਉਸ ਕਦੇ ਵੀ ਨਹੀਂ ਕੀਤੀ,
ਨਾ ਕੋਈ ਮੇਰੀ, ਨਾ ਮੇਰੀ ਔਲਾਦ ਦੀ ਗੱਲ।
ਕਦੇ ਘੋੜੀਆਂ ਚੀਨ ਦੀਆਂ ਛੇੜ ਬਹਿੰਦਾ,
ਕਦੇ ਛੇੜ ਦਾ ਮੱਕੇ ਬਗਦਾਦ ਦੀ ਗੱਲ।
ਕਦੇ ਕੋਸਦਾ ਮੁੱਲਾਂ ਤੇ ਪੰਡਤਾਂ ਨੂੰ,
ਕਦੇ ਕਰਦਾ ਏ ਜਗਤ ਇਤਹਾਦ ਦੀ ਗੱਲ।
ਕਦੇ ਆਤਮਾ ਕਦੇ ਪ੍ਰਮਾਤਮਾ ਦੀ,
ਕਦੇ ਕੀਤੀ ਨਹੀਂ ਕੋਈ ਸੁਆਦ ਦੀ ਗੱਲ।
ਸੱਚੀ ਪੁੱਛੇਂ ਤਾਂ ਇਸ ਘਰ ਪੈਰ ਪਾ ਕੇ,
ਆਪਣੇ ਆਪ ਨੂੰ ਦੁੱਖਾਂ ਵਿਚ ਪਾ ਲਿਆ ਮੈਂ।
ਮੇਰੀ ਭੁੱਲ ਤੇ ਮੇਰਾ ਗੁਨਾਹ ਕੀ ਏ,
ਜੇ ਤੇਰੇ ਮਿੱਤਰ ਨਾਲ ਵਿਆਹ ਕਰਵਾ ਲਿਆ ਮੈਂ। (4)

ਤੁਰਨ ਲੱਗੀ ਨੂੰ ਕਹਿੰਦੀ ਸੀ ਮਾਂ ਮੇਰੀ,
ਸੁਹਾਗ ਮਾਣ ਸਰਦਾਰ ਹੈ ਪਤੀ ਤੇਰਾ।
ਭਾਗਾਂ ਨਾਲ ਗੁਨ੍ਹਾਈਆਂ ਨੂੰ ਮਿਲ ਗਿਆ ਏ,
ਪਾਕ, ਸਾਫ ਗੁਫਾਰ ਹੈ ਪਤੀ ਤੇਰਾ।
ਪੂਰੀ ਜੱਗ ਦੀ ਜੀਹਨੇ ਮੁਰਾਦ ਕਰਨੀ,
ਏਹ ਉਹ ਨੂਰ ਭੰਡਾਰ ਹੈ ਪਤੀ ਤੇਰਾ।
ਬਾਤਾਂ ਸਭਨਾਂ ਦੇ ਮਨ ਦੀਆਂ ਜਾਣ ਦਾ ਏ,
ਕਿਉਂਕਿ ਆਪ ਕਰਤਾਰ ਹੈ ਪਤੀ ਤੇਰਾ।
ਮੇਰੇ ਮਨ ਦੀਆਂ ਨਾ ਜਿਸ ਤੋਂ ਬੁੱਝ ਹੋਈਆਂ,
ਉਹ ਕੀ ਜਾਣੇ ਸੰਸਾਰ ਨੂੰ ਕੀ ਚਾਹੀਦਾ।
ਨਹੀਂ ਤੇ ਪਤਾ ਨਹੀਂ, ਪੁੱਤਰ ਤੇ ਪਤੀ ਬਾਝੋਂ,
ਹੋਰ ਗ੍ਰਹਿਸਤਨ ਮੁਟਿਆਰ ਨੂੰ ਕੀ ਚਾਹੀਦਾ। (5)

ਤੇਰਾ ਯਾਰ ਹੈ ਉਹ ਤੂੰ ਸਭ ਕੁਝ ਕਹਿ ਸਕਦਾਂ,
ਇਹ ਗੱਲਾਂ ਤਦੇ ਮੈਂ ਤੇਰੇ ਕੋਲ ਕੀਤੀਆਂ ਏ।
ਆਪੇ ਬੇਵੱਸ ਹੋ ਕੇ ਪਾਟ ਗਈਆਂ,
ਬੜੀ ਦੇਰ ਦੀਆਂ ਬੁੱਲ੍ਹੀਆਂ ਸੀਤੀਆਂ ਏ।
ਪਚੀਆਂ ਨਹੀਂ ਨਾਮਣੀ ਦੇ ਪੇਟ ਅੰਦਰ,
ਬੜੀਆਂ ਸਬਰ ਪਿਆਲੀਆਂ ਪੀਤੀਆਂ ਏ।
ਮੈਂ ਚਾਹੁੰਨੀ ਸਮਾਜ 'ਚੋਂ ਮੁੱਕ ਜਾਵਣ,
ਪਈਆਂ ਦੇਸ਼ ਵਿਚ ਜਿਹੜੀਆਂ ਕੁਰੀਤੀਆਂ ਏ।
'ਆਲਮ' ਔਰਤਾਂ ਦੀ ਪ੍ਰਤੀਨਿਧ ਬਣ ਕੇ,
ਨਾਨਕ ਕੋਲੋਂ ਬਦਲਾਉਣਾ ਸਮਾਜ ਹਾਂ ਮੈਂ।
ਇਹ ਸ਼ਿਕਾਇਤ ਨਹੀਂ ਕੱਲੀ ਸੁਲੱਖਣੀ ਦੀ,
ਔਰਤ ਜਾਤ ਦੀ ਸਾਂਝੀ ਆਵਾਜ਼ ਹਾਂ ਮੈਂ। (6)

(ਜਗਤ ਮਾਤਾ ਸੁਲੱਖਣੀ ਭਾਈ ਮਰਦਾਨੇ ਦੇ ਕੋਲ ਗੁਰੂ ਨਾਨਕ ਤੇ ਗਿਲਾ ਕਰਦੀ ਹੈ।

## ਜੱਟ

ਅੱਖੀਂ ਡਿੱਠਾ ਕੰਨੀ ਸੁਣਿਆ, ਜੱਟ ਇਕ ਬਿਰਹੜੇ ਕਰਦਾ।
ਆਇਆ ਤੰਗ ਗਰੀਬੀ ਹੱਥੋਂ, ਲਿਲਕਾਂ ਲੈ ਲੈ ਮਰਦਾ।
ਮੀਂਹ ਨਾ ਵਰ੍ਹਦਾ ਫ਼ਸਲ ਨਾ ਲੱਗਦੀ, ਰਾਤ ਦਿਨੇ ਹਲ਼ ਵਾਹਵਾਂ।
ਸੰਢਿਆਂ ਦੀ ਜੋੜੀ ਸੱਤਰੀਂ ਲੈ ਕੇ ਵੀਹੀਂ ਉਧਾਰ ਫੜਾਵਾਂ।

ਤਿੰਨ ਸਾਲ ਕਰਜ਼ੇ ਨੂੰ ਹੋ ਗਏ, ਪੈਸਾ ਮੋੜ ਨਾ ਹੋਇਆ।
ਜਾਨ ਬਚੌਣੀ ਮੁਸ਼ਕਿਲ ਹੋ ਗਈ, ਮੈਂ ਰੋਵਾਂ ਅੱਧ ਮੋਇਆ।
ਸ਼ਾਹ ਆਖੇ ਹੁਣ ਤਿੰਨ ਸੌ ਹੋਇਆ, ਕਾਗਜ਼ ਨੂੰ ਬਦਲਾ ਦੇ।
ਜਾਂ ਜਿਹੜੀ ਉਹ ਬਾਹਰ ਹਵੇਲੀ, ਮੇਰੇ ਨਾਂ ਕਰਵਾ ਦੇ।

ਸ਼ਾਹ ਤੋਂ ਲਏ ਸੀ ਬੀਸ ਰੁਪਈਏ, ਕਾਗਜ਼ ਉਸ ਕਰਵਾਇਆ।
ਸ਼ਾਹ ਹੋਰਾਂ ਨੇ ਲਿਖ ਲਏ ਚਾਲੀ, ਆਨਾ ਸੂਦ ਲਗਾਇਆ।
ਕਣਕ ਮਾਰ ਲਈ ਗੜਿਆਂ ਨੇ ਤੇ, ਲੱਗਾ ਸ਼ਾਂਗ ਕਮਾਦੀਂ।
ਕੀ ਕੋਈ ਜਾਣੇ ਘਰ ਸਾਡੇ ਦੀ, ਹੋਈ ਜੋ ਬਰਬਾਦੀ।

ਇਕ ਦੇ ਦੇ ਤੂੰ ਮੱਝ ਲਵੇਰੀ, ਬਾਕੀ ਦੇ ਦੇ ਦਾਣੇ।
ਅਸੀਂ ਚੌਧਰੀ ਤੇਰੇ ਸਿਰ ਤੇ, ਆਪਣੇ ਝੱਟ ਲੰਘਾਣੇ।
ਤਿੰਨ ਕਨਾਲੀ ਚਾਰਾ ਦੇ ਦੇ, ਇਕ ਕਿਆਰਾ ਗੰਨੇ।
ਅਸੀਂ ਹਮੇਸ਼ਾ ਆਉਂਦੇ ਰਹਿਣਾ, ਤੇਰੇ ਖੱਤੇ ਬੰਨੇ।

ਟੁੱਟ ਗਏ ਛੱਲੀਆਂ ਦੇ ਟਾਂਡੇ, ਅਗੱਥ ਜਦੋਂ ਸੀ ਆਇਆ।
ਕਪਾਹ ਮੇਰੀ ਦਾ ਉਸ ਝੱਖੜ ਵਿਚ, ਸਭ ਫਲ ਕੇਰ ਗਵਾਇਆ।
ਪਿਛਲੀ ਵਾਰੀ ਟਿੱਡੀ ਦਲ ਨੇ, ਫੇਰੀ ਹੂੰਝ ਬੁਹਾਰੀ।
ਐਤਕੀਂ ਏਸ ਮੁਰੱਬੇ ਬੰਦੀ, ਫਸਲ ਉਜਾੜੀ ਸਾਰੀ।

ਤੂੰ ਹੈਂ ਮੇਰੀ ਪੁਰਾਣੀ ਸਾਮੀ, ਅਸੀਂ ਨਹੀਂ ਬਗੜਾਉਂਦੇ।
ਬਾਕੀ ਖੈਰ ਕਰ ਲਵੋ ਕਾਗਜ਼, ਰਹੀਏ ਜਾਂਦੇ ਆਉਂਦੇ।
ਦਾਣੇ ਵੀ ਸਭ ਲੈ ਗਿਆ ਲਾਲਾ, ਮੱਝ ਲੈ ਗਿਆ ਬੂਰੀ।
ਅੱਛਾ! ਰੱਬਾ ਮੈਂ ਕੀ ਆਖਾਂ, ਮੇਰੀ ਸਬਰ ਸਬੂਰੀ।

ਦੂਜਾ ਵਿਸਵੇਦਾਰ ਨੇ ਕਹਿ ਕੇ, ਮਾਰੇ ਫੱਟ ਕਰਾਰੇ।
ਹਾੜ੍ਹੀਓਂ ਬਾਅਦ ਜ਼ਮੀਨਾਂ ਛੱਡ ਕੇ, ਜਾਵੋ ਸਭ ਮੁਜ਼ਾਰੇ।
ਮੁੰਡਾ ਪੜ੍ਹਨੇ ਪਾਇਆ ਹੈ ਸੀ, ਹਟ ਗਿਆ ਦਸਵੀਂ ਪੜ੍ਹ ਕੇ।
ਹੁਣ ਕਹਿੰਦਾ ਸੀ ਸੂਟ ਸੁਆਉਣਾ, ਘਰੋਂ ਨਿਕਲ ਗਿਆ ਲੜ ਕੇ।

ਜੇਠ ਹਾੜ ਦੀ ਗਰਮੀ ਝੱਲਾਂ, ਪੋਹ ਮਾਘ ਦਾ ਪਾਲਾ।
ਬੋਹਲ ਬਣੇ ਤਾਂ ਛੇਈਂ ਮਹੀਨੀ, ਚੁੱਕ ਲਿਜਾਵੇ ਲਾਲਾ।
ਲੋਕੀਂ ਕਹਿੰਦੇ ਜਨਮ ਮਨੁੱਖ ਦਾ, ਹੈ ਦੁਰਲੱਭ ਅਣਮੁੱਲਾ।
ਸੱਚ ਪੁੱਛੋ ਤਾਂ ਦੁਨੀਆਂ ਅੰਦਰ, ਮੈਂ ਤੇ ਜੰਮ ਕੇ ਭੂਲਾ।

ਜ਼ਹਿਮਤ ਨਾਲ ਪਈ ਘਰ ਵਾਲੀ, ਬਿਨਾਂ ਹਕੀਮ ਸਿਆਣੇ।
ਵਾਹਣਾਂ ਦੇ ਵਿਚ ਰੁਲਦੇ ਫਿਰਦੇ, ਮੇਰੇ ਬਾਲ ਇੰਞਾਣੇ।
ਅੱਠੋ ਪਹਿਰ ਮਿਲੇ ਨਾ ਮੈਨੂੰ, ਸੁਖ ਦੀ ਨੀਂਦਰ ਸੌਣਾ।
ਮੰਜੀ ਦੀ ਥਾਂ ਤੂੜੀ ਉੱਤੇ, ਝੁਲ ਦਾ ਕਰਾਂ ਵਿਛੌਣਾ।

ਮਰੀਏ ਨੱਕ ਡੁਬੋ ਵਿਚ ਚੱਪਣੀ, ਜਾਂ ਕੋਈ ਢੰਗ ਚਲਾਈਏ।
ਗੁਰਬਤ ਅਤੇ ਬੇਕਾਰੀ ਕੋਲੋਂ, 'ਆਲਮ' ਕੁਲ ਬਚਾਈਏ।

## ਡਾ. ਅੰਬੇਦਕਰ

ਹਾਲਤ ਵੇਖ ਅਛੂਤਾਂ ਦੀ ਗਈ ਗੁਜ਼ਰੀ,
ਕਈ ਯੁੱਗ ਨਾ ਜਦੋਂ ਭਗਵਾਨ ਆਇਆ।
ਵਲੀ ਪੀਰ ਆਏ ਸਾਰੇ ਵੱਡਿਆਂ ਲਈ,
ਲਿੱਸਿਆਂ ਲਈ ਜੋ ਆਇਆ ਸ਼ੈਤਾਨ ਆਇਆ।
ਨਾ ਕੋਈ ਪੁੱਛ ਪ੍ਰਤੀਤ ਇਤਬਾਰ ਇੱਜ਼ਤ,
ਅੰਤ ਟੱਪਰੀ ਵਾਸ ਗਲਤਾਨ ਆਇਆ।
ਬਾਰਾਂ ਵਰ੍ਹੀਂ ਜਿਉਂ ਰੂੜੀ ਦੀ ਸੁਣੀ ਜਾਂਦੀ,
ਵੀਹਵੀਂ ਸਦੀ ਵਿਚ ਨਵਾਂ ਇਨਸਾਨ ਆਇਆ।
ਜਿਸਨੇ ਆਉਂਦਿਆਂ ਸਮੇਂ ਦੀ ਵਾਗ ਫੜ ਲਈ,
ਕੰਬੀ ਪ੍ਰਿਥਵੀ ਬੜਾ ਤੂਫਾਨ ਆਇਆ।
ਸਿਆਸਤ ਛਿੜ ਵਿਚ ਪਟਕੇ ਦੇ ਘੋਲ ਉਤੇ,
(ਭੀਮ ਰਾਓ) ਇਕ ਬੰਦਾ ਮਹਾਨ ਆਇਆ। (1)
ਉਨ੍ਹਾਂ ਦਿਲਾਂ ਵਿਚ ਗਾਂਧੀ ਜਿਨਾਹ ਅੰਦਰ,
ਆਪਸ ਵਿਚ ਸੌਦੇ-ਬਾਜ਼ੀ ਹੋ ਰਹੀ ਸੀ।
ਇੰਡੀਆ ਛੱਡ ਅੰਗਰੇਜ਼ ਨੇ ਚਲੇ ਜਾਣਾ,
ਚਰਚਲ-ਜ਼ਾਰ ਤੋਂ ਮਿਲ ਕੰਨਸੋ ਰਹੀ ਸੀ।
ਪਾਕਿਸਤਾਨ ਇਕ ਦੂਜਾ ਅਖੰਡ ਭਾਰਤ,
ਸ਼ਕਲ ਦੋਹਾਂ ਦੀ ਸੱਚ ਲੁਕੋ ਰਹੀ ਸੀ।
ਇਕੋ ਢੰਗ ਦੇ ਦੋਵੇਂ ਅਮੀਰ ਲੀਡਰ,
ਅਕਲ ਅਕਲ ਨਾਲ ਅਕਲ ਨੂੰ ਟੋਹ ਰਹੀ ਸੀ।
ਦੋਵੇਂ ਮੁਲਕ ਦੇ ਬਣੇ ਹੋਏ ਆਪ ਵਾਰਿਸ,
ਦਿਲੋਂ ਸਮਝ ਗਰੀਬਾਂ ਨੂੰ ਟਿੱਚ ਰਹੇ ਸੀ।
ਫੜ ਕੇ ਬੰਦਿਆਂ ਅਤੇ ਇਲਾਕਿਆਂ ਨੂੰ,
ਆਪੋ ਆਪਣੀ ਤਰਫ ਨੂੰ ਖਿੱਚ ਰਹੇ ਸੀ। (2)
ਆਖਰ ਗਾਂਧੀ ਨੇ ਕਿਹਾ ਜਿਨਾਹ ਤਾਈਂ,
ਜਿੱਥੋਂ ਤੱਕ ਬਣਦੀ ਆਪਣੀ ਹੱਦ ਲੈ ਲਓ।
ਹਰੀਜਨਾਂ ਨੂੰ ਛੱਡ ਕੇ ਬੰਦਿਆਂ ਦੀ,
ਭਾਵੇਂ ਸਾਰੇ ਇਸਲਾਮ ਦੀ ਜੱਦ ਲੈ ਲਓ।
ਕਾਇਦੇ-ਆਜ਼ਮ ਨੇ ਕਿਹਾ ਜਨਾਬ ਗਾਂਧੀ,
ਰਕਬਾ ਤੁਸੀਂ ਭਾਵੇਂ ਸਾਥੋਂ ਵੱਧ ਲੈ ਲਓ।
ਅਛੂਤ ਸਾਂਝੇ ਗੁਲਾਮ ਹੈ ਸਾਰਿਆਂ ਦੇ,
ਜੋੜ-ਤੋੜ ਕਰਕੇ ਅੱਧੋ ਅੱਧ ਲੈ ਲਓ।
ਮੁੱਕੀ ਗੱਲ ਨਹੀਂ ਸੀ ਇਕ ਆਵਾਜ਼ ਆਈ,
ਸਾਡੀ ਰੂਹ ਇਹ ਦੁਖ ਨਹੀਂ ਸਹਿ ਸਕਦੀ।
ਭਾਵੇਂ ਖਾਨਾ ਬਦੋਸ਼ ਹੈ ਕੌਮ ਮੇਰੀ,
ਹੁਣ ਨਹੀਂ ਕਿਸੇ ਦੇ ਰਹਿਮ ਤੇ ਰਹਿ ਸਕਦੀ। (3)
ਇਹ ਭੀਮ ਜੋ ਲੰਡਨ ਵਿਚ ਕਹਿ ਰਿਹਾ ਸੀ,
ਜਿਹੜਾ ਸੁਣ ਰਹੇ ਸੱਚ ਇਹ ਸ਼ੋਰ ਵੀ ਹੈ।
ਇੱਥੇ ਹਿੰਦ ਦੀਆਂ ਵੰਡੀਆਂ ਪਾਣ ਵਾਲੇ,
ਮਾਲਕ ਦੋਵੇਂ ਨਹੀਂ ਤੀਸਰਾ ਹੋਰ ਵੀ ਹੈ।
ਪ੍ਰਤੀਨਿਧ ਮੈਂ ਜਿਨ੍ਹਾਂ ਦਾ ਬੋਲਦਾ ਹਾਂ,
ਉਹ ਗਰੀਬ ਅਨਪੜ੍ਹ ਕੰਮਜ਼ੋਰ ਵੀ ਹੈ।
ਭੜਕ ਪਏ ਜੇ ਜੰਗਲ ਦੀ ਅੱਗ ਵਾਂਗੂੰ,
ਲੱਖਾਂ ਨੇਰ੍ਹੀਆਂ ਨਾਲੋਂ ਸ਼ਾਹ ਜ਼ੋਰ ਵੀ ਹੈ।
ਜੇ ਕੋਈ ਸਾਡੇ ਮੁਫਾਦ ਨੂੰ ਸੱਟ ਪਹੁੰਚੀ,
ਫੜਕੇ ਹੇਠਲੀ ਉਤੇ ਲਿਆ ਦਿਆਂਗਾ।
ਢਾਹ ਕੇ ਸਾਰੇ ਜਹਾਨ ਦੇ ਵੱਟ ਬੰਨ੍ਹੇ,
ਮਿਹਨਤ-ਕਸ਼ਾਂ ਨੂੰ ਤਖਤ ਬਿਠਾ ਦਿਆਂਗਾ। (4)
ਏਨੀ ਗੱਲ ਸੁਣਕੇ ਸੋਚਾਂ ਵਿਚ ਡੁੱਬੇ,
ਰੋਹਬ ਪੈ ਗਿਆ ਲੀਡਰਾਂ ਬਾਣੀਆਂ ਤੇ।
ਮੂੰਹ ਚੁੱਕ ਚੁੱਕ ਆਖਦੇ ਕੌਣ ਹੈ ਇਹ,
ਜੋ ਇਤਰਾਜ਼ ਕਰਦਾ ਵੰਡਾਂ ਕਾਣੀਆਂ ਤੇ।
ਲੂਹ ਕੇ ਸਿਮਰਤੀ ਨਵਾਂ ਵਿਧਾਨ ਲਿਖਿਆ,
ਅੱਗ ਬਾਲ ਕੇ ਸਾਗਰ ਦੇ ਪਾਣੀਆਂ ਤੇ।
ਰਸਤੇ ਹਿੰਦ ਦੇ ਨਵੇਂ ਉਲੀਕ ਦਿੱਤੇ,
ਪੈਰ ਫੇਰ ਕੇ ਲੀਹਾਂ ਪੁਰਾਣੀਆਂ ਤੇ।
ਰੁਲਦੇ ਖੁਲਦੇ ਬੇ-ਘਰੇ ਲਾਵਾਰਸਾਂ ਨੂੰ,
ਫੜਕੇ ਬੰਦਿਆਂ ਵਿਚ ਬਿਠਾ ਗਿਆ ਉਹ।
ਬੁਝੇ ਹੋਏ ਅਛੂਤਾਂ ਦੇ ਦਿਲਾਂ ਅੰਦਰ,
'ਆਲਮ' ਜੋਤ ਅਹਿਸਾਸ ਜਗਾ ਗਿਆ ਉਹ। (5)

# ਇਕ ਸਨਮਾਨਿਤ ਵਿਅੱਕਤਿਤਵ ਦਾ ਰਹੱਸ!



ਐਚ. ਐਲ. ਕਪੂਰ
1 (289)-401-0728

ਜਦੋਂ ਅਸੀਂ ਦੁਨੀਆਂ ਦੇ ਮਹਾਨ ਪੁਰਸ਼ਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਅਸੀਂ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਹਾਂ ਕਿ ਇਹ ਇਤਨੇ ਮਹਾਨ ਕਿਵੇਂ ਬਣ ਗਏ ਹਨ? ਸਾਡੀ ਆਪਣੀ ਇੱਛਾ ਸ਼ਕਤੀ ਨੂੰ ਬੜਾ ਤਕੜਾ ਹੁਲਾਰਾ ਮਿਲਦਾ ਹੈ ਜਦੋਂ ਅਸੀਂ ਇਹਨਾਂ ਮਹਾਨ ਸ਼ਖਸੀਅਤਾਂ ਦੀਆਂ ਜੀਵਨੀਆਂ ਵੱਲ ਝਾਤ ਮਾਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਇਹਨਾਂ ਮਹਾਨ ਸ਼ਖਸੀਅਤਾਂ ਨੇ ਬਚਪਨ ਤੋਂ ਹੀ ਚੰਗੇ ਸੰਸਕਾਰ ਸਿੱਖਣੇ ਸ਼ੁਰੂ ਕਰ ਦਿੱਤੇ ਹੁੰਦੇ ਹਨ ਅਤੇ ਇੰਨੇ ਚੰਗੇ ਸੰਸਕਾਰਾਂ ਕਾਰਨ ਤੇ ਆਪਣੇ ਜੀਵਨ ਨੂੰ ਅਨੁਸ਼ਾਸਨ ਵਿਚ ਰੱਖਦਿਆਂ ਹੋਇਆਂ ਤੇ ਚੰਗਿਆਈਆਂ ਦਾ ਪੱਲਾ ਨਾ ਛੱਡਦਿਆਂ ਹੋਇਆਂ, ਇਹ ਮਾਨਵਤਾ ਲਈ ਪ੍ਰੇਰਨਾ ਸਰੋਤ ਤੇ ਮਹਾਨ ਵਿਅਕਤੀ ਬਣ ਜਾਂਦੇ ਹਨ। ਇਹਨਾਂ ਦੇ ਪ੍ਰਭਾਵਸ਼ਾਲੀ ਵਿਅੱਕਤਿਤਵ ਦਾ ਸਮੁੱਚੀ ਮਾਨਵਤਾ ਤੇ ਬੜਾ ਪ੍ਰਭਾਵ ਪੈਂਦਾ ਹੈ ਤੇ ਇਸੇ ਕਾਰਨ ਹੀ ਇਹਨਾਂ ਦਾ ਵਿਅੱਕਤਿਤਵ ਸਾਡੇ ਲਈ ਸਨਮਾਨਿਤ ਬਣ ਜਾਂਦਾ ਹੈ।

ਅਸੀਂ ਰੋਜ਼ਾਨਾ ਬਹੁਤ ਸਾਰੇ ਲੋਕਾਂ ਨੂੰ ਮਿਲਦੇ ਹਾਂ ਪਰ ਬਹੁਤ ਘੱਟ ਲੋਕ ਹੁੰਦੇ ਹਨ ਜੋ ਸਾਨੂੰ ਪ੍ਰਭਾਵਿਤ ਕਰ ਜਾਂਦੇ ਹਨ। ਅਜਿਹੇ ਲੋਕਾਂ ਲਈ ਹੀ ਅਸੀਂ ਅਕਸਰ ਕਹਿੰਦੇ ਹਾਂ ਕਿ ਯਾਰ ਇਸ ਆਦਮੀ ਦੀ ਬੜੀ ਪ੍ਰਸਨੈਲਟੀ ਹੈ, ਭਾਵ ਇਸ ਆਦਮੀ ਦਾ ਵਿਅਕਤਿਤਵ ਕਿੰਨਾ ਪ੍ਰਭਾਵਸ਼ਾਲੀ ਹੈ। ਇਸ ਤਰ੍ਹਾਂ ਦੇ ਵਿਅੱਕਤਿਤਵ ਵਾਲੇ ਲੋਕ ਅਕਸਰ ਖੁਸ਼ਹਾਲ ਹੁੰਦੇ ਹਨ ਅਤੇ ਉਹਨਾਂ ਦੀ ਹਰ ਜਗ੍ਹਾ ਇੱਜਤ ਤੇ ਮਾਣ ਤਾਣ ਹੁੰਦਾ ਹੈ ਤੇ ਉਹਨਾਂ ਨੂੰ ਪਸੰਦ ਕੀਤਾ ਜਾਂਦਾ ਹੈ। ਅਜਿਹੇ ਲੋਕਾਂ ਨੂੰ ਸਮਾਗਮਾਂ ਤੇ ਸੱਦਿਆ ਜਾਂਦਾ ਹੈ ਤੇ ਨੌਕਰੀਆਂ ਕਰਨ ਵਾਲਿਆਂ ਨੂੰ ਤਰੱਕੀ ਵੀ ਬੜੀ ਜਲਦੀ ਮਿਲਦੀ ਹੈ। ਇਹ ਕੁਦਰਤੀ ਹੈ ਕਿ ਅਸੀਂ ਇਸ ਤਰ੍ਹਾਂ ਦਾ ਵਿਅੱਕਤਿਤਵ ਬਣਾਉਣਾ ਚਾਹਾਂਗੇ। ਇਸ ਲੇਖ ਵਿਚ ਅੱਜ ਮੈਂ ਕੁਝ ਨਿਮਨ-ਲਿਖਤ ਸੁਝਾਅ ਪੇਸ਼ ਕਰ ਰਿਹਾ ਹਾਂ, ਜਿਹਨਾਂ ਨੂੰ ਅਪਣਾਉਣ ਨਾਲ ਜ਼ਰੂਰ ਇਕ ਮਾਨਵ ਚੰਗੇ ਸਨਮਾਨਿਤ ਵਿਅੱਕਤਿਤਵ ਦਾ ਮਾਲਕ ਬਣ ਸਕਦਾ ਹੈ।

ਆਮ ਤੌਰ ਤੇ ਸਭ ਲੋਕਾਂ ਨੂੰ ਪਸੰਦ ਕਰੋ:- ਜਦੋਂ ਅਸੀਂ ਕਿਸੇ ਨੂੰ ਮਿਲਦੇ ਹਾਂ ਤਾਂ ਅਕਸਰ ਉਸ ਬਾਰੇ ਆਪਣੇ ਮਨ ਵਿਚ ਇਕ ਪ੍ਰਭਾਵ ਬਣਾ ਲੈਂਦੇ ਹਾਂ ਕਿ ਇਹ ਵਿਅਕਤੀ ਸਕਾਰਾਤਮਕ, ਨਿਕਾਰਾਤਮਕ ਜਾਂ ਇਹਨਾਂ ਦੋਹਾਂ ਸੋਚਾਂ ਦੇ ਵਿਚਕਾਰਲੇ ਸੁਭਾਅ ਭਾਵ ਨਿਊਟਰਲ ਸੁਭਾਅ ਦਾ ਹੋ ਸਕਦਾ ਹੈ। ਅਗਰ ਅਸੀਂ ਆਪਣੇ ਵਿਅੱਕਤਿਤਵ ਭਾਵ ਪ੍ਰਸਨੈਲਟੀ ਨੂੰ ਵਧੀਆ ਬਣਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਇਸ ਨੂੰ ਸਕਾਰਾਤਮਕ ਭਾਵ 'ਹਾਂ' ਪੱਖੀ ਸੁਭਾਅ ਬਣਾਉਣਾ ਪਵੇਗਾ। ਇਸ ਲਈ ਸਾਨੂੰ ਆਪਣੀ ਸੋਚ ਨੂੰ ਬਦਲਣਾ ਪਵੇਗਾ ਕਿ ਅਸੀਂ ਹਰ ਇਨਸਾਨ ਜੋ ਸਾਡੇ ਸੰਪਰਕ ਵਿਚ ਆਉਂਦਾ ਹੈ, ਉਸ ਦੀਆਂ ਚੰਗਿਆਈਆਂ ਹੀ ਲੱਭੀਏ ਤੇ ਬੁਰਾਈਆਂ ਨਹੀਂ? ਇਸ ਤਰ੍ਹਾਂ ਕਰਨਾ ਕੋਈ ਮੁਸ਼ਕਿਲ ਨਹੀਂ, ਅਗਰ ਤੁਸੀਂ ਆਪਣੇ ਦਿਮਾਗ ਜਾਂ ਮਨ ਨੂੰ ਚੰਗਿਆਈਆਂ ਖੋਜਣ ਦਾ ਨਿਰਦੇਸ਼ ਦਿਆਂਗੇ ਤਾਂ ਉਹ ਜ਼ਰੂਰ ਹੀ ਚੰਗਿਆਈਆਂ ਹੀ ਖੋਜੇਗਾ। ਇਸ ਤਰ੍ਹਾਂ ਕਰਨ ਲਈ ਸਾਨੂੰ ਲੋਕਾਂ ਵਿਚ ਰਚਣਾ-ਮਿਚਣਾ ਪਵੇਗਾ, ਉਹਨਾਂ ਨਾਲ ਤਾਲਮੇਲ ਕਰਨਾ ਪਵੇਗਾ। ਲੋਕਾਂ ਦੀਆਂ ਕਮੀਆਂ ਨੂੰ ਨਾ ਮੂਹਰੇ ਰੱਖਦੇ ਹੋਏ ਤੇ ਉਹਨਾਂ ਦੀਆਂ ਕਮਜ਼ੋਰੀਆਂ ਤੋਂ ਨਾ ਖਿੱਝਦੇ ਹੋਏ ਤੇ ਆਪਣੇ ਆਪ ਨੂੰ ਉਹਨਾਂ ਲੋਕਾਂ ਦੀ ਥਾਂ ਰੱਖ ਕੇ ਸੋਚਦੇ ਹੋਏ ਹੀ ਕੀਤਾ ਜਾ ਸਕਦਾ ਹੈ। ਸਾਨੂੰ ਇਹ ਵੀ ਸੋਚਣਾ ਪਵੇਗਾ ਕਿ ਜੇਕਰ ਸਾਡੇ ਹਾਲਾਤ ਵੀ ਉਸ ਬੁਰੇ ਆਦਮੀ ਵਰਗੇ ਹੁੰਦੇ ਜਾਂ ਸਾਡਾ ਵੀ ਪਾਲਣ-ਪੋਸ਼ਣ ਬੁਰੇ ਵਾਤਾਵਰਣ ਵਿਚ ਹੋਇਆ ਹੁੰਦਾ ਤਾਂ ਅਸੀਂ ਵੀ ਉਸ ਬੁਰੇ ਇਨਸਾਨ ਵਰਗੇ ਹੁੰਦੇ। ਇਸ ਲਈ ਸਾਨੂੰ ਚੰਗੇ ਤੇ ਮੰਦੇ ਦੋਵਾਂ ਹਾਲਾਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਸ ਮੁਤਾਬਕ ਆਪਣਾ ਵਿਵਹਾਰ ਅਪਣਾਉਣਾ ਪਵੇਗਾ। ਇਸ ਲਈ ਇਕ ਮਾਨਵ ਦਾ ਦੂਸਰੇ ਮਾਨਵ ਨਾਲੋਂ ਜੋ ਫਰਕ ਹੈ, ਉਸ ਨੂੰ ਮੰਨਦੇ ਹੋਏ ਤੇ ਬੁਰਾਈਆਂ ਤੋਂ ਨਾ ਖਿੱਝਦੇ ਹੋਏ ਸਾਨੂੰ ਮਾਨਵਤਾ ਨੂੰ ਹੀ ਮੁੱਖ ਰੱਖਣਾ ਪਵੇਗਾ।

ਹਰ ਮਾਨਵ 'ਤੇ ਸਾਡੇ ਵਾਤਾਵਰਣ ਤੇ ਉਸ ਦੇ ਵਿਰਸੇ ਦਾ ਬੜਾ ਪ੍ਰਭਾਵ ਹੁੰਦਾ ਹੈ। ਇਸ ਪ੍ਰਭਾਵ ਨਾਲ ਵੀ ਮਨੁੱਖ ਦੀਆਂ ਚੰਗੀਆਂ ਜਾਂ ਮੰਦੀਆਂ ਆਦਤਾਂ ਵਿਕਸਤ ਹੁੰਦੀਆਂ ਹਨ। ਪਿਆਰੇ ਦੋਸਤੋ ਸਾਡੇ ਆਲੇ-ਦੁਆਲੇ ਸਾਨੂੰ ਨਕਾਰਾਤਮਕ ਸੋਚ ਵਾਲੇ ਲੋਕ ਬੜੇ ਮਿਲਣਗੇ ਤੇ ਇਸ ਸੋਚ ਦਾ ਸਾਡੇ ਤੇ ਅਸਰ ਵੀ ਬੜੀ ਜਲਦੀ ਹੁੰਦਾ ਹੈ। ਅਕਸਰ ਅਸੀਂ ਆਪਣੇ ਵਾਤਾਵਰਣ ਵਿਚ ਰੋਜ਼ ਚੋਰੀਆਂ, ਧੋਖੇ-ਦੜੀਆਂ ਤੇ ਹੇਰਾਫੇਰੀਆਂ ਦੀਆਂ ਖ਼ਬਰਾਂ ਪੜ੍ਹਦੇ ਤੇ ਸੁਣਦੇ ਹਾਂ, ਸ਼ਾਇਦ ਇਸੇ ਕਰਕੇ ਹੀ ਆਦਮੀ ਦਾ ਆਦਮੀ ਨਾਲੋਂ ਵਿਸ਼ਵਾਸ ਟੁੱਟਦਾ ਜਾ ਰਿਹਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਅਸੀਂ ਆਪਣੀਆਂ ਅੱਖਾਂ ਮੀਟ ਕੇ ਦੂਸਰੇ ਤੇ ਵਿਸ਼ਵਾਸ ਕਰੀ ਜਾਈਏ, ਪਰ ਨਾਲ ਇਹ ਵੀ ਕਹਿੰਦਾ ਹਾਂ ਕਿ ਅੱਖਾਂ ਬੰਦ ਕਰਕੇ ਹਰ ਇਕ ਇਨਸਾਨ ਨੂੰ ਬੇਈਮਾਨ ਵੀ ਨਾ ਸਮਝੀ ਜਾਈਏ, ਜ਼ਿਆਦਾਤਰ ਲੋਕ ਚੰਗੇ ਹੀ ਹੁੰਦੇ ਹਨ, ਘੱਟ ਤੋਂ ਘੱਟ ਉਨ੍ਹਾਂ ਨਾਲ ਤਾਂ ਹੁੰਦੇ ਹੀ ਹਨ ਜਿਹੜੇ ਆਪ ਚੰਗੇ ਹੁੰਦੇ ਹਨ। ਇਸ ਲਈ ਤੁਸੀਂ ਲੋਕਾਂ ਨਾਲ ਆਪ ਚੰਗੇ ਬਣੋ ਤੇ ਉਹਨਾਂ ਨੂੰ ਪਸੰਦ ਕਰੋ ਤੇ ਬਦਲੇ ਵਿਚ ਉਹ ਵੀ ਤੁਹਾਨੂੰ ਪਸੰਦ ਕਰਨਗੇ।

ਮਹਾਨ ਵਿਦਵਾਨ ਰਾਲਫ ਵਾਲਡੋ ਐਮਰਸਨ ਨੇ ਠੀਕ ਹੀ ਕਿਹਾ ਹੈ ਕਿ ''ਮੈਂ ਜਿਸ ਵਿਅਕਤੀ ਨੂੰ ਮਿਲਦਾ ਹਾਂ, ਉਹ ਕਿਸੇ ਨਾ ਕਿਸੇ ਰੂਪ ਵਿਚ ਮੇਰੇ ਨਾਲੋਂ ਚੰਗਾ ਹੀ ਇਨਸਾਨ ਹੁੰਦਾ ਹੈ।''

ਇਸ ਲਈ ਜਦੋਂ ਕੋਈ ਇਨਸਾਨ ਸਾਡੇ ਨਾਲੋਂ ਕਿਸੇ ਨਾ ਕਿਸੇ ਰੂਪ ਵਿਚ ਚੰਗਾ ਹੈ ਤਾਂ ਉਸ ਨੂੰ ਪਸੰਦ ਤਾਂ ਕੀਤਾ ਹੀ ਜਾ ਸਕਦਾ ਹੈ।

'ਮੁਸਕਰਾਹਟ' ਨਾਲ ਮਿਲੋ:- ਪੰਜਾਬੀ ਦਾ ਇਕ ਮੁਹਾਵਰਾ ਹੈ 'ਹੱਸਣੇ ਘਰ ਵੱਸਣੇ'। ਇਕ ਮੁਹਾਵਰੇ ਮੁਤਾਬਕ ਜੋ ਇਨਸਾਨ ਹਮੇਸ਼ਾ ਖੁਸ਼ ਰਹਿੰਦੇ ਹਨ, ਉਹਨਾਂ ਦੇ ਘਰ ਹੀ ਹਮੇਸ਼ਾ ਸੁੱਖ ਸ਼ਾਂਤੀ ਰਹਿੰਦੀ ਹੈ।ਜਦੋਂ ਅਸੀਂ ਆਪਣੇ ਖਾਸ ਮਿੱਤਰਾਂ ਨੂੰ ਮਿਲਦੇ ਹਾਂ ਤਾਂ ਕੀ ਹੁੰਦਾ ਹੈ? ਅਸੀਂ ਅਕਸਰ ਇਕ ਦੂਸਰੇ ਨੂੰ ਮੁਸਕਰਾ ਕੇ ਮਿਲਦੇ ਹਾਂ, ਇਹ ਠੀਕ ਹੈ ਨਾ? ਮੁਸਕਰਾਉਣਾ ਜ਼ਾਹਿਰ ਕਰਦਾ ਹੈ ਕਿ ਤੁਸੀਂ ਸਾਹਮਣੇ ਵਾਲੇ ਨੂੰ ਪਸੰਦ ਕਰਦੇ ਹੋ। ਇਹੋ ਗੱਲ ਹੀ ਹਰ ਤਰ੍ਹਾਂ ਦੇ ਸਬੰਧ ਨਾਲ ਲਾਗੂ ਹੁੰਦੀ ਹੈ। ਇਸ ਤਰ੍ਹਾਂ ਤੁਸੀਂ ਜਦੋਂ ਵੀ ਕਿਸੇ ਨੂੰ ਮਿਲੋ ਆਪਣੇ ਚਿਹਰੇ ਤੇ ਮੁਸਕਰਾਹਟ ਜ਼ਰੂਰ ਲਿਆਓ, ਇਸ ਨਾਲ ਲੋਕ ਤੁਹਾਨੂੰ ਪਸੰਦ ਕਰਨਗੇ ਤੇ ਤੁਹਾਨੂੰ ਮਿਲ ਕੇ ਖੁਸ਼ ਹੋਣਗੇ। ਇਸ ਤਰ੍ਹਾਂ ਮੁਸਕਰਾਹਟ ਦਾ ਜਵਾਬ ਵੀ ਮੁਸਕਰਾਹਟ ਵਿਚ ਹੀ ਮਿਲੇਗਾ, ਇਸ ਤਰ੍ਹਾਂ ਕਦੀ ਘੱਟ ਹੀ ਹੁੰਦਾ ਹੈ ਕਿ ਮੁਸਕਰਾਹਟ ਦਾ ਜਵਾਬ ਮੁਸਕਰਾਹਟ ਵਿਚ ਨਾ ਮਿਲੇ, ਅਗਰ ਇਸ ਤਰ੍ਹਾਂ ਹੁੰਦਾ ਵੀ ਹੈ ਤਾਂ ਇਸ ਦੀ ਚਿੰਤਾ ਨਾ ਕਰੋ ਬੱਸ ਆਪਣਾ ਫਰਜ਼ ਨਿਭਾਈ ਜਾਓ।

ਇਹ ਸੁਣਨ ਨੂੰ ਬਹੁਤ ਆਸਾਨ ਲੱਗ ਰਿਹਾ ਹੋਵੇਗਾ, ਕਰਨਾ ਈ ਕੀ ਹੈ, ਹਲਕਾ ਜਿਹਾ ਮੁਸਕਰਾਉਣਾ ਈ ਤਾਂ ਹੈ, ਬਹੁਤ ਸਾਰੇ ਲੋਕ ਕੁਦਰਤੀ ਇਸ ਤਰ੍ਹਾਂ ਕਰਦੇ ਵੀ ਹਨ ਪ੍ਰੰਤੂ ਬਹੁਤ ਸਾਰੇ ਲੋਕ ਇਸ ਛੋਟੀ ਜਿਹੀ ਗੱਲ ਵੱਲ ਧਿਆਨ ਨਹੀਂ ਕਰਦੇ ਅਗਰ ਤੁਸੀਂ ਵੀ ਨਹੀਂ ਕਰਦੇ ਤਾਂ ਇਸ ਨੂੰ ਥੋੜ੍ਹਾ ਜਿਹਾ ਆਪਣੀ ਆਦਤ ਵਿਚ ਲਿਆਓ। ਇਕ ਮੁਸਕਰਾਉਂਦਾ ਹੋਇਆ ਚਿਹਰਾ, ਇਕ ਗੰਭੀਰ ਤੇ ਉਤਰੇ ਹੋਏ ਚਿਹਰੇ ਨਾਲੋਂ ਕਿਤੇ ਵੱਧ ਆਕਰਸ਼ਕ ਲੱਗਦਾ ਹੈ ਅਤੇ ਉਸ ਦੇ ਵਿਅਕਤਿਤੱਵ ਨੂੰ ਬਹੁਤ ਆਕਰਸ਼ਿਤ ਕਰਦਾ ਹੈ। ਮੁਸਕਰਾਉਣ ਦਾ ਇਕ ਫਾਇਦਾ ਹੋਰ ਵੀ ਹੈ, ਖੋਜਾਂ ਇਹ ਸਾਬਤ ਕਰਦੀਆਂ ਹਨ ਕਿ ਜਦੋਂ ਅਸੀਂ ਬਹੁਤ ਖੁਸ਼ ਹੁੰਦੇ ਹਾਂ ਤਾਂ ਸਾਡੇ ਚਿਹਰੇ ਦੀ ਬਾਹਰੀ ਦਿੱਖ ਵੀ ਖੁਸ਼ ਨਜ਼ਰ ਆਉਂਦੀ ਹੈ ਤੇ ਲੋਕ ਸਾਡਾ ਚਿਹਰਾ ਦੇਖ ਕੇ ਦੱਸ ਦਿੰਦੇ ਹਨ ਕਿ ਅੱਜ ਤੁਸੀਂ ਬਹੁਤ ਖੁਸ਼ ਹੋ, ਠੀਕ ਇਸ ਦੇ ਉਲਟ ਵੀ ਇਸੇ ਤਰ੍ਹਾਂ ਸਹੀ ਹੈ ਯਾਨਿ ਕਿ ਜਦੋਂ ਅਸੀਂ ਆਪਣੇ ਬਾਹਰੀ ਚਿਹਰੇ ਨੂੰ ਖੁਸ਼ਨੁਮਾ ਬਣਾ ਲੈਂਦੇ ਹਾਂ ਤਾਂ ਉਸ ਦਾ ਅਸਰ ਸਾਡੇ ਅੰਦਰੀਵ ਮਨ ਤੇ ਬਹੁਤ ਅੱਛਾ ਪੈਂਦਾ ਹੈ। ਸੋ ਇਹ ਗੱਲ ਪੱਕੀ ਲੜ ਬੰਨ੍ਹ ਲਈ ਜਾਵੇ ਤੇ ਆਦਤ ਦਾ ਇਸ ਨੂੰ ਇਕ ਅਹਿਮ ਹਿੱਸਾ ਬਣਾ ਲਈਏ ਤੇ ਜਿੱਥੇ ਵੀ ਜਾਈਏ ਉਥੇ ਮਿੱਠੀ ਮੁਸਕਾਨ ਦੇਣਾ ਨਾ ਭੁੱਲੀਏ।

'ਮੈਂ ਦੀ ਥਾਂ 'ਤੁਸੀਂ' ਲਿਖੀਏ:- ਤੁਸੀਂ ਕਿਸ ਨੂੰ ਅਧਿਕ ਪਸੰਦ ਕਰੋਗੇ: ਜੋ ਆਪਣੇ ਮਤਲਬ ਦੀ ਗੱਲ ਕਰੇ ਜਾਂ ਉਸ ਨੂੰ ਜੋ ਤੁਹਾਡੇ ਮਤਲਬ ਦੀ ਗੱਲ ਕਰੇ? ਅਕਸਰ ਅਸੀਂ ਜੋ ਸਾਡੇ ਮਤਲਬ ਦੀ ਗੱਲ ਕਰੇ, ਉਸ ਨੂੰ ਪਸੰਦ ਕਰਦੇ ਹਾਂ। ਹਰ ਇਨਸਾਨ ਆਪਣੇ ਖੁਦ ਨੂੰ ਪਹਿਲਾਂ ਰੱਖਣ ਦੀ ਗੱਲ ਕਰ ਰਿਹਾ ਹੈ.... ਮੈਂ ਐਸਾ ਹਾਂ, ਮੈਨੂੰ ਇਹ ਪਸੰਦ ਹੈ ਜਾਂ ਇਹ ਚੰਗਾ ਲੱਗਦਾ ਹੈ, ਮੈਂ ਇਹ ਕਰਦਾ ਹਾਂ.... ਆਦਿ। ਪਰ ਸਾਨੂੰ ਹਿਸ ਨੂੰ ਅਲੱਗ ਕਰਨਾ ਚਾਹੀਦਾ ਹੈ। 'ਮੈਂ' ਤੋਂ ਪਹਿਲਾਂ 'ਤੁਸੀਂ' ਕਹੀਏ। ਤੁਹਾਡਾ ਕੀ ਹਾਲ ਹੈ, ''ਤੁਹਾਨੂੰ ਕੀ ਚੰਗਾ ਲੱਗਦਾ ਹੈ?'' ਤੁਸੀਂ ਕੀ ਕਰਦੇ ਹੋ?

ਇਹ ਪੱਕੀ ਗੱਲ ਹੈ ਕਿ ਇਸ ਤਰ੍ਹਾਂ ਕਰਨ ਨਾਲ ਲੋਕ ਤੁਹਾਨੂੰ ਜ਼ਿਆਦਾ ਪਸੰਦ ਕਰਨਗੇ। ਅਗਰ ਮੈਂ ਆਪਣੀ ਗੱਲ ਕਰਾਂ ਤਾਂ ਜੇਕਰ ਤੁਸੀਂ ਮੈਨੂੰ ਐਚ ਐਲ ਕੇ ਕਹਿਕੇ ਗੱਲ ਕਰੋਗੇ ਤਾਂ ਮੈਂ ਤੁਹਾਨੂੰ ਬਹੁਤ ਪਸੰਦ ਕਰਾਂਗਾ।

ਸਿਰਫ ਐਕਟਰਸ, ਕ੍ਰਿਕਟਰਸ ਜਾਂ ਲਿਖਾਰੀ ਹੀ ਨਹੀਂ- ਇਕ ਆਮ ਆਦਮੀ ਵੀ ਆਪਣੇ ਪ੍ਰਸ਼ੰਸਕਾਂ ਦੀ ਭੀੜ ਚਾਹੁੰਦਾ ਹੈ। ਜਦੋਂ ਤੁਸੀਂ ਇਕ ਆਮ ਆਦਮੀ ਲਈ ਉਸ ਦੇ ਪ੍ਰਸ਼ੰਸਕ ਬਣਦੇ ਹੋ ਤਾਂ ਤੁਸੀਂ ਉਸ ਲਈ ਖਾਸ ਆਦਮੀ ਬਣ ਜਾਂਦੇ ਹੋ। ਜਦੋਂ ਤੁਸੀਂ ਬਹੁਤ ਸਾਰੇ ਆਮ ਲੋਕਾਂ ਦੀ ਪ੍ਰਸ਼ੰਸਾ ਕਰਦੇ ਹੋ ਤਾਂ ਤੁਸੀਂ ਬਹੁਤ ਸਾਰੇ ਆਮ ਲੋਕਾਂ ਦੇ ਖਾਸ ਆਦਮੀ ਬਣ ਜਾਂਦੇ ਹੋ। ਇਸ ਤਰ੍ਹਾਂ ਲਗਾਤਾਰ ਕਰਦੇ ਰਹਿਣ ਨਾਲ ਤੁਸੀਂ ਆਮ ਆਦਮੀ ਤੋਂ ਉਪਰ ਉੱਠ ਕੇ ਇਕ ਖਾਸ ਵਿਅੱਕਤਿਤਵ ਦੇ ਮਾਲਕ ਬਣ ਜਾਂਦੇ ਹੋ। ਇਸ ਤਰ੍ਹਾਂ ਦੇ ਖਾਸ ਵਿਅੱਕਤਿਤਵ ਵਾਲੇ ਮਾਨਵ ਨੂੰ ਸਭ ਪਸੰਦ ਕਰਦੇ ਹਨ ਤੇ ਉਸ ਦਾ ਕਰਿਸ਼ਮਾ ਸਾਰੀ ਮਾਨਵਤਾ ਤੇ ਪ੍ਰਭਾਵ ਪਾਉਂਦਾ ਹੈ।

ਨਾਮ ਦਾ ਧਿਆਨ ਰੱਖਿਆ ਜਾਵੇ:- ਕਿਸੇ ਵਿਅਕਤੀ ਦਾ ਨਾਮ ਉਸ ਨੂੰ ਦੁਨੀਆਂ ਦੇ ਬਾਕੀ ਨਾਵਾਂ ਨਾਲੋਂ ਜ਼ਿਆਦਾ ਮਹੱਤਵ ਰੱਖਦਾ ਹੈ। ਇਸ ਲਈ ਜਦੋਂ ਕਿਸੇ ਨਾਲ ਗੱਲ ਕੀਤੀ ਜਾਵੇ ਤਾਂ ਵਿਚ-ਵਿਚ ਉਸਦਾ ਨਾਮ ਲੈਣਾ ਚਾਹੀਦਾ ਹੈ, ਅਗਰ ਜਿਸ ਨਾਲ ਗੱਲ ਕੀਤੀ ਜਾ ਰਹੀ ਹੈ, ਉਹ ਤੁਹਾਡੇ ਨਾਲੋਂ ਸੀਨੀਅਰ ਹੈ ਤਾਂ ਵੱਡਾ ਹੈ ਤਾਂ ਉਸਦਾ ਨਾਮ ਨਾਲ 'ਸਰ' ਜਾਂ 'ਵੱਡੇ ਭਾਈ ਸਾਹਿਬ' ਜਾਂ 'ਭਾ ਜੀ' ਆਦਿ ਜ਼ਰੂਰ ਲਾਉਣਾ ਚਾਹੀਦਾ ਹੈ।

ਵਿਚ-ਵਿਚ ਉਸ ਦਾ ਨਾਮ ਲੈਣ ਨਾਲ ਸਾਹਮਣੇ ਵਾਲਾ ਆਪਣੀ ਅਹਿਮੀਅਤ ਮਹਿਸੂਸ ਕਰਦਾ ਹੈ ਤੇ ਨਾਲ ਹੀ ਉਹ ਤੁਹਾਡੇ ਵੱਲ ਧਿਆਨ ਵੀ ਵਧੇਰੇ ਦਿੰਦਾ ਹੈ। ਇਹ ਯਕੀਨਨ ਹੈ ਕਿ ਸਾਹਮਣੇ ਵਾਲਾ ਇਸ ਤਰ੍ਹਾਂ ਖੁਸ਼ ਵੀ ਹੁੰਦਾ ਹੈ ਕਿ ਤੁਸੀਂ ਉਸ ਦੇ ਨਾਮ ਨੂੰ ਮਹੱਤਵ ਦਿੰਦੇ ਹੋ। ਦੋਸਤੋ, ਮੈਂ ਵੀ ਕਈ ਵਾਰੀ ਨਾਮ ਯਾਦ ਰੱਖਣ ਵਿਚ ਆਪਣੀ ਸੋਚ ਵਿਚ ਕੱਚਾ ਹੁੰਦਾ ਸੀ, ਇੱਥੋਂ ਤੱਕ ਨਾਮ ਯਾਦ ਰੱਖਣ ਤੋਂ ਬਾਅਦ ਦੋ ਮਿੰਟਾਂ ਤੱਕ ਹੀ ਯਾਦ 'ਚੋਂ ਉਤਰ ਜਾਂਦਾ ਸੀ। ਦਰਅਸਲ ਵਿਚ ਇਹ ਇਸ ਲਈ ਹੁੰਦਾ ਸੀ ਕਿ ਮੈਂ ਨਾਮ ਯਾਦ ਰੱਖਣ ਦੀ ਕੋਸ਼ਿਸ਼ ਹੀ ਨਹੀਂ ਕਰਦਾ ਸੀ ਪਰ ਹੁਣ ਮੈਂ ਇਕ ਵਾਰ ਨਾਮ ਯਾਦ ਕਰ ਲੈਣ ਤੇ ਉਸ ਨੂੰ ਯਾਦ ਰੱਖਣ ਦੀ ਕੋਸ਼ਿਸ਼ ਕਰਦਾ ਹਾਂ। ਇਸ ਲਈ ਆਪ ਵੀ 'ਨਾਮ ਦੇ ਮਹੱਤਵ' ਨੂੰ ਸਮਝੋ। ਨਾਮ ਯਾਦ ਰੱਖਣਾ ਤੁਹਾਨੂੰ ਬਹੁਤ ਇੱਜਤ ਬਖ਼ਸ਼ ਸਕਦਾ ਹੈ।

'ਬੋਲਣ' ਤੋਂ ਪਹਿਲਾਂ 'ਸੁਣਨਾ' ਜ਼ਰੂਰੀ:- ਜਦੋਂ ਤੁਸੀਂ ਦੂਸਰੇ ਦੀਆਂ ਗੱਲਾਂ ਸੁਣ ਰਹੇ ਹੋਵੋ ਤਾਂ ਇਸ ਵਿਚ ਇਮਾਨਦਾਰੀ ਹੋਣੀ ਚਾਹੀਦੀ ਹੈ। ਤੁਸੀਂ 'ਆਪ ਕੀ ਪਸੰਦ ਕਰਦੇ ਹੋ'? ਇਸ ਲਈ ਨਹੀਂ ਪੁੱਛਿਆ ਕਿ ਉਹ ਜਲਦੀ ਨਾਲ ਆਪਣਾ ਜਵਾਬ ਖਤਮ ਕਰੇ ਤੇ ਤੁਸੀਂ ਆਪਣੀ ਰਾਮ-ਕਥਾ ਸੁਣਾਉਣ ਲੱਗ ਜਾਓ।

ਤੁਸੀਂ ਸਾਹਮਣੇ ਵਾਲੇ ਨੂੰ ਪਹਿਲਾਂ ਬੋਲਣ ਦਾ ਮੌਕਾ ਹੀ ਨਹੀਂ ਦੇਣਾ ਹੈ ਬਲਕਿ ਉਸ ਦੀ ਗੱਲ ਨੂੰ ਧਿਆਨ ਨਾਲ ਸੁਣਨਾ ਵੀ ਹੈ ਤੇ ਵਿਚ-ਵਿਚ ਉਸ ਦੀ ਗੱਲ ਨਾਲ ਸਬੰਧਤ ਹੋਰ ਵੀ ਗੱਲਾਂ ਕਰਨੀਆਂ ਹਨ। ਮਿਸਾਲ ਦੇ ਤੌਰ ਤੇ ਅਗਰ ਕੋਈ ਕਹਿੰਦਾ ਹੈ ਕਿ ਉਸ ਨੂੰ ਘੁੰਮਣ-ਫਿਰਨ ਦਾ ਬੜਾ ਸ਼ੌਂਕ ਹੈ ਤਾਂ ਤੁਸੀਂ ਉਸ ਨੂੰ ਪੁੱਛ ਸਕਦੇ ਹੋ ਕਿ ਤੁਹਾਡੀ ਸੈਰ-ਸਪਾਟੇ ਲਈ ਕਿਹੜੀ ਮਨਪਸੰਦ ਜਗ੍ਹਾ ਹੈ ਤੇ ਉਥੇ ਕੀ-ਕੀ ਦੇਖਣ ਵਾਲੀ ਚੀਜ਼ ਹੈ। ਇਕ ਚੰਗੇ ਸਰੋਤੇ ਦੀ ਮੰਗ ਕਦੀ ਖਤਮ ਨਹੀਂ ਹੁੰਦੀ। ਤੁਸੀਂ ਇਕ ਚੰਗੇ ਸਰੋਤੇ ਬਣੋ ਤੇ ਦੇਖੋ ਤੁਹਾਡੀ ਕਿਸ ਤਰ੍ਹਾਂ ਮੰਗ ਵੱਧ ਜਾਂਦੀ ਹੈ। ਇਸ ਦੇ ਨਾਲ ਹੀ ਸਾਨੂੰ 'ਪਹਿਲਾ ਤੋਲੋ ਫਿਰ ਬੋਲੋ' ਦੇ ਅਖਾਣ ਨੂੰ ਵੀ ਆਪਣੇ ਸਾਹਮਣੇ ਰੱਖਣਾ ਹੋਵੇਗਾ, ਪਹਿਲਾਂ ਬੋਲਣ ਵਾਲੀ ਗੱਲ ਨੂੰ ਚੰਗੀ ਤਰ੍ਹਾਂ ਸੋਚ ਵਿਚਾਰ ਕੇ ਹੀ ਬੋਲਿਆ ਜਾਵੇ ਤਾਂ ਜੋ ਤੁਹਾਡਾ ਮਾੜਾ ਪ੍ਰਭਾਵ ਨਾ ਦੂਸਰੇ ਵੱਲ ਜਾਵੇ।

'ਕੀ ਕਹਿੰਦੇ ਹੋ' ਨਾਲੋਂ ਇਹ ਜ਼ਰੂਰੀ ਹੈ ਕਿ 'ਕਿਸ ਤਰ੍ਹਾਂ' ਕਹਿੰਦੇ ਹੋ:- ਇਸ ਨੁਕਤੇ ਨੂੰ ਮੇਰੇ ਉਕਤ ਨੁਕਤੇ ਦਾ ਬੀ ਭਾਗ ਹੀ ਕਿਹਾ ਜਾ ਸਕਦਾ ਹੈ। ਕੀ ਕਹਿੰਦੇ ਹੋ ਨਾਲੋਂ ਤੁਸੀਂ ਕਿਸ ਤਰ੍ਹਾਂ ਕਹਿੰਦੇ ਹੋ ਇਹ ਗੱਲ ਜ਼ਿਆਦਾ ਮਹੱਤਵ ਰੱਖਦੀ ਹੈ। ਉਦਾਹਰਣ ਦੇ ਤੌਰ ਤੇ ਤੁਹਾਡੇ ਕੋਲੋਂ ਕੋਈ ਗਲਤੀ ਹੋਈ ਹੈ ਤੇ ਤੁਸੀਂ ਆਪਣਾ ਢਿੱਲਾ ਜਿਹਾ ਮੂੰਹ ਬਣਾ ਕੇ ਬੋਲਦੇ ਹੋ 'ਸੌਰੀ' ਤਾਂ ਸੌਰੀ ਦਾ ਕੋਈ ਮਤਲਬ ਨਹੀਂ ਹੈ। ਅਸੀਂ ਨਾ ਸਿਰਫ ਸਹੀ ਲਫਜ਼ ਬੋਲਣੇ ਹਨ ਸਗੋਂ ਇਸ ਗੱਲ ਦਾ ਵੀ ਧਿਆਨ ਰੱਖਣਾ ਹੈ ਕਿ ਇਹ ਲਫਜ਼ ਕਿਸ ਤਰ੍ਹਾਂ ਬੋਲਣੇ ਹਨ। ਇਸ ਗੱਲ ਦਾ ਵੀ ਧਿਆਨ ਰੱਖਣਾ ਹੋਵੇਗਾ।

ਇਸ ਲਈ ਸਾਨੂੰ ਆਪਣੀ ਗੱਲ ਕਰਨ ਦੀ 'ਟੋਨ' ਤੇ ਸ਼ਬਦਾਵਲੀ ਦਾ ਖਾਸ ਧਿਆਨ ਰੱਖਣਾ ਹੋਵੇਗਾ। ਜਿੰਨਾ ਵੀ ਹੋ ਸਕੇ ਸ਼ਬਦਾਂ ਦੀ ਹਲੀਮੀ ਤੇ ਬੋਲਣ ਦੀ ਮਿੱਠੀ ਤਹਿਜ਼ੀਬ ਨੂੰ ਧਿਆਨ ਵਿਚ ਰੱਖਦੇ ਹੋਏ ਲੋਕਾਂ ਨਾਲ ਗੱਲ ਕਰਨੀ ਚਾਹੀਦੀ ਹੈ।

ਮੈਂ ਇੱਥੇ ਇਹ ਗੱਲ ਵੀ ਕਰਨੀ ਬੜੀ ਜ਼ਰੂਰੀ ਸਮਝਦਾ ਹਾਂ ਕਿ ਕਈ ਲੋਕ ਅੰਗਰੇਜ਼ੀ ਭਾਸ਼ਾ ਬੋਲਣ ਦੀ ਵੱਧ ਯੋਗਤਾ ਰੱਖਣ ਵਾਲੇ ਮਾਨਵ ਨੂੰ, ਚੰਗੇ ਵਿੱਅਕਤਿਤਵ ਦਾ ਮਾਲਕ ਸਮਝ ਲੈਂਦੇ ਹਨ, ਜਦਕਿ ਇਹ ਇਸ ਤਰ੍ਹਾਂ ਨਹੀਂ ਹੈ। ਤੁਸੀਂ ਬਿਨਾਂ ਏ. ਬੀ. ਸੀ. ਜਾਣੇ ਵੀ ਇਕ ਚੰਗੇ ਪ੍ਰਭਾਵਸ਼ਾਲੀ ਵਿਅਕਤਿਤਵ ਦੇ ਮਾਲਕ ਬਣ ਸਕਦੇ ਹੋ, 'ਸੁਆਰਥ' ਨਹੀਂ ਸਗੋਂ 'ਪਰਸੁਆਰਥ' ਲਈ ਕੰਮ ਕਰੀਏ:- ਕਈ ਵਾਰ ਅਸੀਂ ਅਜਿਹੀ ਸਥਿਤੀ ਵਿਚ ਹੁੰਦੇ ਹਾਂ, ਜਿੱਥੇ ਅਸੀਂ ਦੂਸਰੇ ਦੀ ਮਦਦ ਕਰ ਸਕਦੇ ਹਾਂ ਪਰ ਆਪਣੀ ਸੁਸਤੀ ਜਾਂ ਸੁਆਰਥ ਕਰਕੇ ਦੂਜੇ ਦੀ ਮਦਦ ਨਹੀਂ ਕਰਦੇ। ਅਸੀਂ ਇਹ ਸੋਚ ਲੈਂਦੇ ਹਾਂ ਕਿ ਮੈਨੂੰ ਇਸ ਵਿਚ ਕੀ ਲਾਭ ਹੋਵੇਗਾ? ਪ੍ਰੰਤੂ ਇਕ ਪਰਸੁਆਰਥੀ ਸੋਚ ਵਾਲਾ ਇਨਸਾਨ ਲੋਕਾਂ ਦੀ ਮਦਦ ਤੇ ਸਮਾਜ ਸੇਵਾ ਲਈ ਸਦਾ ਤਿਆਰ ਰਹਿੰਦਾ ਹੈ। ਇਸਦਾ ਇਹ ਵੀ ਮਤਲਬ ਨਹੀਂ ਕਿ ਤੁਸੀਂ ਆਪਣੇ ਜ਼ਰੂਰੀ ਕੰਮ ਛੱਡ ਕੇ ਦੂਜਿਆਂ ਦੀ ਮਦਦ ਹੀ ਕਰਦੇ ਰਹੋ, ਅਗਰ ਤੁਹਾਡੇ ਪਾਸ ਥੋੜ੍ਹਾ ਜਿਹਾ ਵਕਤ ਵੀ ਹੈ ਤਾਂ ਜ਼ਰੂਰ ਕਿਸੇ ਦੇ ਕੰਮ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਪਰਸੁਆਰਥ ਹਿੱਤਾਂ ਲਈ ਕੀਤਾ ਗਿਆ ਕੰਮ ਤੁਹਾਨੂੰ ਆਪਣੀਆਂ ਨਜ਼ਰਾਂ ਵਿਚ ਵੀ ਉੱਚਾ ਉਠਾਅ ਦੇਵੇਗਾ ਤੇ ਤੁਸੀਂ ਆਪਣੇ ਆਪ ਚੰਗਾ ਵੀ ਮਹਿਸੂਸ ਕਰੋਗੇ। ਇਸ ਪਰਸੁਆਰਥ ਸਬੰਧੀ ਇਕ ਚੀਨੀ ਭਾਸ਼ਾ ਦੀ ਕਹਾਵਤ ਹੈ, ਜਿਸ ਨੂੰ ਅੰਗਰੇਜ਼ੀ ਵਿਚ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ, "A little bit of fragrance always clings to the hands that gives you roses."

ਆਪਣੀ 'ਬਾਹਰੀ-ਦਿੱਖ' ਨੂੰ ਵਧੀਆ ਬਣਾਓ:- ਕਿਉਂਕਿ ਸਾਡਾ ਪਹਿਲਾ ਪ੍ਰਭਾਵ ਦੂਸਰੇ ਆਦਮੀ ਤੇ ਸਾਡੀ ਬਾਹਰੀ-ਦਿੱਖ ਦਾ ਹੀ ਪੈਂਦਾ ਹੈ। ਇਸ ਲਈ ਚੰਗੇ ਵਿਅੱਕਤਿਤਵ ਲਈ ਇਸ ਨੁਕਤੇ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਮੇਰਾ ਕਹਿਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਕਿਸੇ ਜਿਮ ਵਿਚ ਜਾ ਕੇ ਕਸਰਤ ਨਾਲ ਆਪਣੇ ਸਰੀਰ ਦੀ ਦਿੱਖ ਨੂੰ ਵਧੀਆ ਬਣਾਓ ਜਾਂ ਕਿਸੇ ਬਿਊਟੀ ਪਾਰਲਰ ਦੇ ਚੱਕਰ ਲਾਉਂਦੇ ਫਿਰੋ, ਇਸਦਾ ਬੜਾ ਸਾਫ ਮਤਲਬ ਹੈ ਕਿ ਤੁਸੀਂ ਮੌਕੇ ਮੁਤਾਬਕ ਆਪਣਾ ਪਹਿਰਾਵਾ ਪਾਓ ਤੇ ਆਪਣੇ 'ਨਿਜੀ-ਸਿਹਤ ਵਿਗਿਆਨ' ਵੱਲ ਧਿਆਨ ਦਿੰਦੇ ਹੋਏ ਛੋਟੀਆਂ-ਛੋਟੀਆਂ ਗੱਲਾਂ ਜਿਵੇਂ:- ਤੁਹਾਡਾ ਵਾਲਾਂ ਦਾ ਸਟਾਈਲ, ਕੱਟੇ ਹੋਏ ਸਾਫ ਸੁਥਰੇ ਨਹੁੰ ਤੇ ਵਧੀਆ ਪਾਲਿਸ਼ ਕੀਤੇ ਹੋਏ ਬੂਟ, ਚੰਗੇ ਵਿਅੱਕਤਿਤਵ ਦਾ ਪ੍ਰਭਾਵ ਪਾਉਂਦੇ ਹਨ।

ਇਕ ਚੰਗੇ 'ਪ੍ਰਸ਼ੰਸਕ ਬਣੀਏ:- ਸੰਸਾਰ ਦਾ ਹਰ ਆਦਮੀ ਚਾਹੇ ਉਹ ਛੋਟਾ ਇਨਸਾਨ ਹੈ ਜਾਂ ਵੱਡਾ ਇਨਸਾਨ ਹੈ, ਆਪਣੀ ਤਾਰੀਫ ਸੁਣਨਾ ਚਾਹੁੰਦਾ ਹੈ। ਲੋਕਾਂ ਦਾ ਦਿਲ ਜਿੱਤਣ ਲਈ ਤੇ ਆਪਣੇ ਦੋਸਤ ਬਣਾਉਣ ਲਈ ਉਹਨਾਂ ਦੀ ਸੱਚੇ ਮਨੋਂ ਪ੍ਰਸੰਸਾ ਕਰੀਏ। ਇਕ ਚੰਗੇ ਪ੍ਰਭਾਵਸ਼ਾਲੀ ਵਿਅੱਕਤਿਤਵ ਲਈ ਇਹ ਫਾਰਮੂਲਾ ਬੜਾ ਕਾਰਗਰ ਸਾਬਤ ਹੁੰਦਾ ਹੈ।

ਸਾਡੇ ਦੇਸ਼ ਵਿਚ ਕਿਸੇ ਦੀ ਸਿਫਤ ਕਰਨਾ ਕਿਉਂ ਮੁਸ਼ਕਿਲ ਹੋ ਜਾਂਦਾ ਹੈਂ ਵਿਆਹ-ਸ਼ਾਦੀਆਂ ਵਿਚ ਜੋ ਆਰਕੈਸਟਰਾ ਵਾਲੇ ਹੁੰਦੇ ਹਨ, ਜ਼ਰੂਰ ਦੇਖੇ ਹੋਣਗੇ.. ਵਿਚਾਰਾ ਗੀਤ ਗਾਉਣ ਵਾਲਾ ਵਧੀਆ ਗੀਤ ਗਾਉਂਦਾ ਹੈ ਅਸੀਂ ਉਸ ਦੇ ਵਧੀਆ ਗੀਤ ਤੇ ਤਾਲੀਆਂ ਵਜਾਉਣ ਦੀ ਥਾਂ ਇਕ ਦੂਸਰੇ ਦੇ ਮੂੰਹ ਵੱਲ ਦੇਖਦੇ ਰਹਿੰਦੇ ਹਾਂ.. , ਚੰਗਾ ਹੋਇਆ ਅਸੀਂ ਆਰਕੈਸਟਰਾ ਵਿਚ ਗਾਉਂਦੇ ਨਹੀਂ ਹਾਂ, ਨਹੀਂ ਤਾਂ ਤਾਰੀਫ ਤੇ ਵਾਹ-ਵਾਹ ਨਾ ਹੋਣ ਕਾਰਨ ਸ਼ਾਇਦ ਭਾਵੁਕਤਾ ਵਿਚ ਚਲੇ ਜਾਂਦੇ।

ਪੰਜਾਬੀ ਦੀ ਇਕ ਕਹਾਵਤ ਹੈ ਕਿ 'ਆਪਣੇ ਮੂੰਹੋਂ ਆਪ ਮੀਆਂ ਮਿੱਠੂ ਬਣਨਾ' ਭਾਵ ਆਪਣੀ ਸਿਫਤ ਆਪ ਕਰਨਾ। ਖੈਰ, ਮੈਂ ਇੱਥੇ ਵਿਅਕਤੀਗਤ ਪੱਧਰ ਤੇ ਤਾਰੀਫ ਕਰਨ ਦੀ ਗੱਲ ਕਰ ਰਿਹਾ ਹਾਂ, ਅਗਰ ਤੁਸੀਂ ਚੰਗੀ ਤਰ੍ਹਾਂ ਕਿਸੇ ਆਦਮੀ ਦੀ ਪੜਤਾਲ ਕਰੋਗੇ ਤਾਂ ਤੁਹਾਨੂੰ ਉਸ ਵਿਚੋਂ ਕੁਝ ਨਾ ਕੁਝ ਤਾਰੀਫ ਕਰਨ ਲਈ ਮਿਲ ਜਾਵੇਗੀ। ਉਹ ਕੁਝ ਵੀ ਹੋ ਸਕਦਾ ਹੈ, ਉਸ ਦੇ ਘਰ ਦੀ ਸੋਹਣੀ ਬਗੀਚੀ, ਉਸ ਦੀ ਸਿੱਕੇ ਜਾਂ ਟਿਕਟਾਂ ਦਾ ਸੰਗ੍ਰਹਿ ਕਰਨ ਦੀ ਪ੍ਰਵਿਰਤੀ, ਵਧੀਆ ਸਜਾਇਆ ਹੋਇਆ ਕਮਰਾ, ਉਸ ਦੀ ਵਧੀਆ ਮੁਸਕਾਨ, ਉਸ ਦਾ ਵਧੀਆ ਨਾਮ ਜਾਂ ਕੁਝ ਹੋਰ ਵੀ ਵਧੀਆ ਹੋ ਸਕਦਾ ਹੈ, ਇਸ ਨੂੰ ਖੋਜਣ ਜਾਂ ਪੜਤਾਲਣ ਦੀ ਲੋੜ ਹੈ। ਜਦੋਂ ਇਨ੍ਹਾਂ ਵਿਚੋਂ ਕੁਝ ਮਿਲ ਜਾਵੇ ਤਾਂ ਉਸ ਦੀ ਤਾਰੀਫ ਜ਼ਰੂਰ ਕਰਨੀ ਚਾਹੀਦੀ ਹੈ, ਕਿਉਂਕਿ ਉਹ ਆਪਣੀ ਪ੍ਰਸੰਸਾ ਸੁਣਨਾ ਦਿਲੋਂ ਵੀ ਚਾਹੁੰਦਾ ਹੈ। ਇਸ ਨਾਲ ਉਹ ਉਤਸ਼ਾਹਿਤ ਹੋ ਕੇ ਅੱਗੋਂ ਵੀ ਉਸ ਕੰਮ ਨੂੰ ਕਰਨਾ ਜਾਰੀ ਰੱਖੇਗਾ। ਅਗਰ ਤੁਸੀਂ ਸਾਹਮਣੇ ਪ੍ਰਸੰਸਾ ਕਰਨ ਤੋਂ ਝਿਜਕਦੇ ਹੋ ਤਾਂ ਘਰ ਆ ਕੇ ਉਸਨੂੰ ਐਸ. ਐਮ. ਐਸ. ਕਰ ਦਿਓ ਜਾਂ ਈ:ਮੇਲ ਵੀ ਕੀਤੀ ਜਾ ਸਕਦੀ ਹੈ। ਅਗਰ ਪ੍ਰਸੰਸਾ ਕਰਨ ਯੋਗ ਕੋਈ ਗੱਲ ਹੈ ਤਾਂ ਜ਼ਰੂਰ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਹਾਂ ਅਗਰ ਕੋਸ਼ਿਸ਼ ਕਰਨ ਤੇ ਵੀ ਕੋਈ ਪ੍ਰਸ਼ੰਸਾ ਯੋਗ ਗੱਲ ਨਹੀਂ ਮਿਲਦੀ ਹੈ ਤਾਂ ਤੁਹਾਨੂੰ ਉਸਦੀ ਝੂਠੀ ਪ੍ਰਸ਼ੰਸਾ ਨਹੀਂ ਕਰਨੀ ਚਾਹੀਦੀ। ਬੱਚੇ ਵੀ ਸਮਝ ਜਾਂਦੇ ਹਨ ਕਿ ਤੁਸੀਂ ਸੱਚੀ ਪ੍ਰਸ਼ੰਸਾ ਕਰ ਰਹੇ ਹੋ ਜਾਂ ਝੂਠੀ। ਉਕਤ ਦੱਸੇ ਗਏ ਮੁਹਾਵਰੇ ਅਨੁਸਾਰ ਆਪਣੀ ਪ੍ਰਸ਼ੰਸਾ ਆਪ ਕਦੇ ਨਾ ਕਰੋ ਸਗੋਂ ਆਪਣੇ ਚੰਗੇ ਕੰਮਾਂ ਰਾਹੀਂ ਲੋਕਾਂ ਤੋਂ ਪ੍ਰਸ਼ੰਸਾ ਪ੍ਰਾਪਤ ਕਰੋ।

ਲਗਾਤਾਰ 'ਘੋਖਣਾ' ਤੇ 'ਵਿਕਾਸ' ਕਰਦੇ ਰਹਿਣਾ:- ਪ੍ਰਗਤੀਸ਼ੀਲ ਵਿਚਾਰਧਾਰਾ ਦੇ ਬਣੋ, ਉਹ ਇਨਸਾਨ ਹੀ ਹਰ ਗੱਲ ਨੂੰ ਘੋਖ ਪੜਤਾਲ ਕਰਕੇ ਅੱਗੇ ਵੱਧ ਸਕਦਾ ਹੈ ਤੇ ਵਿਕਾਸ ਦੀਆਂ ਮੰਜ਼ਿਲਾਂ ਪਾਰ ਕਰ ਸਕਦਾ ਹੈ। ਪ੍ਰਭਾਵਸ਼ਾਲੀ ਵਿਅੱਕਤਿਤਵ ਦਾ ਮਾਲਕ ਬਣ ਸਕਦਾ ਹੈ। ਚੰਗੇ ਵਿਅੱਕਤਿਤਵ ਦਾ ਵਿਕਾਸ ਕਰਨਾ ਇਕ ਨਿਰੰਤਰ ਪ੍ਰਕਿਰਿਆ ਹੈ। ਇਹ ਵਿਕਾਸ ਦਾ ਇਕ ਨਾ ਖਤਮ ਹੋਣ ਵਾਲਾ ਅਨੰਤ ਹੈ। ਇਸ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਬੱਸ ਇਹ ਜਿਤਨਾ ਵਿਕਾਸ ਕਰ ਲਿਆ ਕਾਫੀ ਹੈ, ਬਲਕਿ ਆਪਣੇ ਲਈ ਕੁਝ ਸਮਾਂ ਕੱਢ ਕੇ ਆਪਣੀਆਂ ਕਿਰਿਆਵਾਂ ਤੇ ਆਪਣੇ ਸ਼ਬਦਾਂ ਨੂੰ ਬੜੇ ਗਹੁ ਨਾਲ ਘੋਖੀਏ, ਕਿ ਤੁਸੀਂ ਕੀ ਕੀਤਾ ਹੈ, ਤੁਸੀਂ ਉਸ ਨੂੰ ਹੋਰ ਚੰਗਾ ਕਿਵੇਂ ਕਰ ਸਕਦੇ ਹੋ, ਕਿਤੇ ਇਸ ਤਰ੍ਹਾਂ ਤਾਂ ਨਹੀਂ ਤੁਸੀਂ ਕਿਸੇ ਚੀਜ਼ ਨੂੰ ਲੈ ਕੇ ਆਪਣੇ ਆਪ ਨੂੰ 'ਫੱਨੇ ਖਾਂ' ਸਮਝ ਰਹੇ ਹੋ ਤੇ ਹਕੀਕਤ ਵਿਚ ਲੋਕ ਤੁਹਾਡੀ ਕਿਸੇ ਗੱਲ ਨੂੰ ਚੰਗਾ ਨਹੀਂ ਸਮਝਦੇ।

ਉਦਾਹਰਣ ਦੇ ਤੌਰ ਤੇ ਕੁਝ ਸਾਲ ਪਹਿਲਾਂ ਮੈਂ ਮਹਿਸੂਸ ਕੀਤਾ ਕਿ ਲੋਕਾਂ ਵਿਚ ਵਿਕਾਸ ਕਰਨ ਦੇ ਚੱਕਰ ਵਿਚ ਮੈਂ ਲੋਕਾਂ ਵਿਚ ਇੰਨੀਆਂ ਗਲਤੀਆਂ ਕੱਢ ਦਿੰਦਾ, ਜਿਸ ਨਾਲ ਉਹਨਾਂ ਦਾ ਵਿਸ਼ਵਾਸ ਘੱਟ ਹੋ ਜਾਂਦਾ। ਸੋ ਮੈਂ ਇਸ ਨਜ਼ਰੀਏ ਦਾ ਵਿਕਾਸ ਕਰਨ ਲਈ ਦਿਲੋਂ ਕੰਮ ਕਰ ਰਿਹਾ ਹਾਂ। ਤੁਸੀਂ ਵੀ ਇਸ ਵਿਕਾਸ ਦੇ ਨਜ਼ਰੀਏ ਨੂੰ ਅੱਗੇ ਵਧਾਉਂਦੇ ਹੋਏ ਤੇ ਘੋਖਦੇ ਹੋਏ ਲਗਾਤਾਰ ਕੰਮ ਕਰਦੇ ਰਹੋ।

ਮੈਨੂੰ ਪੂਰੀ ਉਮੀਦ ਹੈ ਕਿ ਚੰਗੇ ਤੇ ਪ੍ਰਭਾਵਸ਼ਾਲੀ ਵਿਅੱਕਤਿਤਵ ਦੇ ਵਿਕਾਸ ਲਈ ਉਕਤ ਦੱਸੇ ਕੁਝ ਆਪਣੇ ਵਿਚਾਰ ਜ਼ਰੂਰ ਮਾਨਵਤਾ ਲਈ ਕਾਰਗਰ ਸਾਬਤ ਹੋਣਗੇ। ਹੁਣ ਤੁਸੀਂ ਉਕਤ ਦੱਸੇ ਨੁਕਤਿਆਂ ਦਾ ਵਾਰੀ-ਵਾਰੀ ਅਭਿਆਸ ਕਰਨਾ ਹੈ। ਤੁਸੀਂ ਆਪਣੀ ਪਸੰਦ ਦਾ ਕੋਈ ਵੀ ਇਕ ਨੁਕਤਾ ਚੁਣ ਲਓ ਤੇ ਉਸ ਤੇ ਹੀ ਕੇਂਦਰਿਤ ਰਹਿ ਕੇ ਉਸ ਦਾ ਆਪਣੇ ਜੀਵਨ ਵਿਚ ਅਭਿਆਸ ਕਰੋ। ਇਹ ਵੀ ਖਿਆਲ ਰੱਖੋ ਕਿ ਤੁਸੀਂ ਆਪਣੀ ਜ਼ਿੰਦਗੀ ਵਿਚ ਇਸ ਦਾ ਠੀਕ ਪ੍ਰਯੋਗ ਵੀ ਕਰ ਰਹੇ ਹੋ ਜਾਂ ਨਹੀਂ। ਜਦੋਂ ਇਕ ਨੁਕਤੇ ਦਾ ਜੀਵਨ ਵਿਚ ਅਭਿਆਸ ਕਰ ਲਵੋ ਤਾਂ ਫਿਰ ਦੂਸਰੇ ਨੁਕਤੇ ਨੂੰ ਅਪਣਾ ਕੇ ਉਸ ਦਾ ਅਭਿਆਸ ਸ਼ੁਰੂ ਕਰ ਦਿਓ ਤੇ ਨਾਲ ਦੀ ਨਾਲ ਪਹਿਲੇ ਨੁਕਤੇ ਨੂੰ ਵੀ ਚਾਲੂ ਰੱਖੋ।

ਅਗਰ ਪਹਿਲਾ ਨੁਕਤਾ ਤੁਸੀਂ ਭੁੱਲ ਵੀ ਜਾਂਦੇ ਹੋ ਤਾਂ ਕੋਈ ਗੱਲ ਨਹੀਂ, ਫਿਲਹਾਲ ਤੁਹਾਡਾ ਧਿਆਨ ਦੋ ਨੁਕਤਿਆਂ ਤੇ ਕੇਂਦਰਿਤ ਹੈ। ਇਹ ਦੋਵੇਂ ਨੁਕਤੇ ਨਹੀਂ ਭੁੱਲਣੇ ਚਾਹੀਦੇ। ਇਸ ਤਰ੍ਹਾਂ ਦੂਸਰੇ ਨੁਕਤਿਆਂ ਦਾ ਵੀ ਜੀਵਨ ਵਿਚ ਅਭਿਆਸ ਕਰਦੇ ਰਹੋ। ਇਸ ਤਰ੍ਹਾਂ ਕੁਝ ਮਹੀਨਿਆਂ ਦੇ ਅੰਦਰ ਹੀ ਮਹਿਸੂਸ ਕਰੋਗੇ ਕਿ ਤੁਸੀਂ ਮੇਰੇ ਵੱਲੋਂ ਦੱਸੇ ਗਏ ਸਭ ਨੁਕਤਿਆਂ ਤੇ ਧਿਆਨ ਦੇ ਰਹੇ ਹੋ। ਇਹਨਾਂ ਨੂੰ ਆਪਣੇ ਜੀਵਨ ਵਿਚ ਬੜੇ ਧੀਰਜ ਨਾਲ ਚਾਲੂ ਰੱਖੋ ਤੇ ਯਕੀਨਨ ਹੀ ਤੁਸੀਂ ਇਕ ਉੱਚੇ ਤੇ ਪ੍ਰਭਾਵਸ਼ਾਲੀ ਵਿਅਕਤਿਤਵ ਦੇ ਮਾਲਕ ਬਣ ਜਾਓਗੇ।

**ਸ਼ੁਭ ਇੱਛਾਵਾਂ ਤੇ ਬੜੇ ਪਿਆਰ ਨਾਲ ਤੁਹਾਡਾ ਸ਼ੁਭਚਿੰਤਕ।**

# ਰਾਮਦੇਵ ਬਾਬਾ ਨਹੀ ਯਾਦਵ ਹਨ: ਮਾਇਆਵਤੀ



ਲਖਨਊ— ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਬਹੁਜਨ ਸਮਾਜ ਪਾਰਟੀ ਪ੍ਰਧਾਨ ਮਾਇਆਵਤੀ ਨੇ ਬੁੱਧਵਾਰ ਨੂੰ ਕਿਹਾ ਕਿ ਰਾਮਦੇਵ ਬਾਬਾ ਨਹੀਂ ਯਾਦਵ ਹਨ ਅਤੇ ਇਸ ਲਈ ਅਖਿਲੇਸ਼ ਯਾਦਵ ਸਰਕਾਰ ਉਨ੍ਹਾਂ ਨੂੰ ਬਚਾ ਰਹੀ ਹੈ। ਮਾਇਆਵਤੀ ਨੇ ਵੋਟ ਪਾਉਣ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ ਕਿ ਯਾਦਵ ਹੋਣ ਦੇ ਨਾਅਤੇ ਬਾਬਾ ਰਾਮਦੇਵ 'ਤੇ ਅਖਿਲੇਸ਼ ਯਾਦਵ ਸਰਕਾਰ ਕਾਰਵਾਈ ਨਹੀਂ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਬਾਬਾ ਰਾਮਦੇਵ ਦੀ ਦਲਿਤਾਂ ਦੇ ਸੰਬੰਧ 'ਚ ਇਤਰਾਜ਼ਯੋਗ ਟਿੱਪਣੀ 'ਤੇ ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਦੀ ਚੁੱਪੀ ਨੂੰ ਹੈਰਾਨੀਜਨਕ ਦੱਸਿਆ। ਬਸਪਾ ਪ੍ਰਧਾਨ ਨੇ ਕਿਹਾ ਕਿ ਗਾਂਧੀ ਨੂੰ ਜੋੜ ਕੇ ਦਲਿਤਾਂ ਖਿਲਾਫ ਇਤਰਾਜ਼ਯੋਗ ਟਿੱਪਣੀ ਕੀਤੀ ਗਈ ਸੀ, ਇਸ ਲਈ ਉਨ੍ਹਾਂ ਨੂੰ (ਗਾਂਧੀ) ਆਪਣੀ ਚੁੱਪੀ ਤੋੜਨੀ ਚਾਹੀਦੀ ਹੈ ਅਤੇ ਬਾਬਾ ਰਾਮਦੇਵ ਖਿਲਾਫ ਕਾਰਵਾਈ ਕਰਾਉਣ ਦੀ ਪਹਿਲ ਕਰਨੀ ਚਾਹੀਦੀ ਹੈ।ਹਾਲ ਹੀ 'ਚ ਬਾਬਾ ਰਾਮਦੇਵ ਨੇ ਲਖਨਊ 'ਚ ਕਿਹਾ ਸੀ ਕਿ ਗਾਂਧੀ ਦਲਿਤਾਂ ਦੇ ਪਿਕਨਿਕ ਅਤੇ ਹਨੀਮੂਨ ਮਨਾਉਣ ਜਾਂਦੇ ਹਨ। ਹਾਲਾਂਕਿ ਉਨ੍ਹਾਂ ਨੇ ਇਸ ਬਿਆਨ ਦੇ ਦੇਸ਼ਵਿਆਪੀ ਵਿਰੋਧ ਤੋਂ ਬਾਅਦ ਮੁਆਫੀ ਮੰਗ ਲਈ।

# ਦਲਿਤ ਸਮਾਜ ਦਾ ਧਾਰਮਿਕ ਅਤੇ ਸਮਾਜਿਕ ਸੰਕਟ




- ਡਾ. ਰੌਣਕੀ ਰਾਮ

11-12 ਜੂਨ 1926 ਨੂੰ ਪਿੰਡ ਮੁੱਗੋਵਾਲ ਨਜ਼ਦੀਕ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਆਦਿ ਧਰਮ ਲਹਿਰ ਦੇ ਵਿਸ਼ਾਲ ਸੰਮੇਲਨ ਦੌਰਾਨ ਜੋ ਮੁੱਦਾ ਉਸ ਵੇਲੇ ਦੀ ਉੱਭਰ ਰਹੀ ਦਲਿਤ ਸਿਆਸਤ ਦਾ ਕੇਂਦਰ ਬਿੰਦੂ ਬਣਦਾ ਹੈ, ਉਹ ਸੀ ਅਖੌਤੀ ਅਛੂਤ ਸਮਾਜ ਵਾਸਤੇ ਨਵੇਂ ਅਤੇ ਵੱਖਰੇ ਧਰਮ ''ਆਦਿ ਧਰਮ'' ਦਾ ਐਲਾਨ 30 ਜਨਵਰੀ 2010 ਨੂੰ ਇਤਿਹਾਸ ਮੁੜ ਕੇ ਦੁਹਰਾਇਆ ਜਾਂਦਾ ਹੈ। ਇਸ ਦਿਨ ਡੇਰਾ ਬੱਲਾਂ ਵਾਲੇ ਸੰਤਾਂ ਵੱਲੋਂ ਸ੍ਰੀ ਗਵਰਧਨਪੁਰ ਵਾਰਾਨਸੀ ਵਿਖੇ ਪ੍ਰਸਿੱਧ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਤੋਂ ਇਕ ਵੱਖਰੇ ਧਰਮ ''ਰਵਿਦਾਸੀਆ ਧਰਮ'' ਦਾ ਐਲਾਨ ਕੀਤਾ ਗਿਆ। ਇਸ ਐਲਾਨ ਨੇ ਉਪਰੋਕਤ ਵਰਣਿਤ ਆਦਿ ਧਰਮ ਲਹਿਰ ਵੇਲੇ ਦੀ ਤਰ੍ਹਾਂ ਅਜੋਕੇ ਪੰਜਾਬੀ ਦਲਿਤ ਸਮਾਜ ਦੀ ਸਿਆਸਤ ਦੀ ਜੂਹ ਵਿਚ ਇਕ ਨਵਾਂ ਮੋੜ ਲਿਆ ਖੜ੍ਹਾ ਕੀਤਾ। ਆਦਿ ਧਰਮ ਲਹਿਰ ਦੀ ਇਹ ਖਾਸ ਵਿਸ਼ੇਸ਼ਤਾ ਸੀ ਕਿ ਜਿੱਥੇ ਇਹ ਦਲਿਤ ਸਮਾਜ ਦੀ ਰਾਜਨੀਤਿਕ ਜਗਤ ਵਿਚ ਸੰਗਠਨ ਦੇ ਤੌਰ ਤੇ ਪਹਿਲਕਦਮੀ ਸੀ, ਉਥੇ ਇਹ ਲਹਿਰ ਦਲਿਤ ਸਮਾਜ ਵਿਚਲੀਆਂ ਵੱਖ ਵੱਖ ਜਾਤਾਂ ਜੋ ਦਰਜਾਬੰਦੀ ਦੇ ਵਿਧਾਨ ਵਿਚ ਉਲਝੀਆਂ ਹੋਈਆਂ ਸਨ, ਨੂੰ ਇਕੱਠਾ ਕਰਕੇ ਇਕ ਸਾਂਝੇ ਚੌਂਤਰੇ ਤੇ ਲਿਆ ਖੜ੍ਹਾ ਕਰਨਾ ਚਾਹੁੰਦੀ ਸੀ। ਪਰ ਇਸ ਲਹਿਰ ਦੇ ਬਾਨੀਆਂ ਦੀ ਅਜਿਹੀ ਦੂਰ ਦ੍ਰਿਸ਼ਟੀ ਦੇ ਬਾਵਜੂਦ ਇਹ ਲਹਿਰ ਮੋਟੇ ਤੌਰ ਤੇ ਪੰਜਾਬ ਦੇ ਦੁਆਬਾ ਖਿੱਤੇ ਵਿਚ ਗੈਰ ਬਾਲਮੀਕ ਦਲਿਤ ਸਮਾਜ 'ਚ ਸਿਮਟ ਕੇ ਰਹਿ ਗਈ।

''ਰਵਿਦਾਸੀਆ ਧਰਮ'' ਦੇ ਐਲਾਨ ਬਾਰੇ ਜੋ ਗੱਲਾਂ ਹੁਣ ਤੱਕ ਮੀਡੀਆ ਰਾਹੀਂ ਪੁਣ ਕੇ ਸਾਹਮਣੇ ਆਈਆਂ ਹਨ, ਉਹ ਇਸ ਨੂੰ ਦਲਿਤ ਸਮਾਜ ਵਿਚਲੇ ਸਿਰਫ ਇਕ ਸਮੁਦਾਇ ਦੇ ਨਾਲ ਜੋੜ ਕੇ ਪੇਸ਼ ਕਰਦੀ, ਜਿਸਨੂੰ ਸਮੁੱਚੇ ਪੰਜਾਬੀ ਦਲਿਤ ਸਮਾਜ ਵਾਸਤੇ ਮੰਨਣਾ ਅਪ੍ਰਸੰਗਿਕ ਹੋਵੇਗਾ। ਇਸ ਵਿਚਾਰ ਦੀ ਪੁਸ਼ਟੀ ''ਸਮਾਜ ਬਚਾਓ ਮੋਰਚਾ'' ਅਤੇ ਸ੍ਰੀ ''ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ'' ਵੱਲੋਂ ਬੁਲਾਈਆਂ ਗਈਆਂ ਕਾਨਫਰੰਸਾਂ ਤੋਂ ਸਾਫ ਸਾਫ ਹੁੰਦੀ ਨਜ਼ਰ ਆਉਂਦੀ ਹੈ। ਸਮਾਜ ਬਚਾਓ ਮੋਰਚਾ ਨੇ ਇਸ ਐਲਾਨ ਤੋਂ ਪਹਿਲਾਂ ਵੀ ਇਸ ਬਾਰੇ ਚਿੰਤਾ ਦਰਸਾਉਂਦੇ ਹੋਏ ਹਿਸ ਦੇ ਸਮਾਧਾਨ ਬਾਰੇ ਗੱਲ ਕੀਤੀ ਸੀ।

ਉਪਰੋਕਤ ਰਵਿਦਾਸੀਆ ਧਰਮ ਦੇ ਐਲਾਨ ਨਾਲ ਸਬੰਧਤ ਇਕ ਹੋਰ ਪਹਿਲੂ ਜਿਸ ਬਾਰੇ ਜਿੰਨੀ ਤਕਸੀਲ ਨਾਲ ਵਿਚਾਰ ਚਰਚਾ ਹੋਣੀ ਚਾਹੀਦੀ ਸੀ, ਜੋ ਨਹੀਂ ਹੋ ਸਕੀ, ਉਹ ਹੈ ਇਸ ਦੇ ਪਿੱਛੇ ਛਿਪੇ ਹੋਏ ਕਾਰਨਾਂ ਦਾ ਮੁਲਾਂਕਣ। ਇਸ ਪਰਿਪੇਖ ਵਿਚ ਪਹਿਲੀ ਗੱਲ ਜੋ ਆਪ ਮੁਹਾਰੇ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਇਹ ਮੁੱਦਾ ਧਾਰਮਿਕ ਹੈ, ਸਮਾਜਿਕ-ਰਾਜਨੀਤਿਕ? ਕੀ ਇਹ ਮੁੱਦਾ ਇਕ ਵੱਖਰੇ ਧਰਮ ਦੀ ਸਥਾਪਨਾ ਦੇ ਨਾਲ ਸਬੰਧਿਤ ਹੈ ਜਾਂ ਫਿਰ ਇਕ ਵੱਖਰੀ ਸਮਾਜਿਕ ਅਤੇ ਸਿਆਸੀ ਪਹਿਚਾਣ ਦੀ ਲਾਲਸਾ ਨਾਲ? ਜਿੱਥੋਂ ਤੱਕ ਧਰਮ ਦਾ ਸਵਾਲ ਹੈ, ਉਸ ਬਾਰੇ ਤਾਂ ਕੋਈ ਦੂਸਰੀ ਰਾਏ ਹੀ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਸ ਫ਼ਲਸਫ਼ੇ ਦੀ ਸੇਧ ਪ੍ਰਦਾਨ ਕਰਦਾ ਹੈ, ਉਹ ਸੱਚੇ ਅਤੇ ਸੁੱਚੇ ਬਰਾਬਰਤਾ ਦੇ ਸਨੇਹ ਭਰੇ ਸੁਤੰਤਰ ਸਮਾਜ ਦੀ ਉਸਾਰੀ ਦੇ ਪ੍ਰਤੀ ਆਪਣੇ ਆਪ ਦੇ ਵਿਚ ਲਾਸਾਨੀ ਹੈ। ਗੁਰੂ ਸਾਹਿਬਾਨ ਦੀ ਸਿੱਖਿਆ ਸਿਰਫ ਕਥਨੀ ਤੱਕ ਹੀ ਸੀਮਤ ਨਹੀਂ ਬਲਕਿ ਕਰਨੀ ਵਿਚ ਵੀ ਪੂਰਾ ਉਤਰ ਕੇ ਸਮਾਜ ਦੀ ਕਾਣੀ ਵੰਡ ਦਾ ਖੰਡਨ ਕਰਦੀ ਹੋਈ ਸਮਾਜਿਕ ਬਰਾਬਰਤਾ ਦੇ ਇਨਕਲਾਬ ਦਾ ਹੋਕਾ ਦਿੰਦੀ ਹੈ।




ਹੁਣ ਸਵਾਲ ਉੱਠਦਾ ਹੈ ਕਿ ਉਹ ਕਿਹੜੇ ਕਾਰਨ ਹੋ ਸਕਦੇ ਹਨ, ਜਿਹਨਾਂ ਨੇ ਰਵਿਦਾਸੀਆ ਦਲਿਤ ਸਮੁਦਾਏ ਨੂੰ ਵਖਰੇਵੇਂ ਵੱਲ ਕਦਮ ਪੁੱਟਣ ਲਈ ਮਜਬੂਰ ਕੀਤਾ ਜਾਂ ਫਿਰ ਵੱਖਰੀ ਸਮਾਜਿਕ ਅਤੇ ਰਾਜਨੀਤਿਕ ਪਹਿਚਾਣ ਨੂੰ ਬਣਾਉਣ ਲਈ ਅਜਿਹੀ ਧਾਰਮਿਕ ਵਿਉਂਤਬੰਦੀ ਕਰਨ ਲਈ ਮਜਬੂਰ ਕੀਤਾ? ਅਗਰ ਅਜਿਹਾ ਸਭ ਕੁਝ ਕਿਸੇ ਇਕ ਵਿਸ਼ੇਸ਼ ਘਟਨਾ ਦੇ ਪ੍ਰਤੀਕਰਮ ਵਿਚ ਹੋਇਆ ਮੰਨਿਆ ਜਾਂਦਾ ਹੈ ਤਾਂ ਫਿਰ ਇਸ ਪੂਰਨ ਸਮੱਸਿਆ ਨੂੰ ਸਿਰਫ ਤੇ ਸਿਰਫ ਧਾਰਮਿਕ ਦ੍ਰਿਸ਼ਟੀਕੋਣ ਤੋਂ ਸਮਝਣਾ ਕਿਤੇ ਇਸਨੂੰ ਹੋਰ ਉਲਝਾਉਣ ਵੱਲ ਧੱਕਣ ਦੇ ਬਰਾਬਰ ਤਾਂ ਨਹੀਂ ਹੋਵੇਗਾ? ਸਮਾਜਿਕ ਜਾਂ ਰਾਜਨੀਤਿਕ ਸਮੱਸਿਆਵਾਂ ਅਕਸਰ ਹੀ ਧਰਮ ਭਾਰੂ ਖਿੱਤਿਆਂ ਵਿਚ ਧਾਰਮਿਕ ਰੰਗਾਂ ਦੇ ਵਿਚ ਰੰਗ ਕੇ ਪੇਸ਼ ਕੀਤੀਆਂ ਜਾਂਦੀਆਂ ਹਨ, ਜਿਹਨਾਂ ਦੀਆਂ ਗੰਢਾਂ ਸ਼ਾਂਤੀਪੂਰਵਕ ਖੋਲ੍ਹਣ ਦੀ ਬਜਾਏ ਹੋਰ ਵੀ ਪੀਡੀਆਂ ਹੋ ਕੇ ਉਲਝਦੀਆਂ ਜਾਂਦੀਆਂ ਹਨ।

ਸਮਾਜਿਕ ਪੱਧਰ ਤੇ ਵਿਤਕਰੇ ਦੀ ਗੱਲ ਆਪਣੇ ਆਪ ਵਿਚ ਇਸ ਤਰ੍ਹਾਂ ਨਾਲ ਦਰੁੱਸਤ ਹੋਣ ਦੇ ਨਾਲ ਨਾਲ ਜਦੋਂ ਧਰਮ ਦਾ ਮੁਲੱਮਾ ਚੜ੍ਹਨ ਤੋਂ ਬਾਅਦ ਸਾਹਮਣੇ ਆਉਂਦੀ ਹੈ ਤਾਂ ਉਸ ਦੀ ਰੂਪ ਰੇਖਾ ਤਕਰਾਰ ਤੇ ਤੌਰ ਤੇ ਜ਼ਿਆਦਾ ਅਤੇ ਵਿਤਕਰੇ ਦੇ ਹੱਲ ਵੱਲ ਘੱਟ ਕੇਂਦਰਿਤ ਹੁੰਦੀ ਹੈ। ਵੈਸੇ ਵੀ ਜਿੱਥੋਂ ਤੱਕ ਡੇਰਾ ਬੱਲਾਂ ਦੇ ਉਪਰੋਕਤ ਵਰਣਿਤ ਧਰਮ ਦੇ ਬਾਰੇ ਐਲਾਨ ਦਾ ਸਵਾਲ ਹੈ, ਇਹ ਕੋਈ ਆਪਣੇ ਆਪ ਵਿਚ ਨਵੀਂ ਗੱਲ ਨਹੀਂ ਹੈ। ਜਿਸ ਧਾਰਮਿਕ ਚਿੰਨ੍ਹ ''ਹਰਿ'' ਦੀ ਗੱਲ ਐਲਾਨ ਦੌਰਾਨ ਕੀਤੀ ਗਈ ਹੈ, ਉਹ ਤਾਂ 1987 ਦੌਰਾਨ ਸਰਕਾਰੀ ਤੌਰ ਤੇ ਡੇਰੇ ਵੱਲੋਂ ਰਜਿਸਟਰਡ ਕਰਵਾਇਆ ਜਾ ਚੁੱਕਾ ਹੈ। ''ਜੈ ਗੁਰਦੇਵ'' ਅੱਜ ਦੀ ਉਪਜ ਨਹੀਂ ਇਹ ਤਾਂ ਆਦਿ ਧਰਮ ਲਹਿਰ ਦੇ ਵੇਲੇ ਤੋਂ ਹੀ ਦਲਿਤ ਸਮਾਜ ਵਿਚ ਪ੍ਰਸਿੱਧ ਹੈ।''ਜੈ ਗੁਰਦੇਵ'' ਅੱਜ ਦੀ ਉਪਜ ਨਹੀਂ ਇਹ ਤਾਂ ਆਦਿ ਧਰਮ ਲਹਿਰ ਦੇ ਵੇਲੇ ਤੋਂ ਹੀ ਦਲਿਤ ਸਮਾਜ ਵਿਚ ਪ੍ਰਸਿੱਧ ਹੈ। ਇਸਦਾ ਇਕ ਮਤਲਬ ਇਹ ਹੋ ਸਕਦਾ ਹੈ ਕਿ ਸਮਾਜਿਕ ਸਮੱਸਿਆ ਨਿਰੰਤਰ ਕਾਫੀ ਸਮੇਂ ਤੋਂ ਚੱਲੀ ਆ ਰਹੀ ਹੈ ਜਿਸਦੇ ਫਲਸਰੂਪ ਆਦਿ ਧਰਮ ਲਹਿਰ ਦਾ ਵੀ ਹੋਂਦ ਵਿਚ ਆਉਣਾ ਸਮਝਿਆ ਜਾਂਦਾ ਹੈ। ਪਰ ਹੁਣ ਇਸਦਾ ਧਾਰਮਿਕ ਸਮੱਸਿਆ ਦੇ ਵੱਲ ਮੋੜ ਕੱਟਣਾ ਇਕ ਨਵੀਂ ਸਮੱਸਿਆ ਨੂੰ ਰੁਪਾਂਤਰ ਕਰਦਾ ਮਹਿਸੂਸ ਹੁੰਦਾ ਹੈ। ਜਿਸ ਨਾਲ ਸਮਾਜਿਕ ਵਿਤਕਰੇ ਦਾ ਅਗਰ ਕੋਈ ਹੱਲ ਨਿਕਲਣਾ ਹੈ ਤਾਂ ਉਸ ਬਾਰੇ ਤਾਂ ਸ਼ਾਇਦ ਅੰਦਾਜ਼ਾ ਲਗਾਉਣਾ ਇੰਨਾ ਆਸਾਨ ਨਹੀਂ ਹੋਵੇਗਾ। ਪਰ ਅਜਿਹਾ ਸਭ ਕੁਝ ਸਮਾਜਿਕ ਵਿਤਕਰੇ ਦੀ ਸਮੱਸਿਆ ਨੂੰ ਧਾਰਮਿਕ ਘੁੰਮਣ ਘੇਰੀ ਦੇ ਜੰਜਾਲ ਵਿਚ ਜ਼ਰੂਰ ਫਸਾ ਸਕਦਾ ਹੈ। ਜਿਸ ਤੋਂ ਬਚਣ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਪੰਜਾਬ ਨੂੰ ਪਹਿਲਾਂ ਹੀ ਅਜਿਹੀਆਂ ਸਮੱਸਿਆਵਾਂ ਵੱਲੋਂ ਦਿੱਤੇ ਹੋਏ ਜ਼ਖ਼ਮਾਂ ਤੋਂ ਆਏ ਖਰਿੰਡ ਅਜੇ ਅੱਲ੍ਹੇ ਹਨ। ਅਜਿਹੇ ਮੰਦਭਾਗੇ ਹਾਲਾਤ ਤੋਂ ਬਚਣ ਦਾ ਜੇ ਕੋਈ ਦਰੁੱਸਤ ਰਾਹ ਹੋ ਸਕਦਾ ਹੈ ਤਾਂ ਉਹ ਇਹ ਪ੍ਰੇਮ ਭਾਵ ਨਾਲ ਵਿਚਾਰ ਵਟਾਂਦਰੇ ਦਾ ਰਸਤਾ। ਜਿੱਥੋਂ ਤੱਕ ਰਵਿਦਾਸ ਡੇਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦੀ ਰੀਤ ਦਾ ਸਵਾਲ ਹੈ ਇਸ ਬਾਰੇ ਤਾਂ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਇਹ ਤਾਂ ਸ਼ੁਰੂ ਤੋਂ ਹੀ ਚੱਲੀ ਆ ਰਹੀ ਹੈ। ਇਸ ਦੇ ਨਾਲ ਨਾਲ ਹੀ ਇਨ੍ਹਾਂ ਡੇਰਿਆਂ ਵਿਚ ਸੰਤ ਰਵਿਦਾਸ ਜੀ ਦੀ ਮਹਿਮਾ ਅਤੇ ਪੂਜਨ ਉਹਨਾਂ ਨੂੰ ਗੁਰੂ ਜਾਣ ਦੇ ਕੀਤਾ ਜਾਂਦਾ ਹੈ। ਇਨ੍ਹਾਂ ਡੇਰਿਆਂ ਦੇ ਗੱਦੀ ਨਸ਼ੀਨਾਂ ਨੂੰ ਵੀ ਰਵਿਦਾਸੀਆ ਸਮਾਜ ਗੁਰੂ ਕਹਿ ਕੇ ਪੂਜਦਾ ਆ ਰਿਹਾ। ਰਵਿਦਾਸ ਡੇਰਿਆਂ ਵਿਚ ਪ੍ਰਲੋਕ ਸੁਧਾਰ ਗਏ ਗੱਦੀ ਨਸ਼ੀਨਾਂ ਦੀਆਂ ਮੂਰਤੀਆਂ ਵੀ ਪਾਈਆਂ ਜਾਂਦੀਆਂ ਹਨ। ਇਨ੍ਹਾਂ ਮੂਰਤੀਆਂ ਅਤੇ ਗੁਰੂ ਰਵਿਦਾਸ ਜੀ ਦੀ ਮੂਰਤੀ ਦੇ ਨਾਲ ਰਵਿਦਾਸ ਡੇਰਿਆਂ ਵਿਚ ਮੌਕੇ ਦੇ ਦੇਹਧਾਰੀ ਗੁਰੂਆਂ ਦੇ ਪ੍ਰਤੀ ਅਥਾਹ ਸ਼ਰਧਾ ਪਾਈ ਜਾਂਦੀ ਹੈ। ਇਹ ਰਵਿਦਾਸ ਡੇਰਿਆਂ ਦੀ ਵਿੰਡਬਨਾ ਹੈ ਕਿ ਕੀ ਧਰਮ ਦੇ ਸੰਦਰਭ ਵਿਚ ਇਹ ਸਿੱਖੀ ਰਹਿਤ ਮਰਿਆਦਾ ਦੇ ਨੁਕਤਾ ਨਿਗਾਹ ਤੋਂ ਇਕ ਤਰ੍ਹਾਂ ਦੀ ਉਲੰਘਣਾ ਦੇ ਤੌਰ ਤੇ ਪੇਸ਼ ਹੁੰਦੀ ਹੈ, ਕਿਉਂਕਿ ਸਿੱਖ ਧਰਮ ਵਿਚ ਮੂਰਤੀ ਪੂਜਾ ਅਤੇ ਦੇਹਧਾਰੀ ਗੁਰੂ ਦੀ ਕੋਈ ਜਗ੍ਹਾ ਨਹੀਂ ਹੈ। ਦੂਸਰੇ ਪਾਸੇ ਰਵਿਦਾਸ ਡੇਰਿਆਂ ਦੇ ਗੱਦੀ ਨਸ਼ੀਨਾਂ ਅਤੇ ਪੈਰੋਕਾਰਾਂ ਦੀ ਅਕਸਰ ਇਹ ਧਾਰਨਾ ਹੁੰਦੀ ਹੈ ਕਿ ਉਹ ਸੰਤ ਰਵਿਦਾਸ ਨੂੰ ਗੁਰੂ ਦੀ ਉਪਾਧੀ ਨਾਲ ਸਤਿਕਾਰ ਕੇ ਉਸ ਦੀ ਮਾਨਤਾ ਕਰਦੇ ਹਨ। ਉਹ ਰਵਿਦਾਸ ਡੇਰਿਆਂ ਵਿਚ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਦੀ ਧਾਰਨਾ ਦੀ ਸਫਾਈ ਇਹ ਕਹਿ ਕੇ ਦਿੰਦੇ ਹਨ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਤਹਿ ਦਿਲੋਂ ਕਰਦੇ ਹਨ। ਪਰ ਉਹਨਾਂ ਦਾ ਸਬੰਧ ਰਵਿਦਾਸੀਆ ਸਮਾਜ ਨਾਲ ਹੋਣ ਦੇ ਨਾਤੇ ਉਹ ਇਸ ਸੰਪਰਦਾਇ ਨਾਲ ਸਬੰਧਤ ਰੀਤੀ ਰਿਵਾਜਾਂ ਦੀ ਵੀ ਮੰਨ ਮਨੌਤ ਕਰਦੇ ਹਨ। ਇਸ ਮਸਲੇ ਦਾ ਹੱਲ ਜਿਵੇਂ ਕਿ ਅਸੀਂ ਉਪਰ ਜ਼ਿਕਰ ਕਰ ਆਏ ਹਾਂ ਸਦੀਆਂ ਤੋਂ ਚੱਲੀ ਆ ਰਹੀ ਰੀਤ ਨੂੰ ਛੱਡ ਕੇ ਨਹੀਂ ਹੋਣਾ। ਇਸ ਦਾ ਹੱਲ ਤਾਂ ਬਦਲ ਰਹੀਆਂ ਸਮਾਜਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਵਿਚ ਉਭਰ ਰਹੀ ਦਲਿਤ ਪਹਿਚਾਣ ਅਤੇ ਵਿਸ਼ਵੀਕਰਨ ਦੇ ਮੰਡੀਕਰਨ ਦੇ ਪ੍ਰਭਾਵ ਹੇਠ ਘੁੱਟ ਕੇ ਖੁਦਕੁਸ਼ੀਆਂ ਦੇ ਰਾਹ ਪੈ ਰਹੀ ਗਰੀਬ ਅਤੇ ਮੱਧ ਵਰਗੀ ਕਿਸਾਨੀ ਦੀਆਂ ਆਰਥਿਕ ਤੰਗੀਆਂ, ਤੁਰਸ਼ੀਆਂ ਨੂੰ ਸਮਝ ਕੇ ਤਰਕ ਸੰਗਤ ਵਿਚਾਰ ਵਟਾਂਦਰੇ ਨਾਲ ਹੋਣਾ ਹੈ।


**22 ਅਪ੍ਰੈਲ, 2014 ਲਈ ਵਿਸ਼ੇਸ਼**

**ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਯਾਦ ਵਿੱਚ**

# ਕਦੇ ਵੀ ਨਹੀਂ ਭੁਲਾਇਆ ਜਾ ਸਕਦਾ ਗਦਰੀ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਕਰਨੀ ਨੂੰ

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਮੇਂ ਸਮੇਂ ਤੇ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਇਸ ਧਰਤੀ ਤੇ ਮਹਾਂਪੁਰਖਾਂ ਨੇ ਜਨਮ ਲਿਆ ਅਤੇ ਮਨੁਖਤਾ ਦੇ ਭਲੇ ਲਈ ਕੰਮ ਕੀਤਾ। ਇਨ੍ਹਾਂ ਮਹਾਂਪੁਰਖਾਂ ਵਿੱਚ ਇੱਕ ਨਾਮ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਤੇ ਜਨਮ ਲੈਕੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਮੰਗੂ ਰਾਮ ਮੂਗੋਵਾਲੀਆ ਦਾ ਜਨਮ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਹੋਇਆ। ਬਾਬੂ ਜੀ ਦੇ ਮਾਤਾ ਦਾ ਨਾਮ ਅਤਰੀ ਅਤੇ ਪਿਤਾ ਜੀ ਦਾ ਨਾਮ ਹਰਨਾਮ ਦਾਸ ਸੀ ਅਤੇ ਉਨ੍ਹਾਂ ਦਾ ਪਰਿਵਾਰ ਚਮੜੇ ਦੇ ਧੰਦੇ ਨਾਲ ਜੁੜ੍ਹਿਆ ਹੋਇਆ ਸੀ। ਬਾਬੂ ਜੀ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਹੀ ਸੀ ਜਦੋਂ ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ। ਬਾਬੂ ਜੀ ਨੇ ਜਾਤ ਅਧਾਰਿਤ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆ ਅਤੇ ਪਿੰਡੇ ਤੇ ਹੰਢਾਇਆ। ਬਾਬੂ ਮੰਗੂ ਰਾਮ ਮੂਗੋਵਾਲੀਆ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ। 23 ਸਾਲ ਦੀ ਉਮਰ ਵਿਚ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਬਾਬੂ ਜੀ ਨੇ ਕੁੱਝ ਸਾਲ ਫਰੈਸਨੋ ਅਤੇ ਕੈਲਫੋਰਨੀਆ ਨਾਲ ਲੱਗਦੇ ਇਲਾਕਿਆਂ ਵਿੱਚ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ। ਇਸ ਸਮੇਂ ਸਾਨ ਫਰਾਂਸਿਸਕੋ ਵਿੱਚ ਗਦਰ ਲਹਿਰ ਸ਼ੁਰੂ ਹੋ ਗਈ ਸੀ ਅਤੇ ਬਰਤਾਨੀਆਂ ਬਸਤੀਵਾਦ ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਦੀ ਮੁਹਿੰਮ ਚੱਲ ਰਹੀ ਸੀ।

ਬਾਬੂ ਮੰਗੂ ਰਾਮ ਇਸ ਦੌਰਾਨ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ 1 ਨਵੰਬਰ, 1913 ਵਿੱਚ ਸਥਾਪਿਤ ਕੀਤੀ ਗਈ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਇਸ ਦੌਰਾਨ ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸੰਮੁਦਰ ਰਸਤੇ ਭਾਰਤ ਲਿਜਾਉਣਾ ਸੀ। ਇਸ ਮਿਸ਼ਨ ਜਿਸਦਾ ਦੀ ਜਿੰਮੇਵਾਰੀ ਬਾਬੂ ਜੀ ਨੂੰ ਦਿਤੀ ਗਈ। ਇਸ ਮਿਸ਼ਨ ਦੀ ਭਣਕ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ ਅਤੇ ਸਰਕਾਰ ਨੇ ਇਸਦੀ ਜਾਸੂਸੀ ਸ਼ੁਰੂ ਕਰ ਦਿਤੀ। ਇਹ ਮਿਸ਼ਨ ਜਿਸਨੂੰ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਜੋਕਿ 1915 ਵਿੱਚ ਚੱਲਿਆ ਅਤੇ ਕਾਮਾਗਾਟਾ ਮਾਰੂ ਕਹਿਲਾਂਦਾ ਹੈ ਬਰਤਾਨੀਆਂ ਸਰਕਾਰ ਨੇ ਸੰਮੁਦਰ ਵਿੱਚ ਤੋਪਾਂ ਨਾਲ ਉਡਾ ਦਿਤਾ।




ਬਾਬੂ ਮੰਗੂ ਰਾਮ ਜੀ ਕਿਸੇ ਤਰੀਕੇ ਨਾਲ ਬਚ ਗਏ ਪਰੰਤੂ ਪਰਿਵਾਰ ਨੇ ਸੋਚਿਆ ਕਿ ਬਾਬੂ ਜੀ ਵੀ ਮਾਰੇ ਗਏ ਹਨ ਅਤੇ ਉਨ੍ਹਾ ਦੀ ਪਤਨੀ ਨੂੰ ਵਿਧਵਾ ਮੰਨਦੇ ਹੋਏ ਦੂਜੇ ਭਰਾ ਨਾਲ ਵਿਆਹ ਦਿਤਾ। ਬਾਬੂ ਮੰਗੂ ਰਾਮ ਜੀ ਇਸਤੋਂ ਬਾਦ 1925 ਵਿੱਚ ਭਾਰਤ ਵਾਪਸ ਆ ਗਏ। ਉਨ੍ਹਾਂ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਇੱਕ ਪਾਸੇ ਦੇਸ਼ ਨੂੰ ਅੰਗਰੇਜਾ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਹੈ ਪਰੰਤੂ ਸਦੀਆਂ ਤੋਂ ਗੁਲਾਮੀ ਸਹਿ ਰਹੇ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁੱਝ ਨਹੀਂ ਕਰ ਰਿਹਾ ਹੈ। ਇਸ ਦੌਰਾਨ ਹੀ ਆਰਿਆ ਸਮਾਜ ਦੇ ਆਗੂਆਂ ਵਲੋਂ ਹਿੰਦੂ ਧਰਮ ਵਿੱਚ ਫੈਲੀਆਂ ਕੁੱਝ ਕੁਰੀਤੀਆਂ ਨੂੰ ਲੈਕੇ ਅੰਦੋਲਨ ਚੱਲ ਰਿਹਾ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਅਛੂਤਾਂ ਦੀ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਆਦਿ ਧਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ ਅਤੇ ਇਸ ਲਹਿਰ ਦਾ ਪਹਿਲਾ ਪ੍ਰਧਾਨ ਸਰਬ ਸੰਮਤੀ ਨਾਲ ਬਾਬੂ ਜੀ ਨੂੰ ਬਣਾਇਆ ਗਿਆ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦਿ ਧਰਮ ਸੰਗਠਨ ਦਾ ਪਹਿਲਾ ਦਫਤਰ ਖੋਲਿਆ ਗਿਆ ਅਤੇ ਬਾਬੂ ਜੀ ਜਲੰਧਰ ਰਹਿਣ ਲੱਗ ਪਏ ਜਿੱਥੇ ਉਹ 1940 ਤੱਕ ਰਹੇ ਅਤੇ ਆਦਿ ਧਰਮ ਮਿਸ਼ਨ ਅਤੇ ਅਛੂਤਾਂ ਦੀ ਭਲਾਈ ਲਈ ਕੰਮ ਕੀਤਾ। ਸਾਇਮਨ ਕਮਿਸ਼ਨ ਅੱਗੇ ਉਨ੍ਹਾਂ ਨੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਦਲਿਤ ਨਾਂ ਹੀ ਹਿੰਦੂ ਹਨ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਨ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ।

ਅੰਤ ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ। ਇਸ ਦੌਰਾਨ ਹੀ ਦਲਿਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਬਾਬੂ ਮੰਗੂ ਰਾਮ ਦੇ ਸੰਘਰਸ਼ ਤੋਂ ਬਾਦ 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਤੋਂ ਪੱਤਰ ਅਤੇ ਤਾਰਾਂ ਭੇਜੀਆਂ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ।



ਕੁਲਦੀਪ ਚੰਦ
94175-63054

1946 ਵਿੱਚ ਬਾਬੂ ਮੰਗੂ ਰਾਮ ਜੀ ਵਿਧਾਇਕ ਬਣੇ ਅਤੇ 1952 ਤੱਕ ਵਿਧਾਇਕ ਰਹੇ। ਅਜਾਦ ਭਾਰਤ ਵਿੱਚ ਵੀ ਬਾਬੂ ਜੀ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ।

ਅੰਤ 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਦਲਿਤ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਬਾਬੂ ਮੰਗੂ ਰਾਮ ਮੂਗੋਵਾਲੀਆਂ ਵਲੋਂ ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਗਏ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਜੀ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com
Phone: 510-538-1138



HAPPY TRAVELS AGENCY



Harjit (Happy)
Agency Owner
HappyTravels Agency

Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and All Over The World
Email: happytravelsusa@yahoo.com
PHONE: 209-594-8473
E-FAX: 877-623-6177
1743 GRAND CANAL BLVD
12 STOCKTON, CA 95207



Mikasa HOMES & FUNDING

Rakesh Chander

Mikasa Homes & Funding
1601 S. De Anza Blvd, Suite 118
Cupertino, CA 95014



Rakesh Chander
Realtor

Cell: (916) 698-3808
Fax: (916) 725-5812

Mikasa Homes & Funding
DRE Lic.: 01866732

Email: mchander@comcast.net, Web: www.mikasafunding.com



AAA AUTO AND BODY WORKS


ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



Prop: Jasbir Singh Takhar
510-755-2132

We Do Complete Engine Transmission, Body and Paint Work We Sell Used Cars at a Good Price

Free Estimates
Free Towing



Harmandeep Singh

510- 733- 2222
1421 Industrial PKWY West#F Hayward, CA 94544



TANDOOR Indian Restaurant

27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.

BUFFET LUNCH
11:00 AM TO
3:00 PM.

WE ARE OPEN
SEVEN DAYS
11AM TO 10PM



ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

Contact Us:
Ph. 510-885-1212,
Fax 510-885-1532



Surinder Koka
www.haywardtandoor.com

Nationwide®

AUTO HOME LIFE

BUNDLE & SAVE UPTO 25%

Let Nationwide combine your auto, home and life insurance policies. You'll get our famous On Your Side * service and you could save up to 25%. To learn more about combining your policies, call us today.

Nationwide* Insurance
www.nationwide.com/jhamat

Manjinder S Jhamat
Jhamat Insurance Agency
1743 Grand Canal Blvd. Suite 12
Stockton CA 95207
(209) 472-2061
jhamatm@nationwide.com

Products underwritten by Nationwide Mutual Insurance Company and Affiliated Companies, Columbus, OH, Subject to underwriting guidelines, review and approval. Nationwide, the Nationwide Framemark, and On Your Side are service marks of Nationwide Mutual Insurance Company, Saving compared to standalone price of each policy, based on national new customer data from May 2010. Availability and discounts vary by state and other factors. ADP-1230 (06/11)



Manjinder S Jhamat

INDIA BAZAAR




Indian, Pakistani & Fijjian Groceries

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com

1304-E HAMMER LANE, Suite 12, STOCKTON CA, 95210

FREE WiFi

Ram Gopal

Annabelle's Pizza & Pasta Kitchen

200 "J" Street
Sacramento, CA 95814 (916) 448-6239

BIG SCREEN TV

Annabelle's Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM

Varieties of Video Games Available

Variety of Sandwiches are also available




Ram Gopal

Features All you can eat italian Buffet

(Our Dough is Freshly Rolled Daily and Made of the Finest Ingredients)

Now Serving Beer &Wine!




Ram Gopal (916) 448-6239
200 "J" Street, Sacramento, CA 95814

Sam's Auto Repair & Services

Professional Auto Repairs & Services
BRAKE & LAMP INSPECTION
Domestic & Foreign Cars

STAR CERTIFIED TEST & REPAIR STATION

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ www.smogcheck.ca.gov ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ DMV ਰਜਿਸਟ੍ਰੇਸਨ ਵੀ ਕਰਵਾ ਸਕਦੇ ਹੋ

649 West Elkhorn Blvd, Suite B Rio Linda, CA 95673

(916) 992-9004




$10.00 Off initial Smog Check
Restrictions Apply - See Store for Details

(916) 334-7664
6421 Watt Ave.
North Highlands, CA 95660
STAR Certified

# 03 ਮਈ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼

# ਲੋਕਤੰਤਰ ਦਾ ਚੋਥਾ ਥੰਮ ਵੀ ਹੋ ਰਿਹਾ ਹੈ ਭ੍ਰਿਸ਼ਟਾਚਾਰ ਅਤੇ ਰਾਜਨੀਤੀ ਦਾ ਸ਼ਿਕਾਰ



**ਕੁਲਦੀਪ ਚੰਦ**

3 ਮਈ ਦਾ ਦਿਹਾੜਾ ਵਿਸ਼ਵ ਪ੍ਰੈਸ ਦਿਵਸ ਅਤੇ ਵਿਸ਼ਵ ਪ੍ਰੈਸ ਅਜਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪ੍ਰੈਸ ਸਮਾਜ ਦਾ ਦਰਪਣ ਹੈ ਜਿਸਦਾ ਫਰਜ਼ ਸਮਾਜ ਦੀ ਸਹੀ ਤਸਵੀਰ ਲੋਕਾਂ ਸਾਹਮਣੇ ਪੇਸ਼ ਕਰਦਾ ਹੈ। ਪ੍ਰੈਸ ਦੀ ਅਜਾਦੀ ਸਮਾਜ ਅਤੇ ਦੇਸ਼ ਦੀ ਅਜਾਦੀ ਹੈ। ਸੰਯੁਕਤ ਰਾਸ਼ਟਰ ਸੰਘ ਨੇ 1993 ਵਿੱਚ 03 ਮਈ ਦੇ ਦਿਹਾੜੇ ਨੂੰ ਪ੍ਰੈਸ ਅਜਾਦੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ। ਗਲੋਬਲ ਪ੍ਰੈਸ ਫਰੀਡਮ ਰੈਂਕਿੰਗ ਅਨੁਸਾਰ ਦੁਨੀਆਂ ਦੇ ਕੁੱਲ 197 ਦੇਸ਼ਾਂ ਵਿੱਚੋਂ 63 ਦੇਸ਼ਾਂ ਵਿੱਚ ਪ੍ਰੈਸ ਨੂੰ ਸੰਪੂਰਨ ਆਜ਼ਾਦੀ ਪ੍ਰਾਪਤ ਹੈ, ਜਦਕਿ 70 ਦੇਸ਼ਾਂ ਵਿੱਚ ਪ੍ਰੈਸ ਨੂੰ ਅਧੂਰੀ ਅਜ਼ਾਦੀ ਪ੍ਰਾਪਤ ਹੈ ਅਤੇ 64 ਦੇਸ਼ਾਂ ਵਿੱਚ ਪ੍ਰੈਸ ਨੂੰ ਕੋਈ ਵੀ ਆਜ਼ਾਦੀ ਪ੍ਰਾਪਤ ਨਹੀਂ ਹੈ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਸਾਡੇ ਦੇਸ਼ ਭਾਰਤ ਨੂੰ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿੱਚ 79ਵਾਂ ਰੈਂਕ ਪ੍ਰਾਪਤ ਹੈ। ਸਾਡੇ ਦੇਸ਼ ਵਿੱਚ ਮੀਡੀਆ ਨੇ ਆਜ਼ਾਦੀ ਦੀ ਲੜਾਈ ਵਿੱਚ ਅੱਗੇ ਹੋ ਕੇ ਭੂਮਿਕਾ ਨਿਭਾਈ ਹੈ। ਮੀਡੀਆ ਨੇ ਹੀ ਜੋ ਕਿ ਉਦੋਂ ਸਿਰਫ ਪ੍ਰਿੰਟ ਮੀਡੀਆ ਹੀ ਸੀ ਨੇ ਦੇਸ਼ ਵਿੱਚ ਲੋਕਾਂ ਦੀ ਬਦਤਰ ਹਾਲਤ ਦੀਆਂ ਤਸਵੀਰਾਂ ਬਿਆਨ ਕਰਕੇ ਲੋਕਾਂ ਨੂੰ ਆਜ਼ਾਦੀ ਦੀ ਲੜਾਈ ਲੜਨ ਲਈ ਪ੍ਰੇਰਣਾ ਦਿੱਤੀ। ਸਾਡੇ ਦੇਸ਼ ਵਿੱਚ ਅਜਾਦੀ ਤੋਂ ਬਾਦ ਅਜਾਦ ਭਾਰਤ ਦੇ ਸੰਵਿਧਾਨ ਵਿੱਚ ਦਰਜ ਮੌਲਿਕ ਅਧਿਕਾਰਾਂ ਵਿੱਚ ਵਿਚਾਰ ਪ੍ਰਗਟਾਉਣ ਦੀ ਅਜਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਪ੍ਰੈਸ ਦੀ ਅਜਾਦੀ ਵੀ ਸ਼ਾਮਿਲ ਹੈ। ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ ਪਰ ਬਦ ਕਿਸਮਤੀ ਨਾਲ ਲੋਕਤੰਤਰ ਦੇ ਇਸ ਚੌਥੇ ਥੰਮ ਨੂੰ ਹੌਲੀ-ਹੌਲੀ ਗ੍ਰਹਿਣ ਲੱਗਦਾ ਨਜ਼ਰ ਆ ਰਿਹਾ ਹੈ। ਕੁਝ ਦਹਾਕੇ ਪਹਿਲਾਂ ਤੱਕ ਮੀਡੀਆ ਅਤੇ ਮੀਡੀਆ ਕਰਮੀਆਂ ਦੀ ਵਿਸ਼ੇਸ਼ ਪਹਿਚਾਣ ਹੁੰਦੀ ਸੀ। ਮੀਡੀਆ ਵਿੱਚ ਆਈ ਘਟਨਾ ਦੇ ਆਧਾਰ ਤੇ ਪ੍ਰਸ਼ਾਸ਼ਨ ਅਤੇ ਸਰਕਾਰ ਵੱਲੋਂ ਸਖਤ ਕਾਰਵਾਈ ਕੀਤੀ ਜਾਂਦੀ ਸੀ ਪਰ ਪਿਛਲੇ ਕੁਝ ਸਾਲਾਂ ਦੌਰਾਨ ਹਾਲਾਤ ਬਦਤਰ ਤੋਂ ਬਦਤਰ ਹੋ ਰਹੇ ਹਨ। ਹੁਣ ਮੀਡੀਆ ਵਿੱਚ ਉਜਾਗਰ ਹੁੰਦੀਆਂ ਘਟਨਾਵਾਂ ਦਾ ਅਸਰ ਕੁਝ ਕੁ ਘੰਟੇ ਵੇਖਣ ਨੂੰ ਮਿਲਦਾ ਹੈ ਅਤੇ ਉਸਤੋਂ ਬਾਅਦ ਉਹ ਘਟਨਾ ਖਬਰ ਬਾਸੀ ਰੋਟੀ ਵਾਂਗ ਹੋ ਜਾਂਦੀ ਹੈ। ਅੱਜ ਸਾਡੇ ਸਮਾਜ ਅਤੇ ਦੇਸ਼ ਵਿੱਚ ਆਏ ਦਿਨ ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਮੀਡੀਆ ਵਿੱਚ ਪਹੁੰਚੇ ਕੁਝ ਗਲਤ ਕਿਸਮ ਦੇ ਵਿਅਕਤੀਆਂ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵੀ ਵਿਸ਼ਵਾਸ਼ ਉਠਦਾ ਜਾ ਰਿਹਾ ਹੈ ਜੋ ਕਿ ਸਮਾਜ ਅਤੇ ਦੇਸ਼ ਲਈ ਇੱਕ ਖਤਰਨਾਕ ਸੰਕੇਤ ਹੈ। ਸਮਾਜ ਵਿੱਚ ਵੱਧ ਰਹੀਆਂ ਸਮਾਜਿਕ ਬੁਰਾਈਆਂ ਭਾਵੇਂ ਉਹ ਏਡਜ਼ ਹੋਵੇ, ਕੰਨਿਆਂ ਭਰੂਣ ਹੱਤਿਆ ਹੋਵੇ, ਕੈਂਸਰ ਹੋਵੇ, ਮਹਿਲਾਵਾਂ ਤੇ ਹੋ ਰਹੇ ਅਤਿਆਚਾਰ ਆਦਿ ਬਾਰੇ ਅਕਸਰ ਮੀਡੀਆ ਰਿਪੋਰਟਾਂ ਛੱਪਦੀਆਂ ਹਨ ਅਤੇ ਕਈ ਵਾਰ ਕੁਝ ਅਧਿਕਾਰੀਆਂ ਵੱਲੋਂ ਇਨ੍ਹਾਂ ਰਿਪੋਰਟਾਂ ਨੂੰ ਆਧਾਰ ਬਣਾਕੇ ਬਣਦੀ ਕਾਰਵਾਈ ਕੀਤੀ ਜਾਂਦੀ ਹੈ ਪਰ ਇਹ ਅਜੇ ਵੀ ਆਟੇ ਵਿੱਚ ਲੂਣ ਬਰਾਬਰ ਹੀ ਹੈ। ਬਦਲਦੇ ਹਾਲਤਾਂ ਕਾਰਨ ਕਈ ਵਾਰ ਮੀਡੀਆ ਨਾਲ ਜੁੜੇ ਵਿਅਕਤੀਆਂ ਨੂੰ ਹਾਲਤ ਨਾਲ ਸਮਝੌਤਾ ਕਰਕੇ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰ ਹਾਲਤਾਂ ਨਾਲ ਸਮਝੌਤਾ ਨਾ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਇਸਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ। ਦੇਸ਼ ਦੀ ਪ੍ਰੈਸ ਤੇ ਸਭ ਤੋਂ ਮਾੜਾ ਸਮਾਂ ਦੇਸ਼ ਵਿੱਚ ਲਗਾਈ ਗਈ ਐਮਰਜੇਂਸੀ ਦੇ ਸਮੇਂ ਆਇਆ ਸੀ। ਉਸ ਸਮੇਂ ਸਮੁੱਚੀ ਪ੍ਰੈਸ ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਸੀ। ਹੁਣ ਵੀ ਭਾਰਤ ਵਿੱਚ ਪ੍ਰੈਸ ਨੂੰ ਅੱਧੀ ਆਜ਼ਾਦੀ ਹੀ ਪ੍ਰਾਪਤ ਹੈ। ਭਾਰਤ ਜੋ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤਾਂਤਰਿਕ ਦੇਸ਼ ਹੈ। ਪਰ ਲੋਕਤੰਤਰ ਦੇ ਚੌਥੇ ਥੰਮ ਮਤਲਬ ਕਿ ਪ੍ਰੈਸ ਦੀ ਅਜ਼ਾਦੀ ਵਿੱਚ ਸਰਕਾਰ ਵੱਲੋਂ ਅੱਜ ਵੀ ਰੋੜੇ ਅਟਕਾਏ ਜਾ ਰਹੇ ਹਨ। ਬਦਲਦੇ ਹਾਲਤਾਂ ਕਾਰਨ ਕਈ ਵਾਰ ਮੀਡੀਆ ਨਾਲ ਜੁੜੇ ਵਿਅਕਤੀਆਂ ਨੂੰ ਹਾਲਤ ਨਾਲ ਸਮਝੌਤਾ ਕਰਕੇ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰ ਹਾਲਤਾਂ ਨਾਲ ਸਮਝੌਤਾ ਨਾ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਇਸਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ। ਪਿਛਲੇ ਸਮੇਂ ਦੌਰਾਨ ਮੀਡੀਆ ਵਿਸ਼ੇਸ ਤੌਰ ਤੇ ਅਖਬਾਰਾਂ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਨੇ ਕੰਮ ਕਰਨਾ ਸ਼ੁਰੂ ਕੀਤਾ ਹੈ ਜਿਸ ਕਾਰਨ ਬਹੁਤੀ ਵਾਰ ਇਹ ਸਰਕਾਰੀ ਕਰਮਚਾਰੀ ਬਣੇ ਪੱਤਰਕਾਰ ਅਪਣੇ ਅਖਬਾਰ ਲਈ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਦੂਜੇ ਪਾਸੇ ਕਈ ਵਾਰ ਕਈ ਪੱਤਰਕਾਰ ਬਣੇ ਸਰਕਾਰੀ ਕਰਮਚਾਰੀ ਅਪਣੇ ਵਿਭਾਗ ਵਿੱਚ ਤਨਦੇਹੀ ਨਾਲ ਕੰਮ ਨਹੀਂ ਕਰਦੇ ਹਨ। ਕਈ ਮਹੀਨੇ ਪਹਿਲਾਂ ਪੰਜਾਬ ਸਰਕਾਰ ਨੇ ਅਜਿਹੇ ਪੱਤਰਕਾਰ ਬਣੇ ਸਰਕਾਰੀ ਕਰਮਚਾਰੀਆਂ ਖਿਲਾਫ ਕਾਰਵਾਈ ਵੀ ਕੀਤੀ ਸੀ। ਇਸ ਸਬੰਧੀ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਚੰਡੀਗੜ੍ਹ ਨੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ, ਐਲੀਮੈਂਟਰੀ ਸਿਖਿਆ) ਪੰਜਾਬ ਨੂੰ ਪੱਤਰ ਨੰਬਰ ਐਸ.ਐਸ. ਏ./2012/ਐਡਮਨ/83234 ਮਿਤੀ 7.8.2012 ਰਾਹੀਂ ਸਿੱਖਿਆ ਵਿਭਾਗ ਦੇ ਕਰਮਚਾਰੀਆਂ ਵੱਲੋਂ ਪੱਤਰਕਾਰੀ ਕਰਨ ਬਾਰੇ ਲਿਖਿਆ ਸੀ। ਇਸ ਸਬੰਧੀ ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਦੇ ਨਿਯਮ ਬੜੇ ਸਪੱਸ਼ਟ ਹਨ ਜਿਨ੍ਹਾਂ ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਆਰ-ਟੀਕਲ ਨਹੀਂ ਲਿਖ ਸਕਦਾ ਅਤੇ ਇਸ ਤਰ੍ਹਾਂ ਉਕਤ ਰੂਲਾਂ ਅਨੁਸਾਰ ਸਰਕਾਰ ਦਾ ਮੁਲਾਜ਼ਮ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ। ਕਿਸੇ ਵੀ ਮੁਲਾਜ਼ਮ ਵੱਲੋਂ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ ਹੈ। ਕਈ ਮੀਡੀਆ ਗਰੁੱਪ ਸਿੱਧੇ ਤੋਰ ਤੇ ਹੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੇ ਨਿੰਯਤਰਣ ਅਧੀਨ ਚੱਲ ਰਹੇ ਹਨ। ਸਮਾਜ ਵਿੱਚ ਮੀਡੀਆ ਕਰਮੀਆਂ ਦੀ ਬਦਲ ਰਹੀ ਭੂਮਿਕਾ ਵਿਸੇਸ ਤੌਰ ਤੇ ਆਮ ਲੋਕਾਂ ਨਾਲ ਜੁੜ੍ਹੇ ਇਲੈਕਟ੍ਰਾਨਿਕ ਮੀਡੀਆਂ ਅਤੇ ਪ੍ਰਿੰਟ ਮੀਡੀਆ ਨਾਲ ਜੁੜ੍ਹੇ ਬਹੁਤੇ ਮੀਡੀਆ ਕਰਮੀ ਲੋਕਾਂ ਤੋਂ ਦੂਰ ਹੋ ਚੁੱਕੇ ਹਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਲੋਕਾਂ ਤੱਕ ਪਹੁੰਚਾਣ ਦੀ ਬਜਾਏ ਅਪਣੇ ਨਿੱਜੀ ਹਿੱਤਾਂ ਨੂੰ ਪਹਿਲ ਦਿੰਦੇ ਹਨ। ਸਥਾਨਕ ਮੀਡੀਆ ਵਿੱਚ ਬਹੁਤੇ ਮੀਡੀਆ ਕਰਮੀ ਅਜਿਹੇ ਆ ਗਏ ਹਨ ਜੋਕਿ ਸਿਰਫ ਪੈਸੇ ਦੇ ਅਧਾਰ ਤੇ ਹੀ ਪ੍ਰੈਸ ਦਾ ਨਾਮ ਵਰਤ ਰਹੇ ਹਨ। ਪੰਜਾਬੀ ਦੇ ਇੱਕ ਉਘੇ ਪੱਤਰਕਾਰ ਵਲੋਂ ਪਿਛਲੇ ਸਮੇਂ ਦੌਰਾਨ ਲਿਖੀ ਗਈ ਕਿਤਾਬ ਵਿੱਚ ਪੱਤਰਕਾਰਤਾ ਵਿੱਚ ਆ ਰਹੇ ਨਿਘਾਰ ਬਾਰੇ ਚਿੰਤਨ ਕੀਤਾ ਗਿਆ ਹੈ। ਪ੍ਰੈਸ ਕੌਂਸਲ ਆਫ ਇੰਡੀਆ ਦੇ ਚੇਅਰਮੈਨ ਮਾਣਯੋਗ ਮਾਰਕੰਡੇ ਕਟਾਜੂ ਰਿਟਾਇਰਡ ਜੱਜ ਸੁਪਰੀਮ ਕੌਰਟ ਆਫ ਇੰਡੀਆ ਨੇ ਵੀ ਪੰਜਾਬੀ ਯੂਨੀ-ਵਰਸਿਟੀ ਪਟਿਆਲਾ ਵਿੱਚ ਇੱਕ ਸੈਮੀਨਾਰ ਦੌਰਾਨ ਮੀਡੀਆ ਨੂੰ ਅਪਣੀ ਭੂਮਿਕਾ ਸਹੀ ਤਰੀਕੇ ਨਾਲ ਨਿਭਾਉਣ ਲਈ ਕਿਹਾ ਸੀ ਤਾਂ ਜੋ ਸਮਾਜ ਦੇ ਪੱਛੜੇ ਅਤੇ ਲਿਤਾੜੇ ਵਰਗਾਂ ਦੀਆਂ ਮੁਸ਼ਕਿਲਾਂ ਬਾਰੇ ਦੇਸ਼ ਅਤੇ ਆਮ ਲੋਕਾਂ ਨੂੰ ਪਤਾ ਚੱਲ ਸਕੇ। ਪ੍ਰੈਸ ਕੌਂਸਲ ਆਫ ਇੰਡੀਆ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ 31 ਮਾਰਚ 2012 ਤੱਕ ਧਾਰਾ 13 ਅਤੇ ਧਾਰਾ 14 ਅਧੀਨ ਕੁੱਲ 877 ਮਾਮਲੇ ਪੈਂਡਿੰਗ ਸਨ। 1 ਅਪ੍ਰੈਲ 2012 ਤੋਂ ਲੈ ਕੇ 31 ਮਾਰਚ 2013 ਤੱਕ ਧਾਰਾ 13 ਅਤੇ ਧਾਰਾ 14 ਅਧੀਨ ਕੁੱਲ 1051 ਮਾਮਲੇ ਦਰਜ ਹੋਏ ਅਤੇ ਇਸ ਸਮੇਂ ਦੌਰਨ 189 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ। ਧਾਰਾ 14 ਅਧੀਨ ਕੌਂਸਲ ਸਾਹਮਣੇ 1 ਮਾਮਲਾ ਸਿੱਧਾ ਪੇਸ਼ ਕੀਤਾ ਗਿਆ ਹੈ। 31 ਮਾਰਚ 2013 ਨੂੰ ਕੌਂਸਲ ਵਿੱਚ 932 ਮਾਮਲੇ ਵਿਚਾਰ ਅਧੀਨ ਸਨ। ਪ੍ਰੈਸ ਕੌਂਸਲ ਆਫ ਇੰਡੀਆ ਦੀਆਂ ਰਿਪੋਰਟਾਂ ਅਨੁਸਾਰ 01 ਅਪ੍ਰੈਲ 2012 ਤੋਂ ਲੈਕੇ 31 ਮਾਰਚ 2013 ਤੱਕ ਦੇ ਸਮੇਂ ਦੌਰਾਨ ਮੀਡੀਆ ਸਬੰਧੀ ਲੱਗਭੱਗ 2576 ਸ਼ਿਕਾਇਤਾਂ ਕੌਂਸਲ ਕੋਲ ਆਈਆਂ ਹਨ ਜਿਸ ਵਿਚੋਂ 552 ਵੱਖ ਵੱਖ ਸਰਕਾਰੀ ਅਧਿਕਾਰੀਆਂ ਖਿਲਾਫ ਸਨ ਜਦਕਿ 2024 ਮੀਡੀਆ ਕਰਮੀਆਂ ਖਿਲਾਫ ਸਨ। ਇਨ੍ਹਾਂ ਰਿਪੋਰਟਾਂ ਨੂੰ ਵੇਖਕੇ ਪਤਾ ਚੱਲਦਾ ਹੈ ਕਿ ਅੱਜ ਜਿੱਥੇ ਵੱਖ ਵੱਖ ਸਰਕਾਰੀ ਅਧਿਕਾਰੀਆਂ ਵਲੋਂ ਪ੍ਰੈਸ ਦੀ ਅਜਾਦੀ ਖਤਮ ਕਰਨ ਲਈ ਕੋਸਿਸ਼ਾਂ ਕੀਤੀਆਂ ਜਾ ਰਹੀਆਂ ਹਨ ਉਥੇ ਦੂਜੇ ਪਾਸੇ ਬਹੁਤੇ ਮੀਡੀਆ ਕਰਮੀ ਵੀ ਅਪਣੀ ਬਣਦੀ ਭੂਮਿਕਾ ਸਹੀ ਢੰਗ ਨਾਲ ਨਹੀਂ ਨਿਭਾ ਰਹੇ ਹਨ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹੋਈਆਂ ਚੋਣਾਂ ਦੌਰਾਨ ਸਾਹਮਣੇ ਆਏ ਪੇਡ ਨਿਊਜ਼ ਦੇ ਹਜ਼ਾਰਾਂ ਮਾਮਲਿਆਂ ਨੇ ਵੀ ਪ੍ਰੈਸ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਜੋਕਿ ਪ੍ਰੈਸ ਦੀ ਅਜ਼ਾਦੀ ਲਈ ਖਤਰਾ ਹੈ। ਅੱਜ ਲੋੜ ਹੈ ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੂੰ ਬਚਾਉਣ ਦੀ ਤਾਂ ਜੋ ਹੱਕ ਅਤੇ ਸੋਚ ਦੀ ਆਵਾਜ਼ ਬੁਲੰਦ ਰਹਿ ਸਕੇ। ਜੇਕਰ ਹੁਣ ਵੀ ਇਸ ਪ੍ਰਤੀ ਗੰਭੀਰਤਾ ਨਾਲ ਨਾ ਸੋਚਿਆ ਤਾਂ 3 ਮਈ ਦਾ ਦਿਹਾੜਾ ਜੋ ਕਿ ਵਿਸ਼ੇਸ਼ ਤੌਰ ਤੇ ਪ੍ਰੈਸ ਦੇ ਅਜਾਦੀ ਦਿਵਸ ਵਜੋਂ ਮਨ-ਾਇਆ ਜਾਂਦਾ ਹੈ ਦੇ ਕੋਈ ਅਰਥ ਨਹੀਂ ਰਹਿ ਜਾਣਗੇ ਅਤੇ ਮੀਡੀਆ ਸੱਚਮੁੱਚ ਸਰਕਾਰ ਅਤੇ ਪ੍ਰਭਾਵਸ਼ਾਲੀ ਲੋਕਾਂ ਦੇ ਪ੍ਰਭਾਵ ਅਧੀਨ ਹੀ ਕੰਮ ਕਰੇਗਾ ਜੋ ਕਿ ਸਮਾਜ ਅਤੇ ਦੇਸ਼ ਲਈ ਖਤਰਨਾਕ ਸਾਬਿਤ ਹੋਵੇਗਾ।




# ਮਨੁੱਖਤਾ ਦੀ ਭਲਾਈ ਲਈ ਸ੍ਰੀ ਗੁਰੂ ਰਵਿਦਾਸ ਸਭਾ ਦੇ ਵਧਦੇ ਕਦਮ

(ਪਹਿਲੇ ਸਫੇ ਦੀ ਬਾਕੀ

ਭਰਮਾਂ ਵਿਚ ਪਾ ਕੇ ਆਪਣਾ ਤੋਰੀ ਫੁਲਕਾ ਤੋਰਨ ਦੀ ਗੱਲ ਹੈ।

ਅੱਜ ਤੋਂ 25 ਸਾਲ ਪਹਿਲਾਂ 1988 ਵਿਚ ਸਾਡੇ ਸਤਿਕਾਰਯੋਗ ਬਜ਼ੁਰਗ ਸਾਹਿਬਾਨ ਨੇ ਇਹਨਾਂ ਵਿਦੇਸ਼ਾਂ ਦੀ ਧਰਤੀ ਤੇ ਆ ਕੇ ਗੁਰੂ ਸਾਹਿਬਾਨ ਦੀ ਸੋਚ, ਮਹਾਨ ਵਿਰਸੇ ਨਾਲ ਜੋੜੀ ਰੱਖਣ ਵਾਸਤੇ ਆਪਣੀ ਖੂਨ ਪਸੀਨੇ ਦੀ ਕਮਾਈ ਵਿਚੋਂ ਇਹ ਗੁਰੂ ਰਵਿਦਾਸ ਗੁਰੂ ਘਰ ਨਿਊਯਾਰਕ ਦੀ ਧਰਤੀ ਤੇ ਗੁਰੂ ਗ੍ਰੰਥ ਸਾਹਿਬ ਦੀ ਸਰਪ੍ਰਸਤੀ ਹੇਠ ਬਣਾ ਕੇ ਸਾਨੂੰ ਇਸ ਦੀ ਗੋਦ ਵਿਚ ਬਿਠਾਇਆ। ਸਮਾਂ ਪਾ ਕੇ ਭਾਵੇਂ ਕੁਝ ਸਵਾਰਥੀ ਲੋਕਾਂ ਨੇ ਇਸ ਸਿਧਾਂਤ ਨੂੰ ਤੋੜਨ ਦੀ ਨਾਕਾਮ ਕੋਸ਼ਿਸ਼ ਵੀ ਸਮੇਂ ਸਮੇਂ ਤੇ ਕੀਤੀ। ਗੁਰੂ ਰਵਿਦਾਸ ਗੁਰੂ ਘਰ ਦੀ ਇਕ-ਇਕ ਇੱਟ ਸਾਡੇ ਕੋਲੋਂ ਇਹ ਸਵਾਲ ਪੁੱਛਦੀ ਵੀ ਹੈ ਕਿ ਅਸੀਂ ਤਾਂ ਤੁਹਾਡੇ ਬਜ਼ੁਰਗਾਂ ਦੀਆਂ ਜੋੜੀਆਂ ਅੱਜ ਤੱਕ ਉਵੇਂ ਜੁੜੀਆਂ ਬੈਠੀਆਂ ਪਰ ਤੁਸੀਂ ਅੱਜ ਗੁਰੂ ਦੀ ਵਿਚਾਰਧਾਰਾ ਦਾ ਲੜ ਛੱਡ ਕੇ ਕੂੜ ਲੋਕਾਂ ਦੇ ਮਗਰ ਲੱਗ ਕੇ ਈਰਖਾ ਤੇ ਵਖਰੇਵਿਆਂ ਦਾ ਬੀਜ ਬੀਜ ਰਹੇ ਹੋ। 61-01 ਬਰਾਡਵੇ ਵਾਲੀ ਜਗ੍ਹਾ ਇਹ ਤੀਸਰੀ ਜਗ੍ਹਾ ਹੈ। ਪਹਿਲੀ 125 ਜਮਾਇਕਾ ਐਵੇਨਿਊ, ਦੂਸਰੀ 56 ਸਟਰੀਟ ਵੁਡਸਾਈਡ ਤੇ ਸੀ। 25 ਸਾਲ ਦੇ ਇਤਿਹਾਸ ਵਿਚ 10 ਕਮੇਟੀਆਂ ਗੁਰੂ ਘਰ ਦੇ ਪ੍ਰਬੰਧ ਨੂੰ ਚਲਾਉਣ ਲਈ ਸੰਗਤਾਂ ਨੇ ਅੱਗੇ ਲਿਆਂਦੀਆਂ। ਜਿਹਨਾਂ ਵਿਚ 8 ਕਮੇਟੀਆਂ ਸਰਬ ਸੰਮਤੀ ਨਾਲ, 2 ਕਮੇਟੀਆਂ ਵੋਟ ਪ੍ਰਣਾਲੀ ਰਾਹੀਂ ਆਈਆਂ।

ਦਾਸਰਿਆਂ ਦੀ ਇਹ 10ਵੀਂ ਕਮੇਟੀ ਹੈ ਜੋ ਕਿ ਨਵੰਬਰ 2012 ਵਿਚ ਸੰਗਤ ਨੇ ਤਨ ਮਨ ਧਨ ਦੇ ਸਹਿਯੋਗ ਨਾਲ ਵੋਟ ਪ੍ਰਣਾਲੀ ਰਾਹੀਂ ਗੁਰੂ ਘਰ ਦੀ ਸੇਵਾ ਸੰਭਾਲ ਲਈ ਅੱਗੇ ਲੈ ਕੇ ਆਂਦੀ। ਇਹ ਵੀ ਪਹਿਲੀ ਵਾਰ ਹੋਇਆ ਕਿ 25 ਸਾਲ ਵਿਚ ਇਸ ਕਮੇਟੀ ਨੂੰ ਜਦੋਂ ਸਾਂਭ ਸੰਭਾਲ ਮਿਲੀ ਤਾਂ ਪਹਿਲੀ ਕਮੇਟੀ ਦਾ ਗੁਰੂ ਘਰ ਉਪਰ ਲੱਖਾਂ ਡਾਲਰ ਦੇਣ ਵਾਲਾ (ਕਰਜਾ) ਮਿਲਿਆ। ਇਸ ਤੋਂ ਪਹਿਲਾਂ ਕਮੇਟੀਆਂ ਜਦੋਂ ਵੀ ਬਦਲਦੀਆਂ ਸਨ ਤਾਂ ਨਵੀਂ ਕਮੇਟੀ ਨੂੰ ਗੁਰੂ ਘਰ ਦੇ ਅਕਾਊਂਟ ਵਿਚ ਹਜ਼ਾਰਾਂ ਲੱਖਾਂ ਡਾਲਰ ਦੇ ਕੇ ਜਾਂਦੇ ਸਨ। ਨਵਾਂ ਅਕਾਊਂਟ ਖੁੱਲ੍ਹਵਾ ਕੇ ਦਸੰਬਰ 2012 ਤੋਂ ਗੁਰੂ ਘਰ ਦੀ ਸਾਂਭ ਸੰਭਾਲ ਸਾਂਭੀ। ਸੰਗਤ ਵੱਲੋਂ ਇੰਨਾ ਭਰਵਾਂ ਸਹਿਯੋਗ ਮਿਲਿਆ ਕਿ ਧੰਨਵਾਦ ਦੇ ਸ਼ਬਦ ਬਹੁਤ ਛੋਟੇ ਪੈ ਜਾਂਦੇ ਹਨ। ਅਰਦਾਸ ਹੀ ਸਤਿਗੁਰੂ ਦੇ ਚਰਨਾਂ ਵਿਚ ਸੰਗਤਾਂ ਵਿਚ ਆਪਸੀ ਪਿਆਰ ਇਤਫ਼ਾਕ ਬਣਾਈ ਰੱਖੇ ਤੇ ਚੜ੍ਹਦੀ ਕਲਾ ਵਿਚ ਰਹਿਣ।

ਪਹਿਲਾਂ ਜਦੋਂ ਦਾਸਰੇ ਗੁਰੂ ਘਰ ਦੀ ਕਮੇਟੀ ਵਿਚ 2000 ਵਿਚ ਆਏ ਸਨ, ਉਦੋਂ ਇਹ ਗੁਰੂ ਘਰ ਦਾ ਬੇਸਮੈਂਟ ਦਾ ਕਾਰਜ ਤੇ 13 ਦਿਨ ਦੇ ਵਿਸ਼ੇਸ਼ ਦੀਵਾਨ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਉਪਰ ਆਪ ਸਾਧ ਸੰਗਤ ਦੇ ਸਹਿਯੋਗ ਨਾਲ ਸ਼ੁਰੂ ਕੀਤੇ ਗਏ ਸਨ। ਹੁਣ ਦਸੰਬਰ 2012 ਤੋਂ ਲੈ ਕੇ ਹੁਣ ਤੱਕ ਆਪ ਜੀ ਦੇ ਸਹਿਯੋਗ ਨਾਲ ਤੇ ਸਤਿਗੁਰੂ ਰਵਿਦਾਸ ਮਹਾਰਾਜ ਧੰਨ ਗੁਰੂ ਗ੍ਰੰਥ ਸਾਹਿਬ ਦੀ ਕਿਰਪਾ ਨਾਲ ਅਨੇਕਾਂ ਪ੍ਰੋਗਰਾਮ ਨਵੇਂ ਪਹਿਲੀ ਵਾਰ ਸ਼ੁਰੂ ਹੋਏ ਹਨ। ਜਿਵੇਂ ਕਿ 2013 ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਤੇ ਪ੍ਰਭਾਤ ਫੇਰੀਆਂ ਸ਼ੁਰੂ ਕੀਤੀਆਂ ਗਈਆਂ। ਕਵੀ ਦਰਬਾਰ, ਢਾਡੀ ਦਰਬਾਰ, ਰਾਗ ਦਰਬਾਰ, ਕਥਾ ਦਰਬਾਰ ਅਤੇ ਕੀਰਤਨ ਦਰਬਾਰ ਗੁਰੂ ਘਰ ਵਿਚ ਚੜ੍ਹਦੀ ਕਲਾ ਵਿਚ ਕਰਵਾਏ ਗਏ। ਪਹਿਲਾ ਮਹਾਨ ਨਗਰ ਕੀਰਤਨ ਜਿਸਦਾ ਸੁਪਨਾ ਹੀ ਲੈਂਦੇ ਸੀ ਕਿ ਕਿਤੇ ਇਸ ਗੁਰੂ ਘਰ ਤੇ ਵੀ ਨਗਰ ਕੀਰਤਨ ਨਿਕਲੇਗਾ 6 ਜੁਲਾਈ 2013 ਨੂੰ ਪਹਿਲਾ ਮਹਾਨ ਨਗਰ ਕੀਰਤਨ ਸੰਗਤਾਂ ਦੇ ਰਿਕਾਰਡ ਤੋੜ ਇਕੱਠ ਨਾਲ ਨਿਊਯਾਰਕ ਦੀ ਧਰਤੀ ਤੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਯਾਦ ਵਿਚ ਨਿਕਲਿਆ।

ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੀ ਆਪ ਸਾਧ ਸੰਗਤ ਵੀ ਇਸ ਗੱਲ ਦਾ ਮਾਣ ਕਰਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਜਿਹਨਾਂ ਵੀ ਮਹਾਂਪੁਰਸ਼ਾਂ ਦੀ ਬਾਣੀ ਦਰਜ ਹੈ, ਸਾਰਿਆਂ ਦੇ ਪ੍ਰਕਾਸ਼ ਪੁਰਬ, ਸ਼ਹੀਦੀ ਦਿਹਾੜੇ ਇਸ ਗੁਰੂ ਘਰ ਨੇ ਮਨਾਉਣੇ ਸ਼ੁਰੂ ਕੀਤੇ ਹਨ। ਇਹਨਾਂ ਮਹਾਨ ਪੁਰਬਾਂ ਤੇ ਟੀ. ਵੀ. ਉਤੇ ਲਾਈਵ ਸ਼ੋਅ ਗੁਰਪੁਰਬ ਨੂੰ ਸਬੰਧਤ ਵੀ ਗੁਰੂ ਰਵਿਦਾਸ ਗੁਰੂ ਘਰ ਵੱਲੋਂ ਪਹਿਲੀ ਵਾਰ ਦਿੱਤੇ ਗਏ। ਇੱਥੇ ਹੀ ਬੱਸ ਨਹੀਂ ਗੁਰੂ ਸਾਹਿਬਾਨ ਦੀ ਸੋਚ ਉਤੇ ਆਪਣਾ ਸਵਾਸ-ਸਵਾਸ ਵਾਰਨ ਵਾਲੇ ਉਹਨਾਂ ਮਹਾਨ ਸੂਰਬੀਰਾਂ ਜਿਵੇਂ ਕਿ ਗਿਆਨੀ ਦਿੱਤ ਸਿੰਘ, ਬਾਬਾ ਸਾਹਿਬ ਡਾ. ਅੰਬੇਦਕਰ, ਬਾਬੂ ਮੰਗੂ ਰਾਮ ਮੁੱਗੋਵਾਲੀਆ, ਭਾਈ ਜੈਤਾ ਜੀ, ਭਾਈ ਜੀਵਨ ਸਿੰਘ ਅਤੇ ਭਾਈ ਮਰਦਾਨਾ ਜੀ ਆਦਿ ਦੀਆਂ ਯਾਦਾਂ ਵੀ ਉਨੀ ਹੀ ਸ਼ਰਧਾ ਪੂਰਵਕ ਮਨਾਈਆਂ ਜਾਂਦੀਆਂ ਹਨ। ਬੱਚਿਆਂ ਨੂੰ ਆਪਣੇ ਧਰਮ, ਆਪਣੀ ਮਾਂ ਬੋਲੀ ਅਤੇ ਆਪਣੇ ਵਿਰਸੇ ਨਾਲ ਜੋੜਨ ਲਈ ਗੁਰੂ ਘਰ ਵਿਚ ਵੀਕਐਂਡ ਤੇ ਵਿਸ਼ੇਸ਼ ਕਲਾਸਾਂ ਦਾ ਪ੍ਰਬੰਧ ਵੀ ਚੱਲ ਰਿਹਾ ਹੈ। ਜਿਸ ਵਿਚ ਕਾਫੀ ਬੱਚੇ ਪਹੁੰਚ ਕੇ ਲਾਹਾ ਪ੍ਰਾਪਤ ਕਰ ਰਹੇ ਹਨ। ਗੁਰੂ ਸਾਹਿਬਾਨ ਦੇ ਗੁਰਪੁਰਬ ਉਤੇ ਬੱਚਿਆਂ ਦੇ ਵਿਸ਼ੇਸ਼ ਟੈਸਟ ਲੈ ਕੇ ਉਹਨਾਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਜਾਂਦੇ ਹਨ ਤਾਂ ਕਿ ਦੂਸਰੇ ਬੱਚਿਆਂ ਨੂੰ ਵੀ ਇਸ ਪਾਸੇ ਵੱਲ ਖਿੱਚਿਆ ਜਾਵੇ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸਰਲ ਅਰਥ ਸੰਗਤ ਨੂੰ ਸਮਝ ਲੱਗ ਸਕਣ। ਗੁਰੂ ਘਰ ਸਮੁੱਚੇ ਪ੍ਰਬੰਧਕੀ ਸੇਵਾਦਾਰ ਵੱਲੋਂ ਸੰਗਤ ਦੇ ਸਹਿਯੋਗ ਨਾਲ ਇਹ ਫੈਸਲਾ ਕੀਤਾ ਗਿਆ ਕਿ ਪਹਿਲਾਂ ਗੁਰੂ ਰਵਿਦਾਸ ਮਹਾਰਾਜ ਜੀ ਦੇ 40 ਸ਼ਬਦਾਂ ਦੀ ਵਿਆਖਿਆ ਪੰਥ ਪ੍ਰਸਿੱਧ ਕਥਾਵਾਚਕਾਂ ਤੋਂ ਕਰਵਾਈ ਜਾਵੇ ਆਪ ਜੀ ਨੂੰ ਇਹ ਜਾਣ ਕੇ ਅਤਿ ਅਤਿ ਖੁਸ਼ੀ ਹੋਵੇਗੀ ਕਿ ਜਿਸ ਵਿਚ 20 ਤੋਂ ਉਪਰ ਸ਼ਬਦਾਂ ਦੀ ਵਿਆਖਿਆ ਹੁਣ ਤੱਕ ਹੋ ਚੁੱਕੀ ਹੈ। ਸਾਰੇ ਸ਼ਬਦਾਂ ਦੀ ਆਡੀਓ ਵੀਡੀਓ ਆਪ ਜੀ ਦੇ ਹੱਥਾਂ ਵਿਚ ਬਹੁਤ ਜਲਦੀ ਆ ਜਾਵੇਗੀ। ਸਤਿਗੁਰਾਂ ਦੇ ਬੇਗਮਪੁਰੇ ਦੀ ਵਿਚਾਰਧਾਰਾ ਨੂੰ ਮਨੁੱਖਤਾ ਦੀ ਟਹਿਣੀ ਤੱਕ ਪਹੁੰਚਾਉਣ ਲਈ ਸਮੇਂ-ਸਮੇਂ ਉਤੇ ਜਿੱਥੇ ਪ੍ਰਿੰਟ ਮੀਡੀਏ, ਅਖਬਾਰਾਂ ਦਾ ਸਾਥ ਲਿਆ ਜਾਂਦਾ ਹੈ, ਉਥੇ ਇਲੈਕਟ੍ਰਾਨਿਕ ਮੀਡੀਆ ਦੇ ਜ਼ਰੀਏ ਵੀ ਪੂਰੀ ਦੁਨੀਆਂ ਵਿਚ ਸੰਦੇਸ਼ ਪਹੁੰਚਾਇਆ ਜਾ ਰਿਹਾ ਹੈ। ਸਮੇਂ-ਸਮੇਂ ਉਤੇ ਮਨੁੱਖਤਾ ਦੀ ਭਲਾਈ ਲਈ, ਗੁਰੂ ਸਾਹਿਬਾਨ ਦੇ ਪਾਵਨ ਪਵਿੱਤਰ ਉਪਦੇਸ਼ ਨੂੰ ਜਨ-ਜਨ ਤਕ ਪਹੁੰਚਾਉਣ ਲਈ ਅਤੇ ਆਪਣੀ ਕਮਿਊਨਿਟੀ ਲਈ ਵਿਸ਼ੇਸ਼ ਸੇਵਾਵਾਂ ਦੇਣ ਵਾਲੀਆਂ ਸ਼ਖਸੀਅਤਾਂ ਨੂੰ ਵੀ ਵਿਸ਼ੇਸ਼ ਸਨਮਾਨ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ, ਜਿਹਨਾਂ ਵਿਚ ਚਰਨ ਸਿੰਘ ਸਫਰੀ, ਡਾ. ਕੁਲਵੰਤ ਕੌਰ (ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਉਤੇ ਪਹਿਲੀ ਖੋਜਕਾਰ), ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲੇ ਕਥਾਵਾਚਕ, ਗੁਰੂ ਘਰ ਦੇ ਪਹਿਲੇ ਗ੍ਰੰਥੀ ਭਾਈ ਨਾਜਰ ਸਿੰਘ, ਭਾਈ ਸਰਬਜੀਤ ਸਿੰਘ ਧੁੰਦਾ ਆਦਿ ਦੇ ਨਾਮ ਵਰਣਨਯੋਗ ਹਨ। ਆਉਣ ਵਾਲੇ ਸਮੇਂ ਵਿਚ ਵੀ ਸ੍ਰੀ ਗੁਰੂ ਰਵਿਦਾਸ ਸਭਾ ਸਤਿਗੁਰਾਂ ਦੇ ਪਾਵਨ ਉਪਦੇਸ਼ ਨੂੰ ਮਨੁੱਖਤਾ ਦੀ ਦਹਿਲੀਜ਼ ਤੱਕ ਲਿਜਾਣ ਲਈ ਵਚਨਬੱਧ ਹੈ। ਗੁਰੂ ਘਰ ਦੀ ਉਸਾਰੀ ਦਾ ਕਾਰਜ ਜਿਹੜਾ ਪਿਛਲੇ ਲੰਮੇ ਸਮੇਂ ਤੋਂ ਬੰਦ ਪਿਆ ਹੈ, ਉਹ ਜਲਦੀ ਹੀ ਸ਼ੁਰੂ ਕਰਨ ਵਾਲੇ ਹਾਂ। ਦੇਰੀ ਇਸ ਕਰਕੇ ਹੋ ਰਹੀ ਹੈ ਕਿ ਗੁਰੂ ਘਰ ਤੇ ਵਾਇਲੇਸ਼ਨਾਂ ਬਹੁਤ ਹਨ, ਜਿਸ ਕਰਕੇ ਪਰਮਿਟ ਲੈਣ ਵਿਚ ਕਾਫੀ ਦਿੱਕਤ ਆ ਰਹੀ ਸੀ। ਦੂਸਰਾ ਕਿ ਉਸਾਰੀ ਤੇ ਮਾਇਆ ਨਾਲ ਹੋਣੀ ਹੈ। ਗੁਰੂ ਘਰ ਵਿਚ ਮਾਇਆ ਵੀ ਇਕੱਤਰ ਕਰ ਰਹੇ ਹਾਂ। ਪਰ ਇਹ ਵਿਸ਼ਵਾਸ ਹੈ ਕਿ ਜਲਦੀ ਹੀ ਆਪ ਜੀ ਦੇ ਸਹਿਯੋਗ ਤੇ ਸਤਿਗੁਰੂ ਦੀ ਕਿਰਪਾ ਨਾਲ ਸ਼ੁਰੂ ਹੋ ਕੇ ਨੇਪਰੇ ਚੜ੍ਹੇਗੀ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਭਾਰਤ ਦੇ ਸੰਵਿਧਾਨ ਵਿਚ ਗੁਰੂ ਸਾਹਿਬਾਨ ਵੱਲੋਂ ਮਿਲੀ ਧਾਰਮਿਕ ਆਜ਼ਾਦੀ ਨੂੰ ਰਾਜਨੀਤਿਕ ਆਜ਼ਾਦੀ ਵਿਚ ਹੱਕ ਹਕੂਕ ਦਿਵਾਉਣ ਵਾਲੇ ਦੁਨੀਆਂ ਦੇ 6ਵੇਂ ਭਾਰਤ ਦੇ ਪਹਿਲੇ ਦਿਮਾਗ, ਨਾਰੀ ਜਾਤੀ ਦੇ ਮੁਕਤੀਦਾਤਾ, ਭਾਰਤ ਰਤਨ ਬਾਬਾ ਸਾਹਿਬ ਜੀ ਦੇ 123ਵੇਂ ਜਨਮ ਦਿਹਾੜੇ ਉਤੇ ਅਦਾਰਾ ''ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਦੇ ਸਹਿਯੋਗ ਨਾਲ ਇਹ ਵਿਸ਼ੇਸ਼ ਸਪਲੀਮੈਂਟ ਲੈ ਕੇ ਆਪ ਜੀ ਦੇ ਹਿਰਦੇ ਤੇ ਦਸਤਕ ਦੇ ਰਹੇ ਹਾਂ। ਜਿਸ ਵਿਚ ਬਾਬਾ ਸਾਹਿਬ ਜੀ ਦੇ ਜੀਵਨ, ਉਪਦੇਸ਼ ਬਾਰੇ ਜਾਣਕਾਰੀ ਤੇ ਬਾਬਾ ਸਾਹਿਬ ਦੇ ਮਿਸ਼ਨ ਨੂੰ ਅਪਣਾਉਣ ਵਾਲੇ ਆਪਣੇ ਭੈਣ ਭਰਾਵਾਂ ਦੇ ਵਧਾਈ ਸੰਦੇਸ਼ ਤੇ ਬਿਜ਼ਨਸ ਬਾਰੇ ਜਾਣਕਾਰੀ ਹੈ। ਸਮੇਂ ਦੀ ਘਾਟ ਕਾਰਨ ਤੇ ਸੀਮਤ ਸਾਧਨਾਂ ਕਰਕੇ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਇਸ ਵਿਚ ਵੀ ਕਾਫੀ ਕਮੀਆਂ ਰਹਿ ਗਈਆਂ ਹੋਣਗੀਆਂ। ਜਿਹਨਾਂ ਤੋਂ ਆਪ ਜੀ ਨੇ ਜਾਣੂੰ ਜ਼ਰੂਰ ਕਰਵਾਉਣਾ ਤਾਂ ਕਿ ਆਪ ਜੀ ਦੇ ਵੱਲੋਂ ਮਿਲੇ ਸੁਝਾਵਾਂ ਨੂੰ ਮਾਰਗ ਦਰਸ਼ਕ ਮੰਨ ਕੇ ਆਪ ਸਾਧ ਸੰਗਤ ਦੀ ਸੋਚ ਤੇ ਸਤਿਗੁਰੂ ਰਵਿਦਾਸ ਮਹਾਰਾਜ, ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਪੂਰੇ ਉਤਰ ਸਕੀਏ। ਆਪ ਸੰਗਤ ਤੇ ਹਰ ਤਰ੍ਹਾਂ ਦੇ ਸਹਿਯੋਗ ਦੀ ਆਸ ਨਾਲ:

ਆਪ ਜੀ ਦਾ ਦਾਸ

– ਨਿਰਮਲ ਸਿੰਘ ਮੁੱਖ ਸੇਵਾਦਾਰ
ਅਤੇ ਸਮੂਹ ਪ੍ਰਬੰਧਕੀ ਸੇਵਾਦਾਰ

# ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਵਿਚਾਰਧਾਰਾ ਦਾ ਭੇਦ




ਐਚ.ਐਲ.ਕਪੂਰ
1 (289)-401-0728

ਭਾਰਤ ਇਕ ਮਹਾਨ ਦੇਸ਼ ਹੈ। ਇਹ ਜਦੋਂ ਵੀ ਆਪਣੇ ਆਜ਼ਾਦ ਹੋਣ 'ਤੇ ਗਰਵ ਮਹਿਸੂਸ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਹਨਾਂ ਮਹਾਂਪੁਰਸ਼ਾਂ ਸਾਹਮਣੇ ਝੁਕਦਾ ਹੈ, ਜਿਹਨਾਂ ਨੇ ਦੇਸ਼ ਪ੍ਰੇਮ ਦੇ ਰਾਹ 'ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਹਜ਼ਾਰਾਂ ਇਸ ਤਰ੍ਹਾਂ ਦੇ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਬਲ 'ਤੇ ਆਜ਼ਾਦੀ ਪ੍ਰਾਪਤ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਅਖਵਾਇਆ। ਭਾਰਤ ਵਿਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਨਾਮ ਹੀ ਲਿਆ ਜਾਂਦਾ ਹੈ। ਸਾਰੇ ਦੇਸ਼ ਦਾ ਭ੍ਰਮਣ ਕਰਦਿਆਂ, ਅਸੀਂ ਅਕਸਰ ਲੋਕਾਂ ਦੇ ਘਰਾਂ ਵਿਚ ਮਹਾਂਪੁਰਸ਼ਾਂ ਦੀਆਂ ਤਸਵੀਰਾਂ 'ਤੇ ਝਾਤ ਮਾਰਦੇ ਹਾਂ ਤਾਂ ਉਹਨਾਂ 'ਚ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਵੀ ਇਕ ਹਨ। ਉਹ ਸਾਡੇ ਕੌਮੀ ਮਹਾਂਨਾਇਕ ਹਨ, ਉਹਨਾਂ ਦਾ ਆਜ਼ਾਦੀ ਦੇ ਸੰਗਰਾਮ 'ਚ ਪਾਇਆ ਗਿਆ ਯੋਗਦਾਨ ਕਿਸੇ ਹੋਰ ਕੌਮੀ ਮਹਾਂਨਾਇਕ, ਜਿਵੇਂ ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਆਦਿ ਨਾਲੋਂ ਕਿਸੇ ਵੀ ਗੱਲੋਂ ਘੱਟ ਨਹੀਂ ਹੈ। ਸਗੋਂ ਉਹਨਾਂ ਦਾ ਰੁਤਬਾ ਤੇ ਮਾਣ-ਸਨਮਾਨ ਇਹਨਾਂ ਕੌਮੀ ਮਹਾਨਾਇਕਾਂ ਦੇ ਬਰਾਬਰ ਹੀ ਬੁਲੰਦ ਹੈ। ਇਹਨਾਂ ਕੌਮੀ ਮਹਾਨਾਇਕਾਂ ਨੂੰ ਸਨਮਾਨ ਦੇਣਾ ਸਾਡੇ ਲਈ ਅਤਿਅੰਤ ਜ਼ਰੂਰੀ ਹੈ। ਕਿਉਂਕਿ ਇਹਨਾਂ ਨੇ ਭਾਸ਼ਾ, ਖਿੱਤਾ ਤੇ ਧਰਮ ਤੋਂ ਉਪਰ ਉੱਠ ਕੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕੀਤਾ। ਲੋਕਾਂ ਨੂੰ ਆਜ਼ਾਦੀ ਲਈ ਜਾਗ੍ਰਿਤ ਕੀਤਾ, ਜੇਲ੍ਹਾਂ ਕੱਟੀਆਂ, ਅਨੇਕਾਂ ਸਰੀਰਕ ਕਸ਼ਟਾਂ ਨੂੰ ਝੱਲਿਆ ਤੇ ਫਾਂਸੀ ਦੇ ਰੱਸਿਆਂ ਨੂੰ ਮੁਸਕਰਾਉਂਦੇ ਹੋਏ ਤੇ ਭਾਰਤ ਦੀ ਆਜ਼ਾਦੀ ਲਈ ਲਲਕਾਰਦਿਆਂ ਹੋਇਆਂ, ਆਪਣੇ ਗਲੇ ਵਿਚ ਪਾਇਆ। ਇਸੇ ਲਈ ਹੀ ਇਹ ਸਮੁੱਚੀ ਭਾਰਤੀ ਜਨਤਾ ਦੇ ਕੌਮੀ ਮਹਾਨਾਇਕ ਅਖਵਾਉਂਦੇ ਹਨ। ਇਹਨਾਂ ਦੇ ਮਾਨ-ਸਨਮਾਨ 'ਤੇ ਵਿਅਕਤੀਤਵ ਨੂੰ ਸਮੇਂ ਦੀ ਕੋਈ ਵੀ ਹਨੇ੍ਰੀ ਭਾਰਤ ਵਾਸੀਆਂ ਦੀ ਚੇਤਨਾ 'ਚੋਂ ਧੁੰਦਲਾ ਕਰ ਸਕਣ ਦੇ ਅਸਮਰੱਥ ਹੈ। ਸਮੁੱਚੇ ਭਾਰਤ ਵਾਸੀਆਂ ਨੂੰ ਇਹਨਾਂ ਦੀ ਦਿੱਤੀ ਗਈ ਕੁਰਬਾਨੀ 'ਤੇ ਮਾਣ ਹੈ।

ਪਿਛਲੇ ਕੁਝ ਦਿਨਾਂ ਦੀ ਗੱਲ ਹੈ ਕਿ ਯੂ. ਕੇ. ਦੇ ਇਕ ਅੰਗਰੇਜ਼ੀ ਅਖ਼ਬਾਰ 'ਚ ਇਕ ਅੰਗਰੇਜ਼ ਵਿਦਵਾਨ ਨੇ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਨੂੰ ਇਕ ਕ੍ਰਾਂਤੀਕਾਰੀ ਇਨਕਲਾਬੀ ਸੂਰਮਾ ਕਹਿਣ ਦੀ ਬਜਾਏ 'ਇਕ ਉਗਰਵਾਦੀ' ਕਹਿ ਕੇ ਟਿੱਪਣੀ ਕੀਤੀ ਹੈ। ਉਸ ਅੰਗਰੇਜ਼ ਵਿਦਵਾਨ ਨੂੰ ਸ਼ਾਇਦ ਭਗਤ ਸਿੰਘ ਜੀ ਦੀ ਵਿਚਾਰਧਾਰਾ ਦਾ ਉੱਕਾ ਹੀ ਕੋਈ ਗਿਆਨ ਨਹੀਂ ਲੱਗਦਾ, ਜੋ ਇਸ ਤਰ੍ਹਾਂ ਦੇ ਅਰਥਹੀਣ, ਬੇਤੁੱਕੇ ਬਿਆਨ ਦਿੰਦਾ ਹੈ। ਵੈਸੇ ਵੀ ਅਸੀਂ ਜਦੋਂ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਕਿਸੇ ਵੀ ਅੰਗਰੇਜ਼ ਸ਼ਾਸਕ ਜਾਂ ਵਿਦਵਾਨ ਨੇ ਅੱਜ ਤੱਕ ਸਾਡੇ ਕਿਸੇ ਵੀ ਕ੍ਰਾਂਤੀਕਾਰੀ ਸੂਰਮੇ ਜਾਂ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਕਿਸੇ ਕੌਮੀ ਨੇਤਾ ਦੀ ਪ੍ਰਸ਼ੰਸਾ ਨਹੀਂ ਕੀਤੀ, ਕਿਉਂਕਿ ਭਾਰਤ ਦੀ ਆਜ਼ਾਦੀ ਦੀ ਗੱਲ ਕਰਨ ਵਾਲਾ ਹਰ ਸੂਰਮਾ ਉਹਨਾਂ ਦੀ ਨਜ਼ਰ ਵਿਚ ਮਾੜਾ ਹੀ ਹੈ।

ਭਗਤ ਸਿੰਘ ਜੀ ਇਕ ਮਹਾਨ ਕ੍ਰਾਂਤੀਕਾਰੀ ਨੇਤਾ ਸਨ, ਜਿਹਨਾਂ ਦੀ ਵਿਚਾਰਧਾਰਾ ਨੂੰ ਸਮਝਣ ਵਾਲਾ ਹਰ ਆਦਮੀ ਉਹਨਾਂ ਨੂੰ 'ਉਗਰਵਾਦੀ' ਨਹੀਂ ਆਖੇਗਾ, ਸਗੋਂ ਉਸ ਨੂੰ ਇਕ ਮਹਾਨ ਸਮਾਜਵਾਦੀ, ਕ੍ਰਾਂਤੀਕਾਰੀ ਤੇ ਵਿਗਿਆਨਕ ਸੋਚ ਰੱਖਣ ਵਾਲਾ, ਇਕ ਪ੍ਰਗਤੀਸ਼ੀਲ ਮਹਾਂਪੁਰਸ਼ ਹੀ ਆਖੇਗਾ, ਜਿਸ ਨੇ ਨਿੱਕੀ ਉਮਰੇ ਆਪਣੀ ਬੌਧਿਕਤਾ ਦੇ ਵਿਕਾਸ ਦੀਆਂ ਕਈ ਮੰਜ਼ਿਲਾਂ ਪਾਰ ਕਰਕੇ, ਆਪਣੀ ਜਾਨ ਦੇਸ਼ ਤੋਂ ਕੁਰਬਾਨ ਕਰ ਦਿੱਤੀ। ਉਹਨਾਂ ਦੀ ਇਸ ਪ੍ਰਪੱਕ ਬੌਧਿਕਤਾ ਦੇ ਪਿੱਛੇ ਆਪਣੀ ਛੋਟੀ ਉਮਰ ਤੋਂ ਹੀ ਆਰੰਭ ਕੀਤਾ ਗਿਆ, ਸੰਸਾਰ ਤੇ ਭਾਰਤ ਦੇ ਕਈ ਮਹਾਨ ਚਿੰਤਕਾਂ ਦਾ ਅਧਿਐਨ ਹੀ ਸੀ। ਜਿਹਨਾਂ ਵਿਚ ਮਹਾਨ ਕ੍ਰਾਂਤੀਕਾਰੀ ਲੈਨਿਨ, ਕਾਰਲ ਮਾਰਕਸ, ਟੌਲ ਸਟਾਏ ਤੇ ਸੋਹਨ ਸੁਆਮੀ ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਭਗਤ ਸਿੰਘ ਜੀ ਦੇ ਜੀਵਨ ਫਸਲਫੇ ਨੂੰ ਜਾਨਣ ਲਈ ਨਿਮਨ-ਲਿਖਤ ਅਨੁਸਾਰ ਚਰਚਾ ਕੀਤੀ ਜਾਂਦੀ ਹੈ।

ਇੱਥੇ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਸਿਰਫ ਇਕ ਤੇਈ ਸਾਲਾਂ ਦੇ ਨੌਜਵਾਨ 'ਚ ਉਹ ਕਿਹੜੀ ਖਾਸ ਗੱਲ ਹੈ, ਜਿਸ ਨੇ ਉਸ ਨੂੰ ਮਹਾਤਮਾ ਗਾਂਧੀ ਵਰਗੇ ਕੌਮੀ ਮਹਾਨਾਇਕਾਂ ਦੀ ਕਤਾਰ 'ਚ ਲਿਆ ਖੜ੍ਹਾ ਕੀਤਾ ਹੈ। ਭਾਰਤ ਦੀ ਆਜ਼ਾਦੀ ਦੇ ਮਹਾਂ ਸੰਗਰਾਮ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾਲੇ, ਸੰਘਰਸ਼ ਕਰਨ ਵਾਲੇ ਤੇ ਫਾਂਸੀਆਂ ਦੇ ਰੱਸਿਆਂ ਨੂੰ ਹੱਸਦੇ-ਹੱਸਦੇ ਚੁੰਮਣ ਵਾਲੇ ਹੋਰ ਵੀ ਅਨੇਕਾਂ ਨਾਇਕ ਹਨ। ਆਖਰ ਕਿਹੜੀ ਅਜਿਹੀ ਗੱਲ ਹੈ, ਜੋ ਭਗਤ ਸਿੰਘ ਜੀ ਨੂੰ ਉਹਨਾਂ ਸਾਰਿਆਂ ਤੋਂ ਵਖਰਾਂਦੀ ਹੈ। ਕਿਉਂਕਿ ਉਹਨਾਂ ਦੀ ਸ਼ਹਾਦਤ ਸਾਡੇ ਮਨਾਂ ਅੰਦਰ ਉਨੀ ਹੀ ਜਵਾਨ, ਜਿੰਨੀ ਅੱਜ ਤੋਂ ਕੋਈ ਪੌਣੀ ਸਦੀ ਤੋਂ ਜ਼ਿਆਦਾ ਸਮਾਂ ਬੀਤ ਜਾਣ ਸਮੇਂ ਸੀ। ਹੈਰਾਨ ਕਰ ਦੇਣ ਵਾਲੀ ਗੱਲ ਤਾਂ ਇਹ ਹੈ ਕਿ ਭਗਤ ਸਿੰਘ ਜੀ ਨੂੰ ਕੌਮੀ ਨਾਇਕ ਮੰਨਣ ਵਾਲੇ ਕਿਸੇ ਇਕ ਸਿਆਸੀ ਵਿਚਾਰਧਾਰਾ ਜਾਂ ਕਿਸੇ ਖਾਸ ਵਰਗ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ, ਸਗੋਂ ਇਹ ਉਸ ਦੇ ਉਲਟ ਇਕ ਵਿਸ਼ਾਲ ਮਹਾਂਸਾਗਰ ਵਾਂਗ ਦਿਖਾਈ ਦਿੰਦਾ ਹੈ, ਜਿੱਥੋਂ ਆ ਕੇ ਸਾਰੇ ਰਾਜਨੀਤਿਕ, ਸਿਆਸੀ ਤੇ ਵਿਚਾਰਧਾਰਕ ਵਖਰੇਵੇਂ ਆਪਣੇ ਅਰਥ ਗੁਆ ਬੈਠਦੇ ਹਨ। ਉਹ ਸਗੋਂ ਇਕੋ ਵੇਲੇ ਹਿੰਦੂ-ਰਾਸ਼ਟਰਵਾਦੀਆਂ ਤੇ ਭਾਰਤ 'ਚ ਸਮ-ਾਜਵਾਦ ਦੀ ਸਥਾਪਨਾ ਕਰਨ ਦੇ ਸੁਪਨੇ ਲੈਣ ਵਾਲਿਆਂ ਦਾ ਹਰਮਨ ਪਿਆਰਾ ਕ੍ਰ-ਾਂਤੀਕਾਰੀ ਨਾਇਕ ਹੈ। ਹਿੰਦੂ-ਰਾਸ਼ਟਰਵਾਦੀ ਤੇ ਸਮਾਜਵਾਦੀ ਚੇਤਨਾ ਰੱਖਣ ਵਾਲੇ ਦੋਵੇਂ ਵਰਗ ਆਪੋ-ਆਪਣੇ ਮੰਤਵਾਂ ਨੂੰ ਪ੍ਰਾਪਤ ਕਰਨ ਲਈ ਭਗਤ ਸਿੰਘ ਜੀ ਦੀ ਦਿੱਤੀ ਗਈ ਕੁਰਬਾਨੀ ਨੂੰ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਇਸੇ ਲਈ ਹੀ ਤਾਂ ਭਗਤ ਸਿੰਘ ਸਮੁੱਚੀ ਭਾਰਤੀ ਮਾਨਵਤਾ ਦਾ ਸਾਂਝਾ ਮਹਾਨਾਇਕ ਹੋ ਨਿੱਬੜਿਆ ਹੈ। ਇਹਨਾਂ ਉਕਤ ਸਾਰੇ ਪ੍ਰਸ਼ਨਾਂ ਦਾ ਜਵਾਬ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੀ ਬੜੀ ਛੋਟੀ ਸੰਘਰਸ਼ਮਈ ਜੀਵਨ ਦੀਆਂ ਤਹਿਆਂ 'ਚ ਕ੍ਰਮਵਾਰ ਉਤਰ ਕੇ ਹੀ ਤਲਾਸ਼ਿਆ ਜਾ ਸਕਦਾ ਹੈ। ਇਸ ਦੇ ਉਪਰੰਤ ਸਾਨੂੰ ਭਗਤ ਸਿੰਘ ਜੀ ਦੇ ਜੀਵਨ ਦਾ ਅਧਿਐਨ ਸਿਰਫ ਇਤਿਹਾਸਕ ਨਜ਼ਰੀਏ ਤੋਂ ਕਰਨ ਦੀ ਬਜਾਏ, ਉਸ ਦੇ ਸਮੂਹਿਕ-ਜਨਤਕ ਆਈਨੇ 'ਚ ਬਣੇ ਬਿੰਬ ਵਜੋਂ ਵੀ ਦੇਖਣਾ ਪਵੇਗਾ। ਇਸ ਦੀਆਂ ਇਤਿਹਾਸਕ ਹੱਦਾਂ ਨੂੰ ਪਾਰ ਕਰਕੇ ਲੋਕਾਈ ਦੀਆਂ ਸਮਾਜਵਾਦੀ, ਯਥਾਰਥਵਾਦੀ ਤੇ ਵਿਗਿਆਨਕ ਹਕੀਕਤਾਂ ਵਿਚੋਂ ਵੀ ਤਲਾਸ਼ਣਾ ਪਵੇਗਾ।



ਭਗਤ ਸਿੰਘ ਜੀ ਦੇ ਵਿਚਾਰਧਾਰਕ ਜੀਵਨ ਅਤੇ ਬੜੀ ਤੇਜ਼ੀ ਨਾਲ ਹੋਏ ਬੌਧਿਕ ਵਿਕਾਸ ਵਿਚੋਂ ਹੀ ਉਹਨਾਂ ਦੇ ਬਣੇ ਜੰਤਕ-ਬਿੰਬ ਦੇ ਭੇਦ ਨੂੰ ਲੱਭਿਆ ਜਾ ਸਕਦਾ ਹੈ। ਜਿਹੜਾ ਕਿ ਇਕੋ ਸਮੇਂ ਹੀ ਕੌਮਪ੍ਰਸਤਾਂ, ਅੰਤਰ-ਰਾਸ਼ਟਰਵਾਦੀਆਂ, ਹਥਿਆਰਬੰਦ ਕ੍ਰਾਂਤੀਆਂ ਦੇ ਹਮਾਇਤੀਆਂ 'ਤੇ ਇਕ ਜਥੇਬੰਦਕ ਲਹਿਰ ਖੜ੍ਹੀ ਕਰਨ ਵਾਲਿਆਂ ਦੇ ਮਨਾਂ ਨੂੰ ਪ੍ਰਭਾਵਿਤ ਕਰਦਾ ਹੈ। ਹਰ ਵਰਗ ਨੂੰ ਉਸ ਦੇ ਹਕੀਕੀ, ਵਿਚਾਰਧਾਰਕ ਤੇ ਅਸਲੀ ਜੀਵਨ ਵਿਚੋਂ ਕੁਝ ਨਾ ਕੁਝ ਅਜਿਹਾ ਆਧਾਰ ਮਿਲ ਜਾਂਦਾ ਹੈ, ਜੋ ਉਸ ਨੂੰ ਆਪਣੇ ਭਗਤ ਸਿੰਘ ਬਣਨ ਲਈ ਸਹਾਈ ਬਣਦਾ ਹੈ। ਭਗਤ ਸਿੰਘ ਦੇ ਵਿਚਾਰਧਾਰਕ ਵਿਕਾਸ ਦੀ ਜਾਣਕਾਰੀ ਪ੍ਰਾਪਤ ਕਰਕੇ ਇਸ ਧਾਰਨਾ ਨੂੰ ਵਿਚਾਰ ਯੁਕਤ ਤੇ ਤਰਕਸੰਗਤ ਮੰਨਿਆ ਜਾ ਸਕਦਾ ਹੈ। ਛੋਟੀ ਜਿਹੀ ਉਮਰੇ ਹੀ 'ਬੰਦੂਕਾਂ ਤੇ ਅਸਲੇ ਦੀ ਫਸਲ ਬੀਜਣ ਵਾਲਾ' ਭਗਤ ਸਿੰਘ ਜਦੋਂ ਆਪਣੇ ਆਰੀਆ ਸਮਾਜੀ ਦਾਦਾ ਜੀ ਨੂੰ ਖ਼ਤ ਲਿਖਦਾ ਹੈ ਤਾਂ ਹਰ ਖ਼ਤ ਦਾ ਆਰੰਭ 'ਓਮ' ਤੋਂ ਹੁੰਦਾ ਹੈ। ਮਹਾਨ ਤਪੱਸਵੀਆਂ ਵਰਗਾ ਇਹ ਵਿਅਕਤੀਤਵ ਤੇ ਜਤ-ਸਤ ਦਾ ਪੁੰਗਰ ਰਿਹਾ ਸੋਮਾ ਨਿਸ਼ਚਿਤ ਤੌਰ 'ਤੇ ਭਾਰਤ ਦੇ ਰੋਮਾਂਟਿਕ-ਰਾਸ਼ਟਰਵਾਦੀਆਂ ਤੇ ਹਿੰਦੂ-ਰਾਸ਼ਟਰਵਾਦੀਆਂ ਨੂੰ ਆਪਣੇ ਮੇਚ ਆਉਂਦਾ ਨਜ਼ਰ ਆਉਂਦਾ ਹੈ। ਉਹ ਭਗਤ ਸਿੰਘ ਜੀ ਦੀ ਅਜਿਹੀ ਪਛਾਣ ਨੂੰ ਹੀ ਉਹਨਾਂ ਦੀ ਵਿਚਾਰ ਧਾਰਾ ਮੰਨ ਬੋਲਦੇ ਹਨ।

ਪਰ ਇਹ ਹਕੀਕਤ ਵੀ ਹੈ ਕਿ ਭਗਤ ਸਿੰਘ ਇਸ ਪੜਾਅ 'ਤੇ ਬਹੁਤ ਥੋੜ੍ਹੇ ਸਮੇਂ ਲਈ ਵਿਰਾਮ ਕਰਦਾ ਹੈ। ਆਪਣੀ ਜ਼ਿੰਦਗੀ ਦੇ ਅੰਤਿਮ ਪੜਾਅ 'ਤੇ ਪਹੁੰਚਿਆ ਉਹ ਐਲਾਨੀਆ ਤੌਰ 'ਤੇ ਨਾਸਤਕ ਹੋ ਨਿੱਬੜਦਾ ਹੈ। ਉਹ ਪ੍ਰਮਾਤਮਾ, ਈਸ਼ਵਰ ਜਾਂ ਰੱਬ ਦੀ ਹੋਂਦ ਨੂੰ ਨਕਾਰਦਾ ਤੇ ਲਲਕਾਰਦਾ ਹੈ। ਉਹ ਪ੍ਰਮਾਤਮਾ ਦੀ ਕਾਲਪਨਿਕ ਹੋਂਦ ਨੂੰ ਸਮੁੱਚੀ ਮਾਨਵਤਾ ਦੇ ਦੁੱਖਾਂ, ਦਰਦਾਂ ਤੇ ਗੁਲਾਮੀ ਦਾ ਕਾਰਨ ਮੰਨਦਾ ਹੈ। ਉਹ ਪ੍ਰਮਾਤਮਾ ਨੂੰ ਕਿਸੇ ਮਾਤਰ ਮਨੁੱਖ ਦੀ ਕਲਪਨਾ ਮਾਤਰ ਹੀ ਮੰਨਦਾ ਹੈ। ਉਸ ਦੀ ਨਾਸਤਿਕ ਵਿਚਾਰਧਾਰਾ ਦਾ ਇਹ ਪੜਾਅ ਉਸ ਦੇ ਖੱਬੇ-ਪੱਖੀ ਸ਼ਰਧਾਲੂਆਂ ਨੂੰ ਇਕ ਵਰਦਾਨ ਦਾ ਰੂਪ ਸਾਬਤ ਹੁੰਦਾ ਹੈ। ਉਹ ਭਗਤ ਸਿੰਘ ਜੀ ਦੀ ਛਵੀ ਨੂੰ ਇਸੇ ਵਿਚਾਰਧਾਰਾ 'ਤੇ ਉਸਾਰਦੇ ਹਨ ਤੇ ਉਹ ਅੱਗੇ ਜਾ ਕੇ ਇਸ ਵਿਚ ਕਿਸੇ ਕਿਸਮ ਦੀ ਤਬਦੀਲੀ ਦਾ ਕਿਆਸ ਵੀ ਨਹੀਂ ਕਰਦੇ ਤੇ ਭਗਤ ਸਿੰਘ ਜੀ ਦੀ ਇਸ ਵਿਚਾਰਧਾਰਾ ਨੂੰ ਉਸ ਦਾ ਸਿਰ ਮੰਨ ਲੈਂਦੇ ਹਨ ਤੇ ਜਿਸ 'ਤੇ ਭਗਤ ਸਿੰਘ ਜੀ ਵਰਗਾ ਯੋਧਾ ਆਪਣੀ ਚੜ੍ਹਦੀ ਉਮਰੇ ਹੀ ਜਿੱਤ ਪ੍ਰਾਪਤ ਕਰ ਗਿਆ।

ਇਸ ਚੜ੍ਹਦੀ ਜਵਾਨੀ 'ਚ ਭਗਤ ਸਿੰਘ ਜੀ ਸਿ-ਰਤੋੜ ਯਤਨ ਕਰਦੇ ਹਨ ਕਿ ਉਹਨਾਂ ਦਾ ਅੱਤਵਾਦ 'ਚ ਕੋਈ ਵਿਸ਼ਵਾਸ ਨਹੀਂ ਹੈ। ਉਹ ਬੜੇ ਸਪੱਸ਼ਟ ਸ਼ਬਦਾਂ 'ਚ ਐਲਾਨ ਕਰਦੇ ਹਨ ਕਿ ਇਕ ਰਾਜਨੀਤਿਕ ਹਥਿਆਰ ਵਜੋਂ ਅੱਤਵਾਦ ਸੰਸਾਰ ਦੇ ਕਿਸੇ ਵੀ ਕੋਨੇ 'ਚ ਕਾਮਯਾਬ ਨਹੀਂ ਹੋਇਆ ਹੈ ਤੇ ਨਾ ਹੀ ਕਦੀ ਹੋਵੇਗਾ। ਇਸ ਦੇ ਨਾਲ ਉਹ ਇਹ ਵੀ ਸਵੀਕਾਰ ਕਰਦੇ ਹਨ ਕਿ ਉਹਨਾਂ ਦੇ ਰਾਜਨੀਤਿਕ ਜੀਵਨ ਦਾ ਆਰੰਭ ਇਕ ਦਹਿਸ਼ਤਗਰਦ ਦੇ ਰੂਪ ਵਿਚ ਹੋਇਆ ਹੈ। ਉਹਨਾਂ ਨੇ ਬੌਧਿਕ ਤੇ ਵਿਚਾਰਧਾਰਕ ਫਰਮਾਨਾਂ ਨਾਲੋਂ, ਉਹਨਾਂ ਦੇ ਅਸਲ ਜਨਤਕ ਮਨਾਂ ਅੰਦਰ ਡੂੰਘਾ ਅਸਰ ਕਰਦੇ ਹਨ। ਇਸ ਦਾ ਭਾਵ ਬੜਾ ਸਪਸ਼ਟ ਹੈ। ਉਹਨਾਂ ਦੇ ਬੌਧਿਕ ਤੇ ਵਿਚਾਰਧਾਰਕ ਐਲਾਨਾਂ ਦਾ ਸਬੰਧ ਚੇਤਨ ਮਨ ਅਤੇ ਸੁਚੇਤ ਅਮਲ ਨਾਲ ਹੈ, ਜੋ ਬੜੇ ਹੇਠਲੇ ਪੱਧਰ 'ਤੇ ਮਨ 'ਚ ਆਉਂਦੇ ਹਨ ਤੇ ਇਹਨਾਂ ਵਿਚ ਆਉਣ ਵਾਲੇ ਬਦਲਾਅ ਵੀ ਬੜੀ ਜਲਦੀ-ਜਲਦੀ ਆਉਂਦੇ ਹਨ। ਅੰਗਰੇਜ਼ ਸਾਂਡਰਸ ਨੂੰ ਮਾਰ ਕੇ ਅਣਖਾਂ ਦੀ ਖਾਤਰ ਮਰ ਮਿਟਣ ਵਾਲੇ, ਅਸੈਂਬਲੀ ਵਿਚ ਫੋਕਾ ਬੰਬ ਸੁੱਟ ਕੇ ਵੈਰੀ ਅੰਗਰੇਜ਼ ਨੂੰ ਲਲਕਾਰਨ ਵਾਲੇ ਸੂਰਮੇ ਦੇ ਅਕਸ ਦੀ ਉਸਾਰੀ ਮਾਨਵ ਮਨ ਆਪਣੇ ਹੀ ਸਮੂਹਿਕ ਅਵਚੇਤਨ ਵਿਚੋਂ ਕਰਦਾ ਹੈ, ਜਿਹੜਾ ਕਿ ਕੋਈ ਸੁਚੇਤ ਨਿਰਣਾ ਨਹੀਂ ਹੈ। ਇਹ ਸਗੋਂ ਅਤੀ ਕਠੋਰ ਅਤੇ ਅਣਸੁਖਾਵੀਆਂ ਅਸਲੀਅਤਾਂ ਦੇ ਸਨਮੁੱਖ ਖਾਹਸ਼ਾਂ ਦੀ ਅਵਚੇਤਨ ਸਿਰਜਣ ਪ੍ਰਕਿਰਿਆ ਹੀ ਹੈ। ਇਹ ਸਭ ਕੁਝ ਦੇ ਹੁੰਦਿਆਂ ਹੋਇਆਂ ਵੀ ਭਗਤ ਸਿੰਘ ਜੀ ਦੇ ਬੌਧਿਕ ਤੇ ਵਿਚਾਰਧਾਰਕ ਪ੍ਰਗਤੀ ਦੀ ਗਤੀ ਇਸ ਤੋਂ ਭਿੰਨ ਹੈ। ਇਸ ਵਿਚ ਉਹ ਕਿਧਰੇ ਵੀ ਆਰਾਮ ਕਰਕੇ ਨਹੀਂ ਬਹਿੰਦਾ।

ਸਾਂਡਰਸ ਦੇ ਕਤਲ ਤੋਂ ਬਾਅਦ ਉਹ ਖੁਸ਼ ਨਹੀਂ, ਸਗੋਂ ਉਦਾਸ ਰਹਿੰਦਾ ਹੈ। ਇਸ ਅਸਲੀਅਤ ਦਾ ਪਤਾ ਲੋਕ ਗੀਤਾਂ ਤੋਂ ਨਹੀਂ, ਸਗੋਂ ਉਹਨਾਂ ਨਾਲ ਵਿਚਰੇ ਸਾਥੀਆਂ ਤੇ ਦੋਸਤਾਂ ਦੀਆਂ ਯਾਦਾਂ ਤੋਂ ਪ੍ਰਾਪਤ ਹੁੰਦਾ ਹੈ। ਜੋ ਅੱਜ ਵੀ ਸਾਡੇ ਕੋਲ ਲਿਖਤ ਰੂਪ 'ਚ ਉਪਲਬਧ ਹਨ। ਬੰਗਾਲ 'ਚ ਇਨਕਲਾਬੀ ਸਾਥੀਆਂ ਨਾਲ ਰਹਿੰਦੀਆਂ 'ਵਿਅਕਤੀਗਤ ਸਿਆਸੀ ਕਤਲਾਂ' ਦੀ ਅਰਥਹੀਣਤਾ ਦਾ ਉਸ ਨੂੰ ਪੂਰਾ ਗਿਆਨ ਹੋ ਜਾਂਦਾ ਹੈ। ਅਸੈਂਬਲੀ 'ਚ ਫੋਕਾ ਬੰਬ ਸੁੱਟਣਾ ਕਿਸੇ ਅਹਿੰਸਕ ਵਿਚਾਰਧਾਰਾ ਦਾ ਪ੍ਰਗਟਾ ਨਹੀਂ ਹੈ, ਸਗੋਂ ਲੋਕਾਂ ਤੱਕ ਆਪਣੀ ਪਾਰਟੀ ਦੀ ਯੋਜਨਾ ਤੇ ਵਿਚਾਰਧਾਰਾ ਨੂੰ ਪਹੁੰਚਾਉਣ ਦਾ ਤਰੀਕਾ ਮਾਤਰ ਹੀ ਹੈ। ਅਸੈਂਬਲੀ 'ਚ ਸੁੱਟੇ ਗਏ ਪੈਂਫਲਿਟ ਅਤੇ ਨਿਆਂਪਾਲਿਕਾ ਦੀ ਕਾਰਵਾਈ ਸਮੇਂ ਦਿੱਤੇ ਗਏ ਬਿਆਨ, ਇਸੇ ਅਸਲੀਅਤ ਨੂੰ ਬਿਆਨ ਕਰਦੇ ਹਨ ਕਿ ਮਾਨਵਤਾ ਦੇ ਜੀਵਨ ਦੀ ਉਹਨਾਂ ਦੇ ਮਨ ਅੰਦਰ ਕਿੰਨੀ ਇੱਜ਼ਤ ਹੈ। ਉਹ ਧਾਰਮਿਕ ਕੱਟੜਤਾਵਾਂ ਤੇ ਨਿੱਜੀ ਸੁਆਰਥਾਂ ਤੋਂ ਮੁਕਤ ਸੀ। ਇਸ ਲਈ ਉਕਤ ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਗਤ ਸਿੰਘ ਜੀ ਦਾ ਅਮਲੀ ਤੇ ਵਿਚਾਰਧਾਰਕ ਜੀਵਨ, ਵੱਖ-ਵੱਖ ਤੇ ਵਿਰੋਧੀ ਵਿਚਾਰਧਾਰਕ ਵਰਗਾਂ ਨੂੰ ਇਕ ਮਜ਼ਬੂਤ ਆਧਾਰ ਪ੍ਰਦਾਨ ਕਰਦਾ ਹੈ ਤਾਂ ਜੋ ਉਹ ਇਸ ਨੂੰ ਆਪਣੇ ਪ੍ਰਤੀਨਿੱਧ ਦੇ ਰੂਪ ਵਿਚ ਸਵੀਕਾਰ ਕਰ ਸਕਣ। ਵਿਵਹਾਰਿਕ, ਰਾਜਨੀਤਿਕ ਸੇਧ ਤੇ ਵਿਚਾਰਧਾਰਕ ਸੂਝ ਪੱਖੋਂ ਭਾਵੇਂ ਇਹ ਰਸਤਾ ਗੰਧਲਾ ਤੇ ਉਲਝਣਾਂ ਭਰਪੂਰ ਹੋ ਸਕਦਾ ਹੈ, ਪਰ ਭਗਤ ਸਿੰਘ ਜੀ ਦੀ ਹਰਮਨ ਪਿਆਰਤਾ ਤੇ ਵਿਰੋਧੀ ਖੇਮਿਆਂ ਦਾ ਸਾਂਝਾ ਹੋ ਸਕਣ ਦੀ, ਉਸ ਦੀ ਸਮਰੱਥਾ ਦਾ ਭੇਦ ਵੀ ਇਸੇ ਅੰਦਰ ਸਮਾਇਆ ਹੋਇਆ ਹੈ। ਇਸ ਅਸਲੀਅਤ ਨੂੰ ਕਿਸੇ ਵੀ ਤਰ੍ਹਾਂ ਝੁਠਲਾਇਆ ਨਹੀਂ ਜਾ ਸਕਦਾ। ਭਗਤ ਸਿੰਘ ਜੀ ਦੀ ਵਿਚਾਰ ਧਾਰਕ ਉਡਾਰੀ ਇੰਨੀ ਵਿਸ਼ਾਲ ਹੈ, ਜੋ ਇਕੋ ਸਮੇਂ ਸਾਰੇ ਵਿਰੋਧੀ ਪੱਖਾਂ ਨੂੰ ਆਪਣੇ ਕਲਾਵੇ ਵਿਚ ਲੈ ਲੈਣ ਦੀ ਸਮਰੱਥਾ ਰੱਖਦੀ ਹੈ। ਇਸ ਲਈ ਹੀ ਭਗਤ ਸਿੰਘ ਕਿਸੇ ਵਰਗ ਵਿਸ਼ੇਸ਼, ਵਿਚਾਰਧਾਰਾ, ਧਰਮ, ਪ੍ਰਾਂਤ ਤੇ ਭਾਸ਼ਾ ਦਾ ਨਾਇਕ ਨਾ ਹੋ ਕੇ ਸਮੁੱਚੇ ਭਾਰਤ ਵਰਸ਼ ਦਾ ਸਿਰਮੌਰ ਮਹਾਂ-ਨਾਇਕ ਹੈ। ਉਸ ਦਾ ਮਹਾਨਤਾ ਤੇ ਉਸ ਦੇ ਵਿਅਕਤੀਤਵ ਨੂੰ ਪੰਡਿਤ ਜਵਾਹਰ ਲਾਲ ਜੀ ਨਹਿਰੂ ਤੇ ਸੁਭਾਸ਼ ਚੰਦਰ ਬੋਸ ਜੀ ਵਰਗੇ ਪ੍ਰਗਤੀਸ਼ੀਲ ਮਹਾਂ-ਨਾਇਕ ਹੀ ਨਹੀਂ, ਸਗੋਂ ਰਾਸ਼ਟਰ ਪਿਤਾ ਅਖਵਾਉਣ ਵਾਲੇ ਮਹਾਂ-ਨਾਇਕ ਮਹਾਤਮਾ ਗਾਂਧੀ ਜੀ ਵੀ ਖੁਦ ਸਵੀਕਾਰ ਕਰਦੇ ਹਨ। ਆਪਣੀ ਵਿਗਿਆਨਕ ਤੇ ਬੌਧਿਕ ਵਿਚਾਰਧਾਰਾ ਦੀ ਵਿਸ਼ਾਲਤਾ ਨਾਲ ਹੀ ਉਹ ਸਮੇਂ ਨੂੰ ਪਛਾੜਨ ਦੇ ਸਮਰੱਥ ਹੋਇਆ ਹੈ। ਅੱਜ ਸਮਾਂ ਬੀਤਣ ਨਾਲ ਹੌਲੀ-ਹੌਲੀ ਬਹੁਤ ਸਾਰੇ ਪੁਰਾਣੇ ਆਜ਼ਾਦੀ ਦੇ ਸੂਰਮਿਆਂ ਦੇ ਅਕਸ ਧੁੰਦਲਾ ਰਹੇ ਹਨ, ਪਰ ਭਗਤ ਸਿੰਘ ਜੀ ਦਾ ਅਕਸ ਉਵੇਂ ਹੀ ਸੂਰਜ ਦੀ ਤਰ੍ਹਾਂ ਚਮਕਦਾ ਰਹੇਗਾ, ਕਿਉਂਕਿ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਇਕ ਅਜਿਹੇ ਚਮਕਦੇ ਗਿਆਨ ਤੇ ਕੁਰਬਾਨੀ ਦੇ ਸੁਰਜਨ ਹਨ, ਜਿਹਨਾਂ ਦਾ ਚਾਨਣ ਸਮੁੱਚੀ ਮਾਨਵਤਾ ਨੂੰ ਅਗਿਆਨਤਾ ਦੇ ਹਨ੍ਹੇਰੇ 'ਚੋਂ ਕੱਢ ਕੇ ਕੁਰਬਾਨੀ ਅਤੇ ਦੇਸ਼ ਪਿਆਰ ਦਾ ਜਜ਼ਬਾ ਪੈਦਾ ਕਰਦਾ ਤੇ ਪ੍ਰੇਰਨਾ ਦਿੰਦਾ ਹੋਇਆ, ਵਿਗਿਆਨਕ ਦ੍ਰਿਸ਼ਟੀਕੋਣ ਧਾਰਨ ਕਰਨ, ਸਮਾਜਵਾਦੀ-ਯਥਾਰਥਵਾਦੀ ਬਣਨ ਤੇ ਪ੍ਰਗਤੀਸ਼ੀਲਤਾ ਗ੍ਰਹਿਣ ਕਰਨ ਦੀ ਰੌਸ਼ਨੀ ਦਿੰਦਾ ਰਹੇਗਾ। ਸਾਰੀ ਮਾਨਵਤਾ ਲਈ ਸ਼ਹੀਦੇ-ਆਜ਼ਮ ਸਰਕਾਰ ਭਗਤ ਸਿੰਘ ਜੀ ਕੋਲ ਥਾਂ ਹੈ ਤੇ ਉਹ ਕਿਸੇ ਨੂੰ ਵੀ ਨਿਰਾਸ਼ ਨਹੀਂ ਕਰਦਾ। ਉਹਨਾਂ ਦੇ ਸ਼ਹੀਦ ਪੁਰਬ 'ਤੇ ਬੜੇ ਸਤਿਕਾਰ ਨਾਲ ਮੈਂ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ।

## ਨਾਮਵਰ ਸਿੱਖ ਵਿਦਵਾਨ ਲੇਖਕ ਜੈਤੇਗ ਸਿੰਘ ਅਨੰਤ ਦੀਆਂ ਗ਼ਦਰ ਦੀ ਪਹਿਲੀ ਸ਼ਤਾਬਦੀ ਤੇ ਤਿੰਨ ਪੁਸਤਕਾਂ ਜੈਕਾਰਿਆਂ ਦੀ ਗੂੰਜ ਵਿਚ ਬਰਤਾਨੀਆ ਦੇ ਡਰਬੀ ਸ਼ਹਿਰ ਵਿਖੇ ਰਿਲੀਜ਼

ਡਰਬੀ – ਬੀਤੇ ਦਿਨੀਂ ਕੈਨੇਡਾ ਤੋਂ ਵਿਸ਼ੇਸ਼ ਸੱਦੇ 'ਤੇ ਪੁੱਜੇ ਨਾਮਵਰ ਸਿੱਖ ਵਿਦਵਾਨ ਤੇ ਲੇਖਕ ਜੈਤੇਗ ਸਿੰਘ ਅਨੰਤ ਦੀਆਂ ਤਿੰਨ ਸੁਚਿੱਤਰ ਪੁਸਤਕਾਂ ਨੂੰ ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਦੀਵਾਨ ਹਾਲ ਵਿਚ ਭਰਵੇਂ ਤੇ ਸ਼ਾਨਦਾਰ ਪ੍ਰਤੀਨਿੰਧ ਇਕੱਠ ਵਿਚ ਜੈਕਾਰਿਆਂ ਦੀ ਗੂੰਜ ਵਿਚ ਰਿਲੀਜ਼ ਕੀਤਾ ਗਿਆ। ਪੁਸਤਕਾਂ 'ਗ਼ਦਰ ਲਹਿਰ ਦੀ ਕਹਾਣੀ', 'ਗ਼ਦਰੀ ਯੋਧੇ', 'ਗ਼ਦਰ ਦੀ ਗੂੰਜ' ਤੇ 'ਭਾਈ ਰਣਧੀਰ ਸਿੰਘ' ਨੂੰ ਇੰਡੀਆ ਤੋਂ ਪੰਥ ਦੇ ਪ੍ਰਸਿੱਧ ਕਥਾ ਵਾਚਕ ਭਾਈ ਪਿੰਦਰਪਾਲ ਸਿੰਘ, ਪੰਥ ਦੀ ਸੋਨ ਚਿੜੀ ਭਾਈ ਰਣਧੀਰ ਸਿੰਘ ਦੇ ਪੜਪੋਤਰੇ ਭਾਈ ਜੁਝਾਰ ਸਿੰਘ ਲੰਡਨ ਤੇ ਬਰਤਾਨੀਆ ਦੇ ਸਿੱਖਾਂ ਦੀ ਬੁਲੰਦ ਅਵਾਜ਼ ਤੇ ਪੱਤਰਕਾਰ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਰਿਲੀਜ਼ ਕਰਨ ਦੀ ਖੁਸ਼ੀ ਲਈ। ਸਮਾਗਮ ਦੇ ਰੂਹੇ ਰਵਾਂ ਰਾਜਿੰਦਰ ਸਿੰਘ ਪੁਰੇਵਾਲ ਨੇ ਕੈਨੇਡਾ ਤੋਂ ਪੁੱਜੇ ਤੇ ਪੁਸਤਕਾਂ ਦੇ ਸੰਪਾਦਕ ਜੈਤੇਗ ਸਿੰਘ ਅਨੰਤ ਦੀ ਪੰਜਾਬੀ ਤੇ ਸਿੱਖੀ ਦੇ ਅਦਬੀ ਫਿਜ਼ਾ ਵਿਚ ਯੋਗਦਾਨ, ਸਿੱਖੀ ਸਿਦਕ ਦੇ ਪ੍ਰਤੀ ਡੁੱਲ੍ਹਦਾ ਪਿਆਰ ਤੇ ਗ਼ਦਰ ਲਹਿਰ ਦੀ ਪਹਿਲੀ ਜਨਮ ਸ਼ਤਾਬਦੀ ਦੇ ਸੰਦਰਭ ਵਿਚ ਪਿਛਲੇ ਤਿੰਨ ਸਾਲਾਂ ਤੋਂ ਕੀਤੀ ਗਈ ਸਖ਼ਤ ਮਿਹਨਤ, ਸ਼ਿੱਦਤ ਨਾਲ ਤਿਆਰ ਕੀਤੀਆਂ ਪੁਸਤਕਾਂ ਨੂੰ ਸਮੁੱਚੇ ਵਿਸ਼ਵ ਦੇ ਪਾਠਕਾਂ ਦੇ ਸਨਮੁੱਖ ਸਮਰਪਿਤ ਕਰਕੇ ਇਕ ਮਹਾਨ ਸੇਵਾ ਕੀਤੀ ਹੈ। ਉਨ੍ਹਾਂ ਦੱਸਿਆ ਕਿ ਅਨੰਤ ਹੁਰਾਂ ਦਾ ਪੰਜਾਬ ਵਿਚ ਗ਼ਦਰ ਲਹਿਰ ਦੇ ਮਹਾਨ ਨਾਇਕ ਭਾਈ ਸਾਹਿਬ ਭਾਈ ਰਣਧੀਰ ਸਿੰਘ, ਬਾਬਾ ਵਿਸਾਖਾ ਸਿੰਘ, ਭਾਈ ਜਵਾਲਾ ਸਿੰਘ ਠੱਠੀਆਂ, ਬਾਬਾ ਨਿਧਾਨ ਸਿੰਘ ਚੁੱਘਾ ਤੇ ਹੋਰ ਗ਼ਦਰੀ ਬਾਬਿਆਂ ਪ੍ਰਤੀ ਡੂੰਘੀ ਸ਼ਰਧਾ ਪ੍ਰਤੱਖ ਰੂਪ ਵਿਚ ਇਹਨਾਂ ਪੁਸਤਕਾਂ ਵਿਚੋਂ ਵੇਖੀ ਜਾ ਸਕਦੀ ਹੈ। ਸੰਗਤ ਅਰਪਣ ਸਮਾਗਮ ਵਿਚ ਇਹ ਗੱਲ ਵਿਸ਼ੇਸ਼ ਵਰਣਨਯੋਗ ਹੈ ਕਿ ਬਰਤਾਨੀਆ ਤੋਂ ਛੁੱਟ ਜਰਮਨੀ, ਫਰਾਂਸ, ਇਟਲੀ, ਅਮਰੀਕਾ, ਆਸਟ੍ਰੇਲੀਆ ਤੇ ਹੋਰ ਅਨੇਕਾਂ ਦੇਸਾਂ ਤੋਂ ਪੁੱਜੇ ਮੋਹਤਬਰ ਤੇ ਪ੍ਰਤੀਨਿੱਧਾਂ ਨੂੰ ਪੰਜ ਪੰਜ ਪੁਸਤਕਾਂ ਭੇਂਟ ਕਰਕੇ ਸ: ਜੈਤੇਗ ਸਿੰਘ ਅਨੰਤ ਵੱਲੋਂ ਸੰਪਾਦਨਾ ਕੀਤੀਆਂ ਪੁਸਤਕਾਂ ਰਾਹੀਂ ਨਵੀ ਚੇਤਨਾ ਦਾ ਆਗਾਜ਼ ਕੀਤਾ ਗਿਆ ਹੈ। ਇਹ ਰਿਲੀਜ਼ ਸਮਾਗਮ ਨੂੰ ਬਰਤਾਨੀਆ ਦੇ ਤਿੰਨ ਮਕਬੂਲ, ਟੀ ਵੀ





ਚੈਨਲਾਂ 'ਸੰਗਤ ਟੀਵੀ', 'ਸਿੱਖ ਚੈਨਲ' ਅਤੇ 'ਅਕਾਲ ਚੈਨਲ' ਨੇ ਲਾਈਵ ਸ਼ੋਅ ਰਾਹੀਂ ਯਾਦਗਾਰ ਸਮਾਗਮ ਬਣਾ ਦਿੱਤਾ। ਦੇ ਦਰਸ਼ਨ ਦੀਦਾਰੇ ਕਰਵਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।

ਭਾਈ ਪਿੰਦਰਪਾਲ ਸਿੰਘ ਜੀ, ਭਾਈ ਜੁਝਾਰ ਸਿੰਘ ਤੋਂ ਇਲਾਵਾ ਬਰਤਾਨੀਆ ਦੀ ਲੇਬਰ ਪਾਰਟੀ ਦੇ ਨਾਮਵਰ ਸਿੱਖ ਆਗੂ ਪਾਰਲੀਮੈਂਟ ਸੀਟ ਤੇ ਉਮੀਦਵਾਰ ਸ: ਤਨਮਨਜੀਤ ਸਿੰਘ ਢੇਸੀ, ਵਿਸ਼ਵ ਪ੍ਰਸਿੱਧ ਵਿਗਿਆਨੀ ਡਾ: ਦਲਜੀਤ ਸਿੰਘ ਵਿਰਕ, ਭਾਈ ਗੁਰਮੇਲ ਸਿੰਘ ਜਨਰਲ ਸੈਕਟਰੀ ਸਿੱਖ ਕੌਂਸਲ ਯੂ ਕੇ, ਭਾਈ ਜੋਗਾ ਸਿੰਘ, ਭਾਈ ਹਰਜਿੰਦਰ ਸਿੰਘ ਮੰਡੇਰ (ਪੰਜਾਬ ਟਾਈਮਜ਼), ਜਥੇਦਾਰ ਰਘਬੀਰ ਸਿੰਘ, ਮਾਸਟਰ ਕੁਲਵਿੰਦਰ ਸਿੰਘ ਤੇ ਜਥੇਦਾਰ ਰਘਬੀਰ ਸਿੰਘ ਤੱਘੜ ਨੇ ਪੁਸਤਕਾਂ ਸੰਗਤ ਅਰਪਣ ਕਰਨ ਸਮੇਂ ਸਟੇਜ ਤੇ ਹਾਜ਼ਰੀ ਲਵਾਈ ਤੇ ਇਸ ਇਤਿਹਾਸਕ ਕਾਰਜ ਵਿਚ ਆਪਣਾ ਨਿੱਘਾ ਸਾਥ ਦਿੱਤਾ।

ਪੁਸਤਕ ਰਿਲੀਜ਼ ਸਮਾਗਮ ਵਿਚ ਉਹ ਪਲ ਵਿਸ਼ੇਸ਼ ਯਾਦਗਾਰੀ ਸਨ, ਜਦੋਂ ਨਾਮਵਰ ਵਿਦਵਾਨ ਤੇ ਲੇਖਕ ਜੈਤੇਗ ਸਿੰਘ ਅਨੰਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੱਲੋਂ ਦੋ ਇਤਿਹਾਸਕ ਤੇ ਮਹੱਤਵਪੂਰਨ ਪੱਤਰ ਜੋ ਉਹਨਾਂ ਰਾਜ ਮੁੰਦਰੀ ਜੇਲ੍ਹ ਵਿਚੋਂ ਸੰਨ 1922 ਨੂੰ ਆਪਣੇ ਪੁੱਤਰ ਭਾਈ ਬਲਬੀਰ ਸਿੰਘ ਤੇ ਪੁੱਤਰੀ ਬੀਬੀ ਦਲੇਰ ਕੌਰ ਨੂੰ ਲਿਖੇ ਸਨ ਡਰਬੀ ਦੇ ਸਿੱਖ ਅਜਾਇਬਘਰ ਨੂੰ ਭੇਂਟ ਕਰਕੇ ਗੁਰੂ ਘਰ ਦੀਆਂ ਹੀ ਨਹੀਂ ਸਗੋਂ ਸਮੁੱਚੇ ਬਰਤਾਨੀਆ ਦੀਆਂ ਸਿੱਖ ਸੰਗਤਾਂ ਦੀ ਖੁਸ਼ੀ ਦਾ ਪਾਤਰ ਬਣਾਇਆ, ਤਾਂ ਜੋ ਅਸੀਂ ਆਪਣੇ ਪੁਰਖਿਆਂ ਦੀਆਂ ਵਿਰਾਸਤ ਦੀਆਂ ਨਿਸ਼ਾਨੀਆਂ ਨੂੰ ਸਾਂਭ ਸਕੀਏ, ਜੋ ਸਾਡੀ ਆਉਣ ਵਾਲੀ ਪੀੜ੍ਹੀ ਲਈ ਚਾਨਣ ਮੁਨਾਰਾ ਹੋਵੇਗਾ।

# INDIA MARKET

SWEETS & SPICES

ਸਪੈਸ਼ਲ ਚਾਟ ਦਾ ਵਿਸ਼ੇਸ਼ ਪ੍ਰਬੰਧ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਨੂੰ ਡਾ. ਅੰਬੇਦਕਰ ਜੀ ਦੇ ਜਨਮ ਦਿਹਾੜੇ ਦੀਆਂ

ਲੱਖ ਲੱਖ ਵਧਾਈਆਂ


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Sweets Spices Chaat House

We accept EBT cards

916-786-7666

1265 Pleasant Grove Blvd. # 100 Roseville, CA 95747

We have the largest collection for Indian, Fijian & Pakistani Grocery

Music, Fabric, Artificial Jewelry, Sweets, Fresh Vegetables & morel

We accept EBT cards

916-338-5511

5203 Elkhorn Blvd.Sacramento, CA 95842

Toll Free 1-866-FOR-RAJA
www.rajasweets.com
msbains@rajasweets.com

Follow us on:

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Fresh Sweets, Snacks & Food

Catering for All occasions up to 10000 guests

Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

# ਸੰਸਦੀ ਲੋਕਤੰਤਰ ਦਾ ਭਵਿੱਖ

## ਇਤਿਹਾਸਕ ਭਾਸ਼ਣ- ਬਾਬਾ ਸਾਹਿਬ ਡਾ.ਅੰਬੇਦਕਰ

(ਇਸ ਭਾਸ਼ਣ ਵਿਚ ਬਾਬਾ ਸਾਹਿਬ ਡਾ. ਅੰਬੇਦਕਰ ਨੇ ਡੀ. ਏ ਵੀ. ਕਾਲਜ ਜਲੰਧਰ ਵਿਖੇ 'ਵਿਦਿਆਰਥੀ ਦੀ ਪਾਰਲੀਮੈਂਟ' ਸਾਹਮਣੇ 28 ਅਕਤੂਬਰ 1951 ਨੂੰ ਦਿੱਤਾ ਸੀ, ਵਿਚ ਪਾਰਲੀਮੈਂਟਰੀ ਡੈਮੋਕ੍ਰੇਸੀ ਬਾਰੇ ਆਪਣੇ ਵਿਚਾਰ ਰੱਖੇ ਹਨ।)

ਸਨਮਾਨਯੋਗ ਪ੍ਰਿੰਸੀਪਲ, ਪ੍ਰਧਾਨ ਅਤੇ ਵਕਤਾਗਣ,

ਮੈਨੂੰ ਤੁਹਾਡੇ ਸਪੈਸ਼ਲ ਸੈਸ਼ਨ ਵਿਚ ਤੁਹਾਡੇ ਸਾਹਮਣੇ ਖਿਆਲ ਰੱਖਣ ਦਾ ਸੱਦਾ ਦੇਣ ਲਈ ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਜ਼ਿੰਦਗੀ ਭਰ ਮੈਂ ਇਕ ਵਿਸ਼ੇ ਤੋਂ ਦੂਜੇ ਵਿਸ਼ੇ ਵੱਲ ਅਤੇ ਇਕ ਵਿਵਸਾਏ ਤੋਂ ਦੂਜੇ ਵਿਵਸਾਏ ਵੱਲ ਖੋਜ ਕਰਦਾ ਰਿਹਾ ਹਾਂ। ਸੰਨ 1919 ਵਿਚ ਇੰਗਲੈਂਡ ਤੋਂ ਵਾਪਸ ਆ ਕੇ ਮੈਂ ਸਰਕਾਰੀ ਕਾਮਰਸ ਦੇ ਪ੍ਰੋਫੈਸਰ ਦੇ ਤੌਰ ਤੇ ਆਪਣਾ ਜੀਵਨ ਆਰੰਭ ਕੀਤਾ। ਪ੍ਰੰਤੂ ਜਲਦੀ ਹੀ ਮੈਂ ਅਨੁਭਵ ਕੀਤਾ ਕਿ ਜਿਹਨਾਂ ਲੋਕਾਂ ਨੇ ਜਨ ਸੇਵਾ ਕਰਨੀ ਹੈ, ਉਹਨਾਂ ਲਈ ਸਰਕਾਰੀ ਨੌਕਰੀ ਠੀਕ ਨਹੀਂ ਹੈ। ਸਰਕਾਰੀ ਨੌਕਰੀ ਰੂਲ ਅਤੇ ਅਨੁਸ਼ਾਸਨ ਦੀ ਚਾਰਦੀਵਾਰੀ ਅੰਦਰ ਬੰਨ੍ਹਿਆ ਹੁੰਦਾ ਹੈ। ਇਸ ਲਈ ਪਬਲਿਕ ਸੇਵਾ ਸਮੇਂ ਉਸ ਨੂੰ ਹਮੇਸ਼ਾ ਤਕਲੀਫ਼ ਹੁੰਦੀ ਹੈ। ਇਸ ਤੋਂ ਬਾਅਦ ਮੈਂ ਫਿਰ ਬੈਰਿਸਟਰੀ ਪਾਸ ਕਰਨ ਲਈ ਇੰਗਲੈਂਡ ਗਿਆ। ਇੰਗਲੈਂਡ ਤੋਂ ਵਾਪਸ ਆ ਕੇ ਮੈਂ ਥੋੜ੍ਹੇ ਸਮੇਂ ਲਈ ਵਕਾਲਤ ਕੀਤੀ ਅਤੇ ਫਿਰ ਸਰਕਾਰੀ ਲਾਅ ਕਾਲਜ ਬੰਬਈ ਵਿਚ ਪ੍ਰਿੰਸੀਪਲ ਦੀ ਪਦਵੀ ਤੇ ਨਿਯੁਕਤੀ ਪ੍ਰਾਪਤ ਕਰ ਲਈ। ਇਸ ਤਰ੍ਹਾਂ ਮੈਂ ਫਿਰ ਇਕ ਅਧਿਆਪਕ ਦੇ ਵਿਵਸਾਏ ਵਿਚ ਆ ਗਿਆ। ਮੈਂ ਪੰਜ ਸਾਲ ਤੀਕ ਲਾਅ ਕਾਲਜ ਦੇ ਪ੍ਰਿੰਸੀਪਲ ਦੇ ਤੌਰ ਤੇ ਨੌਕਰੀ ਕੀਤੀ। ਇਸ ਤੋਂ ਬਾਅਦ ਸੰਨ 1935 ਵਿਚ ਗੌਰਮਿੰਟ ਆਫ ਇੰਡੀਆ ਐਕਟ ਬਣਿਆ, ਜਿਸ ਦੁਆਰਾ ਪਹਿਲੀ ਵਾਰ ਲੋਕਾਂ ਦੁਆਰਾ ਚੁਣੀ ਗਈ ਸਰਕਾਰ ਦੀ ਵਿਵਸਥਾ ਕੀਤੀ ਗਈ। ਇਸ ਲਈ ਮੈਂ ਰਾਜਨੀਤੀ ਵਿਚ ਕੁੱਦਣ ਲਈ ਸੋਚਿਆ ਅਤੇ ਨੌਕਰੀ ਛੱਡ ਕੇ ਰਾਜਨੀਤੀ ਵਿਚ ਆ ਗਿਆ। ਤਦੋਂ ਤੋਂ ਹੀ ਮੈਂ ਕਦੀ ਵਕਾਲਤ ਕਰਨ ਲੱਗ ਜਾਂਦਾ ਹਾਂ ਅਤੇ ਕਦੀ ਲੋਕ ਸੇਵਾ ਵਿਚ ਜੁਟ ਜਾਂਦਾ ਹਾਂ। ਇਸ ਤਰ੍ਹਾਂ ਵਕਾਲਤ ਅਤੇ ਲੋਕ ਸੇਵਾ ਮੇਰੇ ਜੀਵਨ ਦੀਆਂ ਦੋ ਆਲਟਰਨੇਟਿਵ ਕਰੰਟਾਂ ਹਨ। ਮੈਨੂੰ ਪਤਾ ਨਹੀਂ ਇਹੋ ਜੀਵਨ ਕਿਸ ਕਰੰਟ ਨਾਲ ਸਮਾਪਤ ਹੋਵੇਗਾ। ਆਲਟਰ ਨੇਟਿਵ ਕਰੰਟ ਨਾਲ ਜਾਂ ਡਾਇ ਕਟ ਕਰੰਟ ਨਾਲ।

ਮੈਂ ਪੜ੍ਹਾਉਣ ਦੇ ਕਿੱਤੇ ਦਾ ਬਹੁਤ ਸ਼ੌਕੀਨ ਹਾਂ। ਇਸ ਲਈ ਮੈਂ ਵਿਦਿਆਰਥੀਆਂ ਨੂੰ ਵੀ ਬਹੁਤ ਪਸੰਦ ਕਰਦਾ ਹਾਂ। ਮੈਂ ਬਹੁਤ ਸਮੇਂ ਤੋਂ ਉਹਨਾਂ ਨਾਲ ਕੰਮ ਕਰਦਾ ਰਿਹਾ ਹਾਂ। ਮੇਰੇ ਮੰਤਰੀ ਮੰਡਲ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਪਹਿਲੀ ਵਾਰ ਮੈਂ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਿਹਾ ਹਾਂ। ਵਿਦਿਆਰਥੀਆਂ ਨਾਲ ਗੱਲਬਾਤ ਕਰਕੇ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ। ਦੇਸ਼ ਦੇ ਵਿਦਿਆਰਥੀਆਂ ਉਪਰ ਦੇਸ਼ ਦਾ ਭਵਿੱਖ ਨਿਰਧਾਰਿਤ ਹੁੰਦਾ ਹੈ। ਵਿਦਿਆਰਥੀ ਸੁਸਾਇਟੀ ਦਾ ਬੁੱਧੀਜੀਵੀ ਵਰਗ ਹੁੰਦਾ ਹੈ ਅਤੇ ਉਹ ਲੋਕਾਂ ਦੀ ਰਾਏ ਬਦਲਣ ਲਈ ਸਮਰੱਥ ਹਨ। ਇਸ ਲਈ ਮੈਂ ਤੁਹਾਡੀ ਪਾਰਲੀਮੈਂਟ ਨੂੰ ਸੰਬੋਧਨ ਕਰਨ ਵਿਚ ਬਹੁਤ ਖੁਸ਼ੀ ਮਹਿਸੂਸ ਕਰਦਾ ਹਾਂ ਅਤੇ ਮੈਨੂੰ ਇਹ ਮੌਕਾ ਦੇਣ ਲਈ ਮੈਂ ਤੁਹਾਡਾ ਬਹੁਤ ਧੰਨਵਾਦੀ ਵੀ ਹਾਂ। ਜਦੋਂ ਤੁਹਾਡੇ ਪ੍ਰਿੰਸੀਪਲ ਸਾਹਿਬ ਨੇ ਮੈਨੂੰ ਤੁਹਾਨੂੰ ਸੰਬੋਧਨ ਕਰਨ ਲਈ ਸੱਦਾ ਦਿੱਤਾ ਸੀ ਤਾਂ ਉਹਨਾਂ ਨੇ ਕੋਈ ਖਾਸ ਵਿਸ਼ੇ ਬਾਰੇ ਨਹੀਂ ਦੱਸਿਆ ਸੀ।

ਇਸ ਲਈ ਅੱਜ ਦੇ ਦਿਨ ਮੈਂ ਤੁਹਾਨੂੰ ਕਿਸ ਵਿਸ਼ੇ ਦੇ ਸਬੰਧ ਵਿਚ ਸੰਬੋਧਨ ਕਰਾਂ, ਇਸ ਬਾਰੇ ਮੈਂ ਵੀ ਨਹੀਂ ਸੋਚਿਆ ਪਰ ਹੁਣ ਫੌਰੀ ਤੌਰ ਤੇ ਮੈਨੂੰ ਆਪਣੇ ਆਪ ਵਿਚ ਸਪਸ਼ਟਤਾ ਪ੍ਰਾਪਤ ਹੋ ਗਈ ਹੈ ਕਿ ਮੈਂ ਕਿਸ ਵਿਸ਼ੇ ਤੇ ਤੁਹਾਡੇ ਨਾਲ ਚਰਚਾ ਕਰਾਂ। ਮੈਂ ਤੁਹਾਡੇ ਸਾਹਮਣੇ ਪਾਰਲੀਮੈਂਟ ਡੈਮੋਕਰੇਸੀ ਦੇ ਵਿਸ਼ੇ ਉਪਰ ਬੋਲਣ ਦਾ ਮਨ ਬਣਾਇਆ ਹੈ। ਮੇਰੇ ਪਾਸ ਸਮੇਂ ਦੀ ਬਹੁਤ ਕਮੀ ਹੈ। ਇਸ ਲਈ ਮੈਂ ਸੰਖੇਪ ਵਿਚ ਹੀ ਇਸ ਵਿਸ਼ੇ ਤੇ ਵਿਸ਼ਲੇਸ਼ਣ ਕਰਾਂਗਾ।

ਸਰਕਾਰ ਦੇ ਭੇਦ:

ਕੰਸਰੀਚੂਐਂਟ ਅਸੈਂਬਲੀ ਵਿਚ ਸਾਡੇ ਦੇਸ਼ ਵਿਚ ਕਿਸ ਤਰ੍ਹਾਂ ਦਾ ਸੰਵਿਧਾਨ ਹੋਣਾ ਚਾਹੀਦਾ ਹੈ। ਇਸ ਬਾਰੇ ਬਹੁਤ ਸਾਰੇ ਵੱਖ ਵੱਖ ਖਿਆਲ ਸਨ, ਕੁਝ ਐਸੇ ਵੀ ਸਨ ਜੋ ਇਹਨਾਂ ਦੋਹਾਂ ਵਿਚੋਂ ਕਿਸੇ ਨੂੰ ਵੀ ਨਹੀਂ ਚਾਹੁੰਦੇ ਸਨ। ਪ੍ਰੰਤੂ ਬਹੁਤ ਵਿਚਾਰ ਅਤੇ ਬਹਿਸਬਾਜ਼ੀ ਤੋਂ ਬਾਅਦ ਬਹੁਗਿਣਤੀ ਮੈਂਬਰਾਂ ਦੀ ਰਾਏ ਬਣ ਗਈ ਕਿ ਪਾਰਲੀਮੈਂਟਰੀ ਸਰਕਾਰ ਦਾ ਢਾਂਚਾ ਜੋ ਬਰਤਾਨੀਆ ਵਿਚ ਚੱਲ ਰਿਹਾ ਹੈ, ਉਹ ਸਾਡੇ ਦੇਸ਼ ਬਾਰੇ ਬਹੁਤ ਢੁਕਵਾਂ ਹੈ। ਮੈਂਬਰਾਂ ਦੇ ਕਈ ਗਰੁੱਪ ਪਾਰਲੀਮੈਂਟਰੀ ਸਰਕਾਰ ਦੇ ਪੱਖ ਵਿਚ ਨਹੀਂ ਸਨ। ਕਾਮਰੇਡ ਰੂਸ ਵਰਗੀ ਸਰਕਾਰ ਦਾ ਢਾਂਚਾ ਚਾਹੁੰਦੇ ਸਨ। ਸਮਾਜਵਾਦੀ ਵੀ ਭਾਰਤ ਦੇ ਮੌਜੂਦਾ ਸੰਵਿਧਾਨ ਦੇ ਵਿਰੋਧੀ ਸਨ। ਉਹ ਇਸ ਦੇ ਵਿਰੋਧ ਵਿਚ ਲੜ ਰਹੇ ਸਨ। ਉਹਨਾਂ ਨੇ ਘੋਸ਼ਣਾ ਕੀਤੀ ਕਿ ਜੇ ਉਹ ਤਾਕਤ ਵਿਚ ਆ ਗਏ ਤਾਂ ਉਹ ਇਹ ਸੰਵਿਧਾਨ ਬਦਲ ਦੇਣਗੇ। ਵਿਅਕਤੀਗਤ ਰੂਪ ਵਿਚ ਮੈਂ ਪਾਰਲੀਮੈਂਟਰੀ ਸਰਕਾਰ ਦੇ ਢਾਂਚੇ ਨੂੰ ਬਹੁਤ ਪਸੰਦ ਕਰਦਾ ਹਾਂ। ਸਾਨੂੰ ਸਮਝਣਾ ਚਾਹੀਦਾ ਹੈ ਕਿ ਇਸਦੇ ਕੀ ਅਰਥ ਹਨ। ਅਤੇ ਸੰਵਿਧਾਨ ਨੂੰ ਸੰਭਾਲ ਕੇ ਰੱਖਣਾ ਜ਼ਰੂਰੀ ਹੈ।

ਪਾਰਲੀਮੈਂਟਰੀ ਸਰਕਾਰ:

ਪਾਰਲੀਮੈਂਟਰੀ ਸਰਕਾਰ ਦੇ ਕੀ ਅਰਥ ਹਨ? ਵਾਲਟਰ ਬੈਜਟ ਦੀ ਲਿਖੀ ਹੋਈ ਇਕ ਪੁਸਤਕ ਬਰਤਾਨਵੀ ਸੰਵਿਧਾਨ ਦੇ ਵਿਸ਼ੇ ਵਿਚ ਹੈ। ਇਹ ਇਕ ਬੇਮੁੱਲਾ ਖਜ਼ਾਨਾ ਹੈ, ਬਾਅਦ ਵਿਚ ਪ੍ਰੋਫੈਸਰ ਲਾਸਕੀ ਅਤੇ ਹੋਰ ਲਿਖਾਰੀਆਂ ਨੇ ਉਸਦਾ ਵਿਸਥਾਰ ਕੀਤਾ, ਉਸਨੂੰ ਇਕ ਵਾਕ ਵਿਚ ਪਾਰਲੀਮੈਂਟਰੀ ਸਰਕਾਰ ਨੂੰ ਬਿਆਨ ਕੀਤਾ ਹੈ। ਉਸਨੇ ਕਿਹਾ ਹੈ ਕਿ ਪਾਰਲੀਮੈਂਟਰੀ ਸਰਕਾਰ ਉਹ ਸਰਕਾਰ ਹੈ ਜੋ ਬਹਿਸ ਦੁਆਰਾ ਨਿਰਣਾ ਲਵੇ। ਨਾ ਕਿ (ਜ਼ੋਰਾ ਜ਼ਬਰੀ) ਮਨਮਰਜ਼ੀ ਦੁਆਰਾ। ਤੁਸੀਂ ਹਮੇਸ਼ਾ ਦੇਖਦੇ ਹੋ ਬਰਤਾਨਵੀ ਸਰਕਾਰ ਦੇ ਢਾਂਚੇ ਵਿਚ ਨਿਰਣੇ ਬਹਿਸ ਤੋਂ ਬਾਅਦ ਲਏ ਜਾਂਦੇ ਹਨ। ਅਤੇ ਮੁਸ਼ਕਿਲ ਨਾਲ ਕਦੀ ਕਦੀ ਮਰਜ਼ੀ ਹੁੰਦੀ ਹੈ। ਬਰਤਾਨਵੀ ਪਾਰਲੀਮੈਂਟ ਵਿਚ ਹਮੇਸ਼ਾ ਬਹਿਸ ਹੁੰਦੀ ਹੈ ਅਤੇ ਫੈਸਲੇ ਹੁੰਦੇ ਹਨ ਕੋਈ ਕਦੀ ਹੁੱਲੜਬਾਜ਼ੀ ਨਹੀਂ ਕਰਦਾ।ਕਈ ਵਾਰ ਨਤੀਜੇ ਤੇ ਪਹੁੰਚਣ ਤੋਂ ਬਾਅਦ ਆਮ ਤੌਰ ਤੇ ਘਸੁੰਨ ਮੁੱਕੀ ਹੋ ਜਾਂਦੀ ਹੈ। ਤੁਸੀਂ ਦੇਖਦੇ ਹੋ ਕਿ ਜੋ ਪਾਰਲੀਮੈਂਟਰੀ ਸਿਸਟਮ ਦੇ ਢਾਂਚੇ ਵਿਚ ਪੈਦਾ ਨਹੀਂ ਹੋਏ ਉਹਨਾਂ ਦੀ ਸਮਝ ਵਿਚ ਇਹ ਢਾਂਚਾ ਮੁਸ਼ਕਿਲ ਨਾਲ ਆਵੇਗਾ। ਉਹਨਾਂ ਵਾਸਤੇ ਇਹ ਢਾਂਚਾ ਗੈਰ ਮੁਲਕੀ ਹੈ। ਪਰ ਅਸਾਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ ਅਤੇ ਇਸਨੂੰ ਸਫਲ ਬਣਾਉਣਾ ਚਾਹੀਦਾ ਹੈ।

ਭਾਵੇਂ ਅੱਜ ਪਾਰਲੀਮੈਂਟਰੀ ਡੈਮੋਕਰੇਸੀ ਤੋਂ ਅਣਜਾਣ ਹਾਂ, ਪ੍ਰੰਤੂ ਇਕ ਭਾਰਤ ਵਿਚ ਪਾਰਲੀਮੈਂਟਰੀ ਸੰਸਥਾਵਾਂ ਹੀ ਹੁੰਦੀਆਂ ਸਨ। ਪੁਰਾਤਨ ਸਮੇਂ ਵਿਚ ਭਾਰਤ ਬਹੁਤ ਅਗਾਂਹਵਧੂ ਦੇਸ਼ ਸੀ। ਅਗਰ ਤੁਸੀਂ ਮਹਾਂ ਪ੍ਰੀ-ਨਿਰਵਾਣ ਦੇ ਨੁਕਤੇ ਨੂੰ ਦੇਖੋਗੇ ਤਾਂ ਮੇਰੇ ਖਿਆਲ ਦੀ ਪ੍ਰੋੜ੍ਹਤਾ ਜ਼ਰੂਰ ਕਰੋਗੇ।ਇਸ ਨੁਕਤੇ ਵਿਚ ਦੱਸਿਆ ਹੈ ਕਿ ਜਦੋਂ ਭਗਵਾਨ ਗੌਤਮ ਬੁੱਧ ਕੁਸ਼ੀਨਾਰਾ ਵਿਚ ਅਕਾਲ ਚਲਾਣਾ ਕਰ ਰਹੇ ਸਨ ਤਾਂ ਭਿਖਸ਼ੂਆਂ ਨੂੰ ਇਕ ਸੁਨੇਹਾ ਭੇਜਿਆ ਗਿਆ। ਜੋ ਉਸ ਸਮੇਂ ਇਕ ਸੰਮੇਲਨ ਵਿਚ ਬੈਠੇ ਹੋਏ ਸਨ। ਉਹ ਪਾਰਲੀਮੈਂਟਰੀ ਸੰਸਥਾਵਾਂ ਦੇ ਕਾਇਲ ਸਨ। ਜਦੋਂ ਉਹਨਾਂ ਨੂੰ ਗੌਤਮ ਬੁੱਧ ਦਾ ਸੁਨੇਹਾ ਮਿਲਿਆ ਤਾਂ ਉਹਨਾਂ ਨੇ ਫੈਸਲਾ ਕੀਤਾ ਕਿ ਉਹ ਸੰਮੇਲਨ ਦੀ ਸਮਾਪਤੀ ਨਹੀਂ ਕਰਨਗੇ। ਪਾਰਲੀਮੈਂਟ ਦੇ ਸਾਹਮਣੇ ਜੋ ਕੰਮ ਹੈ ਉਸਨੂੰ ਸਮਾਪਤ ਕਰਕੇ ਹੀ ਕੁਸ਼ੀਨਾਰਾ ਨੂੰ ਜਾਣਗੇ। ਇਸ ਤਰ੍ਹਾਂ ਦੇ ਅਨੇਕਾਂ ਉਦਾਹਰਣ ਅਸਾਡੇ ਕੋਲ ਹਨ ਅਤੇ ਸਾਡੇ ਸਾਹਿਤ ਵਿਚ ਅੰਕਿਤ ਹਨ। ਜੋ ਦੱਸਦੇ ਹਨ ਕਿ ਪਾਰਲੀਮੈਂਟਰੀ ਢਾਂਚਾ ਸਾਡੇ ਲਈ ਕੋਈ ਅਣਜਾਣ ਪ੍ਰਣਾਲੀ ਨਹੀਂ ਹੈ।

ਢਾਂਚੇ ਦੇ ਕਾਇਦੇ ਕਾਨੂੰਨ:

ਪਾਰਲੀਮੈਂਟਰੀ ਢਾਂਚੇ ਨੂੰ ਚਲਾਉਣ ਲਈ ਬਹੁਤ ਸਾਰੇ ਕਾਇਦੇ ਕਾਨੂੰਨ ਹਨ, ਜੋ ਪਾਰਲੀਮੈਂਟ ਨੂੰ ਚਲਾਉਣ ਲਈ ਵਰਤੇ ਜਾਂਦੇ ਹਨ। ਪਹਿਲਾ ਅਸੂਲ ਇਹ ਹੈ ਕਿ ਜੋ ਹਮੇਸ਼ਾ ਹਰ ਥਾਂ ਇਸਤੇਮਾਲ ਹੁੰਦਾ ਹੈ ਕਿ ਨੋਟਿਸ ਦਿੱਤੇ ਬਗੈਰ ਕਿਸੇ ਮਤੇ ਉਪਰ ਬਹਿਸ ਨਹੀਂ ਹੋ ਸਕਦੀ। ਇਸ ਲਈ ਕਦੇ ਕਿਸੇ ਸਵਾਲ ਉਪਰ ਬਹਿਸ ਨਹੀਂ ਹੁੰਦੀ। ਇਹ ਰੂਲ ਵੀ ਪੁਰਾਤਨ ਭਾਰਤ ਵਿਚ ਪ੍ਰਾਚੀਨ ਕਾਲ ਵਿਚ ਵਰਤੋਂ ਵਿਚ ਲਿਆਂਦਾ ਜਾਂਦਾ ਸੀ।

ਗੁਪਤ ਮੱਤ ਦਾ ਕਾਇਦਾ ਵੀ ਜੋ ਅੱਜ ਚੱਲ ਰਿਹਾ ਹੈ ਕੋਈ ਨਵਾਂ ਨਹੀਂ ਹੈ। ਇਹ ਬੋਧੀ ਸੰਘ ਵਿਚ ਆਮ ਪ੍ਰਚੱਲਿਤ ਸੀ। ਉਹ ਵੋਟ ਨੂੰ 'ਸਲਾਹ ਪਤਰਕਾ ਗਗਹਕਾ' ਕਿਹਾ ਕਰਦੇ ਸਨ। ਮੰਦਭਾਗੀ ਅਸੀਂ ਭੂਤਕਾਲ ਦੀਆਂ ਸਾਰੀਆਂ ਚੰਗੀਆਂ ਚੀਜ਼ਾਂ ਨੂੰ ਅਤੇ ਵਿਰਸੇ ਨੂੰ ਭੁੱਲ ਚੁੱਕੇ ਹਾਂ। ਇਤਿਹਾਸਕਾਰਾਂ ਨੂੰ ਇਸ ਵਿਸ਼ੇ ਉਪਰ ਖੋਜ ਕਰਨੀ ਚਾਹੀਦੀ ਹੈ। ਸਾਡੇ ਪਾਰਲੀਮੈਂਟਰੀ ਸੰਸਥਾਨ ਕਿਉਂ ਨਸ਼ਟ ਹੋ ਗਏ, ਪ੍ਰੰਤੂ ਮੈਨੂੰ ਯਕੀਨ ਹੈ ਕਿ ਉਹ ਇਸਦਾ ਕਾਰਨ ਲੱਭਣ ਦੀ ਜ਼ਹਿਮਤ ਨਹੀਂ ਉਠਾ ਸਕਦੇ ਅਤੇ ਨਾ ਹੀ ਐਸਾ ਕਰਨ ਦੇ ਚਾਹਵਾਨ ਹਨ।

ਪੁਰਾਤਨ ਭਾਰਤ ਦੁਨੀਆਂ ਲਈ ਮਾਰਗ ਦਰਸ਼ਕ ਰਿਹਾ ਹੈ। ਭਾਰਤ ਵਿਚ ਜਿਸ ਤਰ੍ਹਾਂ ਦੀ ਬੌਧਿਕ ਸੁਤੰਤਰਤਾ ਸੀ, ਦੁਨੀਆਂ ਦੇ ਕਿਸੇ ਹਿੱਸੇ ਵਿਚ ਨਹੀਂ ਮਿਲਦੀ। ਤਾਂ ਉਹ ਪੁਰਾਣੀ ਸਭਿਅਤਾ ਕੁੱਤਿਆਂ ਦੇ ਮੂੰਹ ਕਿਵੇਂ ਪੈ ਗਈ?

ਭਾਰਤ ਦੇਸ਼ ਆਕੜਖੋਰ ਸਮਰਾਜ ਦਾ ਗੁਲਾਮ ਕਿਵੇਂ ਬਣ ਗਿਆ? ਅਸੀਂ ਤਾਂ ਪਾਰਲੀਮੈਂਟਰੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਵਾਕਫ ਸੀ। ਅਸੀਂ ਵੋਟ 'ਵੋਟਿੰਗ ਕਮੇਟੀਆਂ ਅਤੇ ਪਾਰਲੀਮੈਂਟਰੀ ਸੰਸਥਾਵਾਂ ਨੂੰ ਸੰਬੋਧਿਤ ਹੋਰ ਸਾਰੇ ਨੁਕਤਿਆਂ ਨੂੰ ਜਾਣਦੇ ਹਾਂ। ਪਰ ਫਿਰ ਵੀ ਲੋਕਸ਼ਾਹੀ ਤੰਤਰ ਸਾਨੂੰ ਦੁਸ਼ਮਣ ਕਿਉਂ ਲੱਗ ਰਿਹਾ ਹੈ? ਜੇਕਰ ਅਸੀਂ ਇਕ ਪਿੰਡ ਵਿਚ ਜਾਂਦੇ ਹਾਂ ਤਾਂ ਦੇਖਦੇ ਹਾਂ ਕਿ ਪਿੰਡ ਵਾਸੀ ਨਹੀਂ ਸਮਝਦੇ। ਕੀ ਵੋਟ ਕੀ ਹੈ? ਪਾਰਟੀ ਕੀ ਹੈ? ਉਹਨਾਂ ਨੂੰ ਇਹ ਗੱਲਾਂ ਅਜੀਬੋ ਗਰੀਬ ਲੱਗਦੀਆਂ ਹਨ, ਉਹ ਸਮਝਦੇ ਹਨ ਕਿ ਇਹ ਕਿਸੇ ਹੋਰ ਦੁਨੀਆਂ ਦੀਆਂ ਰੀਤਾਂ ਹੋਣਗੀਆਂ। ਅੱਜ ਸਾਡੇ ਵਾਸਤੇ ਇਸ ਸੰਸਥਾਨ ਨੂੰ ਬਰਕਰਾਰ ਰੱਖਣ ਵਾਸਤੇ ਬਹੁਤ ਸਮੱਸਿਆ ਪੈਦਾ ਹੋ ਗਈ ਹੈ। ਸਾਨੂੰ ਲੋਕਾਂ ਨੂੰ ਪੜ੍ਹਾਉਣਾ (ਸਿਖਾਉਣਾ) ਪਵੇਗਾ। ਸਾਨੂੰ ਉਹਨਾਂ ਨੂੰ ਲੋਕਤੰਤਰ ਦੇ ਲਾਭ ਸਮਝਾਉਣੇ ਪੈਣਗੇ। ਅਸੀਂ ਜਾਣਦੇ ਹਾਂ ਕਿ ਵਾਲਟਰ ਬੈਜਟ ਲੋਕਸ਼ਾਹੀ ਦਾ ਕੀ ਅਰਥ ਕੱਢਦੇ ਹਨ? ਪ੍ਰੰਤੂ ਅੱਜ ਵਾਲਟਰ ਬੈਜਟ ਦੀ ਪਰਿਭਾਸ਼ਾ ਦਾ ਕੋਈ ਲਾਭ ਨਹੀਂ। ਇਹ ਬਿਲਕੁਲ ਅਧੂਰੀ ਹੈ। ਪਾਰਲੀਮੈਂਟਰੀ ਸਰਕਾਰ ਦੇ ਤੰਤਰ ਵਿਚ ਤਿੰਨ ਮੂਲ ਚੀਜ਼ਾਂ ਗੁੰਦੀਆਂ ਹੋਈਆਂ ਹਨ।

ਤਿੰਨ ਮੂਲ ਵਸਤਾਂ: ਪਾਰਲੀਮੈਂਟਰੀ ਸਰਕਾਰ ਵੰਸ਼ਵਾਦ ਦਾ ਵਿਰੋਧ ਕਰਦੀ ਹੈ ਕੋਈ ਵਿਅਕਤੀ ਆਪਣੇ ਪੂਰਵਜਾਂ ਦੇ ਸ਼ਾਸਕ ਹੋਣ ਦਾ ਦਾਅਵੇਦਾਰ ਨਹੀਂ ਹੋ ਸਕਦਾ ਜੋ ਰਾਜ ਸੱਤਾ ਦਾ ਭਾਗੀ ਹੋਣਾ ਚਾਹੁੰਦਾ ਹੈ, ਉਸ ਸਮੇਂ ਸਮੇਂ ਸਿਰ ਲੋਕਾਂ ਵੱਲੋਂ ਚੁਣਿਆ ਜਾਣਾ ਜ਼ਰੂਰੀ ਹੈ। ਉਸ ਨੂੰ ਲੋਕਾਂ ਦੀ ਰਜ਼ਾਮੰਦੀ ਲੈਣੀ ਨਿਹਾਇਤ ਜ਼ਰੂਰੀ ਹੈ। ਪਰਿਵਾਰਵਾਦ ਦੀ ਪਾਰਲੀਮੈਂਟਰੀ ਸਰਕਾਰ ਦੇ ਢਾਂਚੇ ਵਿਚ ਕੋਈ ਜਗ੍ਹਾ ਨਹੀਂ ਹੈ।

ਦੂਜੀ ਗੱਲ ਇਹ ਹੈ ਕਿ ਕੋਈ ਵੀ ਕਾਨੂੰਨ ਜੋ ਲੋਕਾਂ ਉਪਰ ਪਬਲਿਕ ਜੀਵਨ ਉਪਰ ਲਾਗੂ ਹੁੰਦਾ ਹੈ। ਲੋਕਾਂ ਦੁਆਰਾ ਚੁਣੇ ਗਏ ਨੁਮਾਇੰਦਿਆਂ ਦੀ ਸਲਾਹ ਉਪਰ ਹੀ ਆਧਾਰਿਤ ਹੋਣਾ ਚਾਹੀਦਾ ਹੈ। ਇਕ ਵਿਅਕਤੀ (ਭਾਵੇਂ ਕਿੰਨਾ ਵੀ ਸਿਆਣਾ ਕਿਉਂ ਨਾ ਹੋਵੇ) ਸਰਕਾਰ ਨੂੰ ਚਲਾਉਣ ਲਈ ਕਾਨੂੰਨ ਬਣਾਉਣ ਦੀ ਤਾਕਤ ਆਪਣੇ ਨਿੱਜੀ ਹੱਥ ਵਿਚ ਨਹੀਂ ਲੈ ਸਕਦਾ। ਕਾਨੂੰਨ ਹਮੇਸ਼ਾ ਲੋਕਾਂ ਦੁਆਰਾ ਚੁਣੇ ਗਏ ਨੁਮਾਇੰਦਿਆਂ ਦੁਆਰਾ ਹੀ ਪਾਰਲੀਮੈਂਟ ਦੇ ਬਣਾਏ ਜਾ ਸਕਦੇ ਹਨ। ਕੇਵਲ ਮਾਤਰ ਇਹ ਚੁਣੇ ਹੋਏ ਮੈਂਬਰ ਹੀ ਉਸ 'ਅਥਾਰਟੀ' ਨੂੰ ਸਲਾਹ ਦੇ ਸਕਦੇ ਹਨ। ਜਿਸ ਦੇ ਨਾਮ ਹੇਠ ਕਾਨੂੰਨ ਨੇ ਲਾਗੂ ਹੋਣਾ ਹੈ, ਇਹੀ ਇਕ ਸਾਮਰਾਜ ਅਤੇ ਲੋਕਤੰਤਰ ਸਰਕਾਰ ਦਾ ਅੰਤਰ ਹੈ। ਰਾਜ ਸ਼ਾਹੀ ਵਿਚ ਜਨਤਾ ਦੇ ਮਸਲੇ ਰਾਜਾ ਵੱਲੋਂ ਰਾਜਾ ਦੀ ਅਥਾਰਟੀ ਨਾਲ ਸੁਲਝਾਏ ਜਾਂ ਉਲਝਾਏ ਜਾਂਦੇ ਹਨ। ਪ੍ਰੰਤੂ ਲੋਕਸ਼ਾਹੀ ਅੰਦਰ ਲੋਕਾਂ ਦੇ ਮਾਮਲੇ ਦੇਸ਼ ਦੇ ਪ੍ਰਮੁੱਖ ਦੇ ਨਾਮ ਹੇਠ ਚਲਦੇ ਹਨ। ਪ੍ਰੰਤੂ ਕਦੇ ਕਾਨੂੰਨ ਤੇ ਉਹਨਾਂ ਦੀ ਵਰਤੋਂ ਸਰਕਾਰ ਦੁਆਰਾ ਹੁੰਦੀ ਹੈ ਜੋ ਲੋਕਾਂ ਦੁਆਰਾ ਚੁਣੇ ਗਏ ਪ੍ਰਤੀਨਿਧੀ ਚਲਾਉਂਦੇ ਹਨ। ਦੇਸ਼ ਦਾ ਪ੍ਰਮੁੱਖ ਕੇਵਲ ਇਕ ਸਤਿਕਾਰ ਯੋਗ ਮੂਰਤੀ ਹੁੰਦੀ ਹੈ। ਉਹ ਪੂਜਨੀਕ ਹੈ, ਪਰ ਦੇਸ਼ ਦੀ ਸਰਕਾਰ ਨਹੀਂ ਚਲਾ ਸਕਦਾ। ਦੇਸ਼ ਦੀ ਸਰਕਾਰ ਭਾਵੇਂ ਉਸਦੇ ਨਾਮ ਹੇਠ ਚਲਦੀ ਹੈ। ਪਰ ਸਰਕਾਰ ਨੂੰ ਚਲਾਉਣ ਵਾਲੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧੀ ਹੀ ਹੁੰਦੇ ਹਨ।

ਤੀਜੀ ਅਤੇ ਅੰਤਿਮ ਗੱਲ ਇਹ ਹੈ ਕਿ ਲੋਕਤੰਤਰ ਸਰਕਾਰ ਅੰਦਰ ਉਹ ਲੋਕ ਜੋ ਰਾਜ ਦੇ ਪ੍ਰਮੁੱਖ ਨੂੰ ਰਾਜ ਚਲਾਉਣ ਨੂੰ ਸਲਾਹ ਦਿੰਦੇ ਉਹਨਾਂ ਨੂੰ ਖੁਦ ਇਕ ਨਿਰਧਾਰਿਤ ਸਮੇਂ ਬਾਅਦ ਲੋਕਾਂ ਵੱਲੋਂ ਵਿਸ਼ਵਾਸ ਪ੍ਰਾਪਤ ਕਰਨਾ ਜ਼ਰੂਰੀ ਹੈ। ਪਹਿਲਾਂ ਬਰਤਾਨੀਆ ਵਿਚ ਸੱਤ ਸਾਲ ਬਾਅਦ ਚੋਣਾਂ ਹੁੰਦੀਆਂ ਸਨ। ਲੋਕਾਂ ਨੇ ਇਸਦਾ ਵਿਰੋਧ ਕੀਤਾ ਅਤੇ ਹਰ ਸਾਲ ਚੋਣ ਕਰਾਉਣ ਦੀ ਇੱਛਾ ਜ਼ਾਹਿਰ ਕੀਤੀ। ਇਸ ਵਿਰੋਧ ਪਿੱਛੇ ਮੰਤਵ ਬਹੁਤ ਪ੍ਰਸ਼ੰਸਾ ਵਾਲਾ ਸੀ। ਸਗੋਂ ਜੇਕਰ ਸੰਭਵ ਹੁੰਦਾ ਤਾਂ ਸਲਾਨਾ ਚੋਣਾਂ ਕਰਵਾਉਣੀਆਂ ਲੋਕਾਂ ਦੇ ਹਿੱਤ ਵਿਚ ਸਨ ਪਰ ਪਾਰਲੀਮੈਂਟਰੀ ਚੋਣਾਂ ਬਹੁਤ ਮਹਿੰਗੀਆਂ ਹਨ। ਇਸ ਲਈ ਇਕ ਆਮ ਸਹਿਮਤੀ ਬਣੀ ਕਿ ਪੰਜ ਸਾਲ ਦਾ ਸਮਾਂ ਕਾਫੀ ਯੋਗ ਸਮਾਂ ਹੈ। ਕੀ ਇਸਦੇ ਅੰਦਰ ਅੰਦਰ ਜ਼ਿੰਮੇਵਾਰੀ ਨਾਲ ਲੈਜਿਸਲੇਚਰ ਦੇ ਮੈਂਬਰ ਅਤੇ ਮੰਤਰੀ ਜਨਤਾ ਦਾ ਵਿਸ਼ਵਾਸ ਪ੍ਰਾਪਤ ਕਰਨ ਲਈ ਮੁੜ ਜਨਤਾ ਕੋਲ ਜਾਣਗੇ।

ਪਾਰਲੀਮੈਂਟਰੀ ਡੈਮੋਕਰੇਸੀ ਦੀਆਂ ਦੋ ਚੂਲਾਂ

ਇੰਨਾ ਵੀ ਕਾਫੀ ਨਹੀਂ ਹੈ। ਲੋਕਤੰਤਰ ਦਾ ਸਰਕਾਰੀ ਢਾਂਚਾ ਬਹਿਸ ਦੁਆਰਾ ਫੈਸਲਿਆਂ ਤੋਂ ਬਹੁਤ ਵੱਡਾ ਹੈ। ਲੋਕਤੰਤਰ ਦੇ ਦੋ ਵੱਡੇ ਸਤੰਭ ਹਨ ਜਿਹਨਾਂ ਤੇ ਇਹ ਢਾਂਚਾ ਟਿਕਿਆ ਹੋਇਆ ਹੈ। ਇਹ ਉਹ ਚੂਲਾਂ ਹਨ ਜਿਹਨਾਂ ਦੇ ਇਰਦ-ਗਿਰਦ ਇਹ ਚੱਲਦਾ ਹੈ। ਇਹ ਹਨ ਪਹਿਲਾ ਵਿਰੋਧੀ ਪਾਰਟੀ ਅਤੇ ਦੂਜਾ ਸੁਤੰਤਰ ਅਤੇ ਨਿਰਪੱਖ ਚੋਣਾਂ।

ਪਿਛਲੇ 20-30 ਸਾਲਾਂ ਤੋਂ ਅਸੀਂ ਇਕ ਹੀ ਰਾਜਨੀਤਿਕ ਪਾਰਟੀ ਦੁਆਰਾ ਰਾਜਸੱਤਾ ਤੇ ਹਾਵੀ ਹੋਣ ਤੇ ਪ੍ਰਭਾਵਿਤ ਹੋ ਗਏ ਹਾਂ। ਲੋਕਸ਼ਾਹੀ ਦੀ ਨਿਰਪੱਖ ਕਾਰਜਸ਼ੈਲੀ ਲਈ ਅਸੀਂ ਵਿਰੋਧੀ ਧਿਰ ਦੀ ਮਹੱਤਤਾ ਨੂੰ ਲੱਗਭੱਗ ਭੁੱਲ ਹੀ ਗਏ ਹਾਂ। ਸਾਨੂੰ ਹਮੇਸ਼ਾ ਭਰੋਸਾ ਦਿੱਤਾ ਜਾਂਦਾ ਹੈ ਕਿ ਵਿਰੋਧੀ ਪੱਖ ਇਕ ਜਹਿਮਤ ਹੈ। ਇੱਥੇ ਫਿਰ ਅਸੀਂ ਭੁੱਲ ਗਏ ਜੋ ਪਿਛਲੇ ਇਤਿਹਾਸ ਤੋਂ ਅਸੀਂ ਸਿੱਖਣਾ ਸੀ। ਤੁਸੀਂ ਜਾਣਦੇ ਹੋ ਕਿ ਵੇਦ ਅਤੇ ਸਿਮਰਤੀਆਂ ਦੀ ਪੜਚੋਲ ਕਰਨ ਲਈ 'ਨਿਵੰਧਕਾਰ' ਹੋਇਆ ਕਰਦੇ ਸਨ। ਉਹ ਸਲੋਕ ਅਤੇ ਸੂਤਰ ਦਾ ਵਿਆਖਿਆਨ ਕਰਨ ਤੋਂ ਪਹਿਲਾਂ ਉਹਨਾਂ ਦਾ ਪੂਰਬ ਪੱਖ ਦੱਸਿਆ ਕਰਦੇ ਸਨ। ਇਹ ਸੁਆਲ ਦਾ ਇਕ ਪਾਸਾ ਹੁੰਦਾ ਸੀ। ਇਸ ਤੋਂ ਬਾਅਦ ਸਵਾਲ ਦਾ ਦੂਜਾ ਪਾਸਾ ਦੱਸਣ ਲਈ ਉਹ ਉਤਰ ਪੱਖ ਦਾ ਬਿਆਨ ਕਰਿਆ ਕਰਦੇ ਸਨ। ਇਸ ਤਰ੍ਹਾਂ ਕਰਕੇ ਉਹ ਦੱਸਦੇ ਸਨ ਕਿ ਉਠਾਇਆ ਗਿਆ ਸਵਾਲ ਇੰਨਾ ਸੌਖਾ ਨਹੀਂ ਹੈ। ਇਹ ਸਵਾਲ ਉਹ ਹੈ ਜਿਸ ਬਾਰੇ ਝਗੜਾ ਹੈ। ਵਿਰੋਧਭਾਸ ਹੈ। ਉਸ ਤੋਂ ਬਾਅਦ ਉਹ ਦੋਵੇਂ ਪੱਖਾਂ ਦੀ ਆਲੋਚਨਾ ਵੀ ਕਰਦੇ ਸਨ। ਜਿਸਨੂੰ ਅਧਿਕਰਣ ਕਹਿੰਦੇ ਸਨ। ਇਸ ਤਰ੍ਹਾਂ ਕਰਕੇ ਉਹ ਦੱਸਦੇ ਸਨ ਕਿ ਉਠਾਇਆ ਗਿਆ ਸਵਾਲ ਇੰਨਾ ਸੌਖਾ ਨਹੀਂ ਹੈ। ਇਹ ਸਵਾਲ ਉਹ ਹੈ ਜਿਸ ਬਾਰੇ ਝਗੜਾ ਹੈ, ਵਿਰੋਧਾਭਾਸ ਹੈ। ਉਸ ਤੋਂ ਬਾਅਦ ਉਹ ਦੋਵੇਂ ਪੱਖਾਂ ਦੀ ਆਲੋਚਨਾ ਵੀ ਕਰਦੇ ਸਨ, ਜਿਸਨੂੰ ਅਧਿਕਰਣ ਕਹਿੰਦੇ ਸਨ। ਅੰਤ ਵਿਚ ਉਹ ਆਪਣਾ ਫੈਸਲਾ ਦਿੰਦੇ ਸਨ ਜਿਸਨੂੰ ਸਿਧਾਂਤ ਕਿਹਾ ਜਾਂਦਾ ਸੀ। ਇਸ ਲਈ ਅਸੀਂ ਦੇਖ ਸਕਦੇ ਹਾਂ ਕਿ ਸਾਡੇ ਪੂਰਵਜ਼ ਅਧਿਆਪਕ ਦੋ ਪਾਰਟੀ ਲੋਕਤੰਤਰ ਵਿਚ ਯਕੀਨ ਰੱਖਦੇ ਸਨ। ਲੋਕਤੰਤਰ ਦੀ ਮਹੱਤਵਪੂਰਨ ਗੱਲ ਇਹ ਹੈ ਕਿ ਜੇਕਰ ਮਸਲੇ ਦੇ ਦੋ ਪੱਖ ਹਨ ਤਾਂ ਲੋਕਾਂ ਨੂੰ ਦੋਹਾਂ ਪੱਖਾਂ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ।

ਇਸ ਲਈ ਇਕ ਕਰਤਬ ਨਿਸ਼ਠਾ ਵਿਰੋਧੀ ਪੱਖ ਹੋਣਾ ਜ਼ਰੂਰੀ ਹੈ। ਇਕ ਸੁਤੰਤਰ ਰਾਜਨੀਤਿਕ ਜੀਵਨ ਲਈ ਵਿਰੋਧੀ ਪੱਖ ਮੂਲ ਜ਼ਰੂਰਤ ਹੈ। ਜਿਸ ਤੋਂ ਬਿਨਾਂ ਲੋਕਸ਼ਾਹੀ ਚੱਲ ਨਹੀਂ ਸਕਦੀ। ਬਰਤਾਨੀਆ ਅਤੇ ਕਨੇਡਾ ਦੁਨੀਆਂ ਦੀਆਂ ਪ੍ਰਮੁੱਖ ਲੋਕਸ਼ਾਹੀਆਂ ਹਨ ਅਤੇ ਦੋਹਾਂ ਦੇਸ਼ਾਂ ਵਿਚ ਵਿਰੋਧੀ ਧਿਰ ਨੇਤਾ ਨੂੰ ਤਨਖਾਹ ਰਾਜ ਖਜ਼ਾਨੇ ਵਿਚੋਂ ਮਿਲਦੀ ਹੈ। ਉਹਨਾਂ ਨੇ ਵਿਰੋਧੀ ਪੱਖ ਇਕ ਲਾਜ਼ਮੀ ਚੀਜ਼ ਮੰਨਿਆ ਹੈ। ਉਹਨਾਂ ਦੇਸ਼ਾਂ ਦੇ ਲੋਕਾਂ ਨੇ ਵੀ ਜਾਣ ਲਿਆ ਹੈ ਕਿ ਵਿਰੋਧੀ ਪੱਖ ਉਨਾ ਹੀ ਜ਼ਰੂਰੀ ਹੈ ਜਿੰਨਾ ਕਿ ਸੱਤਾਧਾਰੀ ਪੱਖ ਅਤੇ ਸਰਕਾਰ। ਸਰਕਾਰ ਭਾਵੇਂ ਤੱਥਾਂ ਨੂੰ ਦਬਾਅ ਦੇਵੇ। ਸਰਕਾਰ ਭਾਵੇਂ ਇਕ ਪੱਖੀ ਪ੍ਰਾਪੋਗੰਡਾ ਕਰ ਜਾਵੇ ਪਰ ਲੋਕਾਂ ਕੋਲ ਇਸਦੇ ਖਿਲਾਫ ਹਨ ਦੋਹਾਂ ਦੇਸ਼ਾਂ ਵਿਚ ਸਾਧਨ ਹੈ।

ਸੁਤੰਤਰ ਨਿਰਪੱਖ ਚੋਣਾਂ:

ਲੋਕਤੰਤਰ ਦਾ ਦੂਜਾ ਸਤੰਭ ਹੈ ਸੁਤੰਤਰ ਅਤੇ ਨਿਰਪੱਖ ਚੋਣਾਂ। ਬਿਨਾਂ ਕਿਸੇ ਖੂਨ ਖਰਾਬੇ ਤੋਂ ਸਮਾਜ ਦੇ ਇਕ ਹਿੱਸੇ ਤੋਂ ਦੂਜੇ ਹਿੱਸੇ ਦੇ ਹੱਥ ਵਿਚ ਸੱਤਾ ਸਥਾਨ ਅੰਤਰ ਕਰਨ ਅਤੇ ਸ਼ਾਂਤਮਈ ਢੰਗ ਨਾਲ ਰਾਜਸੱਤਾ ਚਲਾਉਣ ਲਈ ਸੁਤੰਤਰ ਅਤੇ ਨਿਰਪੱਖ ਚੋਣਾਂ ਜ਼ਰੂਰੀ ਹਨ। ਪੁਰਾਣੇ ਸਮੇਂ ਵਿਚ ਜਦੋਂ ਰਾਜਾ ਮਰਦਾ ਸੀ ਤਾਂ ਘੱਟੋ ਘੱਟ ਇਕ ਕਤਲ ਰਾਜ ਮਹਿਲ ਵਿਚ ਜ਼ਰੂਰ ਹੁੰਦਾ ਸੀ। ਨਵੇਂ ਰਾਜਾਂ ਦੇ ਕਮਾਨ ਆਪਣੇ ਹੱਥਾਂ ਵਿਚ ਸੰਭਾਲਣ ਤੋਂ ਪਹਿਲਾਂ ਮਹਿਲਾਂ ਵਿਚ ਬਗਾਵਤ ਹੋਇਆ ਕਰਦੀ ਸੀ। ਇਹ ਭਾਰਤ ਦਾ ਇਤਿਹਾਸ ਰਿਹਾ ਹੈ।

ਇਸ ਲਈ ਚੋਣਾਂ ਪੂਰੀ ਤਰ੍ਹਾਂ ਸੁਤੰਤਰ ਅਤੇ ਨਿਰਪੱਖ ਹੋਣੀਆਂ ਚਾਹੀਦੀਆਂ ਹਨ। ਜਿਹਨਾਂ ਲੋਕਾਂ ਨੂੰ ਉਹ ਚੁਣ ਕੇ ਭੇਜਣਾ ਚਾਹੁੰਦੇ ਹਨ, ਉਸ ਦੀ ਚੋਣ ਲਈ ਉਹਨਾਂ ਖੁਦਮੁਖਤਿਆਰੀ ਚਾਹੀਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਰਾਜ ਸੱਤਾ ਵਾਲੀ ਪਾਰਟੀ ਦੀ ਵਿਰੋਧੀ ਪਾਰਟੀ ਪੈਦਾ ਕਰਨ ਦੀ ਕੋਈ ਤਮੰਨਾ ਹੈ। ਕਾਂਗਰਸ ਕੋਈ ਵਿਰੋਧੀ ਪਾਰਟੀ ਨਹੀਂ ਚਾਹੁੰਦੀ। ਕਾਂਗਰਸ ਵੱਖ ਵੱਖ ਖਿਆਲ ਦੇ ਲੋਕਾਂ ਨੂੰ ਇਕ ਤੰਬੂ ਹੇਠ ਇਕੱਠੇ ਕਰਨਾ ਚਾਹੁੰਦੀ ਹੈ। ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਦੇਸ਼ ਦੀ ਰਾਜਨੀਤਿਕ ਜ਼ਿੰਦਗੀ ਵਿਚ ਇਹ ਕੋਈ ਲੋੜੀਂਦਾ ਕਦਮ ਹੈ?

ਆਓ ਸੁਤੰਤਰ ਅਤੇ ਨਿਰਪੱਖ ਚੋਣਾਂ ਦੀ ਸਥਿਤੀ ਕੀ ਹੈ ਦੇਖੀਏ। ਸਾਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ ਕਿ ਸਰਮਾਏਦਾਰ ਲੋਕ ਇਸ ਦੇਸ਼ ਦੀ ਰਾਜਨੀਤੀ ਨਾਲ ਖੇਡ ਰਹੇ ਹਨ। ਬੜੇ ਵਪਾਰੀ ਘਰਾਣਿਆਂ ਵੱਲੋਂ ਜੋ ਪੈਸਾ ਕਾਂਗਰਸ ਨੂੰ ਦਿੱਤਾ ਜਾ ਰਿਹਾ ਹੈ, ਇਹ ਬਹੁਤ ਖਤਰਨਾਕ ਮਾਮਲਾ ਹੈ। ਜੇਕਰ ਧਨਾਢ ਲੋਕ ਰਾਜਨੀਤਿਕ ਪਾਰਟੀ ਨੂੰ ਪੈਸੇ ਦੇ ਕੇ ਚੋਣਾਂ ਨੂੰ ਪ੍ਰਭਾਵਿਤ ਕਰਨ ਲੱਗੇ ਤਾਂ ਨਤੀਜਾ ਕੀ ਹੋਵੇਗਾ? ਜਿਸ ਪਾਰਟੀ ਨੂੰ ਉਹਨਾਂ ਨੇ ਚੋਣ ਫੰਡ ਦੇ ਕੇ ਮਾਇਕ ਮਦਦ ਕੀਤੀ ਹੈ, ਜੇ ਉਹ ਪਾਰਟੀ ਸੱਤਾ ਵਿਚ ਆ ਗਈ ਤਾਂ ਸੁਭਾਵਿਕ ਹੀ ਉਹ ਉਸ ਕੋਲੋਂ ਕਨਸ਼ੈਸ਼ਨ ਚਾਹੁਣਗੇ ਜਾਂ ਤਾਂ ਉਹ ਮੌਜੂਦਾ ਕਾਨੂੰਨਾਂ ਵਿਚ ਸੋਧ ਕਰਕੇ ਉਹਨਾਂ ਨੂੰ ਆਪਣੇ ਹਿੱਤ ਲਈ ਇਸਤੇਮਾਲ ਕਰਨ ਲਈ ਕਹਿਣਗੇ, ਨਹੀਂ ਤਾਂ ਸੱਤਾਧਾਰੀ ਪੱਖ ਨੂੰ ਨਵੇਂ ਕਾਨੂੰਨ ਬਣਾ ਕੇ ਉਹਨਾਂ ਦੇ ਆਪਣੇ ਹਿੱਤ ਲਈ ਵਰਤਣ ਵਾਸਤੇ ਪ੍ਰਭਾਵਿਤ ਕਰਨਗੇ।

ਦੋਸਤੋ ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹਨਾਂ ਹਾਲਾਤਾਂ ਅੰਦਰ ਕੀ ਲੋਕਤੰਤਰਿਕ ਸਰਕਾਰ ਦੇਸ਼ ਦੇ ਹਿੱਤ ਲਈ ਕੁਝ ਭਲਾਈ ਵਾਲਾ ਕੰਮ ਕਰ ਸਕਦੀ ਹੈ। ਮੈਂ ਤੁਹਾਡਾ ਧਿਆਨ ਮਹਾਂਭਾਰਤ ਦੀ ਤਰਫ ਲੈ ਜਾਣਾ ਚਾਹੁੰਦਾ ਹਾਂ। ਕੌਰਵ ਅਤੇ ਪਾਂਡਵ ਦੀ ਲੜਾਈ ਸਮੇਂ ਭੀਸ਼ਮ ਪਿਤਾਮਾ ਅਤੇ ਦਰੋਣਾਚਾਰੀਆ ਕੌਰਵਾਂ ਵੱਲ ਸਨ। ਭੀਸ਼ਮ ਨੇ ਇਹ ਗੱਲ ਮੰਨੀ ਹੈ ਕਿ ਪਾਂਡਵ ਠੀਕ ਹਨ ਅਤੇ ਕੌਰਵ ਗਲਤ। ਜਦੋਂ ਕਿਸੇ ਨੇ ਇਹ ਸਵਾਲ ਕੀਤਾ ਕਿ ਜਦੋਂ ਉਹ ਇਹ ਮੰਨ ਰਿਹਾ ਹੈ ਕਿ ਕੌਰਵ ਗਲਤ ਹਨ ਅਤੇ ਪਾਂਡਵ ਠੀਕ ਹਨ ਤਾਂ ਫਿਰ ਉਹ ਕੌਰਵਾਂ ਦੀ ਮਦਦ ਕਿਉਂ ਕਰ ਰਿਹਾ ਹੈ। ਭੀਸ਼ਮ ਨੇ ਇਸਦਾ ਉਤਰ ਇਕ ਯਾਦ ਰੱਖਣ ਯੋਗ ਢੰਗ ਨਾਲ ਦਿੱਤਾ ''ਮੈਂ ਨਮਕ ਹਰਾਮੀ ਨਹੀਂ ਹੋ ਸਕਦਾ ਮੈਂ ਨਮਕ ਹਲਾਲ ਕਰਨਾ ਹੈ। ਜੇਕਰ ਮੈਂ ਕੌਰਵਾਂ ਦਾ ਭੋਜਨ ਖਾਂਦਾ ਹਾਂ ਤਾਂ ਮੈਨੂੰ ਕੌਰਵਾਂ ਦੀ ਮਦਦ ਕਰਨੀ ਚਾਹੀਦੀ ਹੈ। ਭਾਵੇਂ ਉਹ ਗਲਤ ਕਿਉਂ ਨਾ ਹੋਵੇ।

ਅੱਜ ਉਹ ਹੀ ਵਾਪਰ ਰਿਹਾ ਹੈ। ਕਾਂਗਰਸ ਬਾਣੀਆ, ਮਾਰਵਾੜੀ ਅਤੇ ਹੋਰ ਕਰੋੜਪਤੀ ਘਰਾਣਿਆਂ ਤੋਂ ਦਿੱਤੇ ਫੰਡ ਕਬੂਲ ਕਰਦੀ ਹੈ। ਕਾਂਗਰਸ ਉਹਨਾਂ ਦਾ ਅੰਨ ਖਾਂਦੀ ਹੈ ਅਤੇ ਕਾਂਗਰਸ ਨੂੰ ਜਦੋਂ ਦੇਸ਼ ਅਤੇ ਸਰਮਾਏਦਾਰੀ ਵਿਚੋਂ ਚੋਣ ਕਰਨੀ ਹੁੰਦੀ ਹੈ ਤਾਂ ਉਹ ਕੇਵਲ ਸਰਮਾਏਦਾਰੀ ਦਾ ਹੀ ਸਾਥ ਦਿੰਦੀ ਹੈ।

ਵਿਦਿਆਰਥੀਆਂ ਨੂੰ ਅਪੀਲ

ਅਸੀਂ ਦੇਖ ਰਹੇ ਹਾਂ ਕਿ ਸਰਕਾਰੀ ਮੁਲਾਜ਼ਮ ਵੀ ਚੋਣਾਂ ਵਿਚ ਉਸ ਪਾਰਟੀ ਦੀ ਮਦਦ ਕਰਦੇ ਹਨ, ਜੇ ਉਹਨਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਪਾਲਦੀ ਹੈ। ਭਾਰਤੀ ਜੈਨ ਸੰਘ ਦੇ ਦਿੱਲੀ ਵਿਖੇ ਹੋਏ ਸੰਮੇਲਨ ਵਿਚ ਹੁਣੇ ਹੁਣੇ ਸ੍ਰੀ ਮਿਆਮਾ ਮੁਕਰਜੀ ਨੇ ਉਦਘਾਟਨੀ ਭਾਸ਼ਣ ਵਿਚ ਕਿਹਾ ਅਤੇ ਦੋਸ਼ ਲਾਇਆ ਕਿ ਸਰਕਾਰੀ ਨੌਕਰਸ਼ਾਹੀ ਕਾਂਗਰਸ ਦੀ ਕਰਕੇ ਚੋਣਾਂ ਨੂੰ ਸੁਤੰਤਰ ਅਤੇ ਨਿਰਪੱਖ ਹੋਣ ਤੋਂ ਨਕਾਰਦੀ ਹੈ। ਦੱਸੋ, ਵਿਦਿਆਰਥੀਓ ਇਹਨਾਂ ਹਾਲਾਤਾਂ ਅੰਦਰ ਲੋਕਤੰਤਰ ਦੇ ਕਾਮਯਾਬ ਹੋਣ ਦੀ ਕੋਈ ਉਮੀਦ ਹੈ।

ਜੇਕਰ ਦੇਸ਼ ਵਿਚ ਲੋਕਤੰਤਰ ਫੇਲ੍ਹ ਹੋਇਆ ਅਤੇ ਮੇਰੇ ਵੱਲੋਂ ਦੱਸੇ ਗਏ ਕਾਰਨਾਂ ਕਰਕੇ ਫੇਲ੍ਹ ਹੋਵੇਗਾ ਵੀ ਤਾਂ ਕੇਵਲ ਬਗਾਵਤ, ਹੈਂਕੜਸ਼ਾਹੀ ਅਤੇ ਡਿਕਟੇਟਰਸ਼ਿਪ ਹੀ ਅਗਲਾ ਕਦਮ ਹੋਵੇਗਾ। ਜੇ ਸੱਤਾ ਦੇ ਗਲਿਆਰੇ ਵਿਚ ਬੈਠੇ ਲੋਕ ਇਹ ਮਹਿਸੂਸ ਨਹੀਂ ਕਰਦੇ ਕਿ ਲੋਕਾਂ ਨੇ ਪਰਿਵਾਰਵਾਦ ਨੂੰ ਪਸੰਦ ਨਹੀਂ ਕਰਨਾ ਤਾਂ ਇਹ ਦੇਸ਼ ਤਬਾਹ ਹੋ ਜਾਵੇਗਾ ਜਾਂ ਸਾਮਵਾਦ ਆ ਜਾਵੇਗਾ। ਰੂਸ ਸਾਡੇ ਦੇਸ਼ ਉਪਰ ਕਰਜ਼ਾ ਕਰ ਲਵੇਗਾ ਅਤੇ ਸਾਡੀ ਵਿਅਕਤੀਗਤ ਆਜ਼ਾਦੀ ਅਤੇ ਸੁਤੰਤਰਤਾ ਦਾ ਨਾਸ਼ ਕਰ ਦੇਵੇਗਾ। ਨਹੀਂ ਤਾਂ ਲੋਕਾਂ ਦਾ ਉਹ ਸਮੂਹ ਜੋ ਰਾਜ ਸੱਤਾ ਵਿਚ ਪਾਰਟੀ ਦੀਆਂ ਅਸਫਲਤਾਵਾਂ ਤੋਂ ਦੁਖੀ ਹੈ ਬਗਾਵਤ ਕਰ ਦੇਵੇਗਾ।

ਇਸ ਲਈ ਦੋਸਤੋ ਮੈਂ ਚਾਹੁੰਦਾ ਹਾਂ ਕਿ ਤੁਸੀਂ ਅਨਿਸਚਿਤਾਵਾਂ ਤੇ ਗੌਰ ਕਰੋ ਜੇ ਤੁਸੀਂ ਚਾਹੁੰਦੇ ਹੋ ਕਿ ਸਾਨੂੰ ਸਾਡੀ ਸੋਚ, ਸਪੀਚ ਅਤੇ ਕਰਤੱਵ ਦੀ ਸੁਤੰਤਰਤਾ ਬਰਕਰਾਰ ਰਹੇ, ਜੇ ਅਸੀਂ ਆਪਣੇ ਦੇਸ਼ ਦੀ ਆਜ਼ਾਦੀ ਦੀ ਭਾਵਨਾ ਨਾਲ ਪਿਆਰ ਕਰਦੇ ਹਾਂ ਤਾਂ ਵਿਦਿਆਰਥੀ ਜੋ ਇਕ ਬੁੱਧੀਜੀਵੀ ਵਰਗ ਹੈ, ਦੀ ਇਹ ਜ਼ਿੰਮੇਵਾਰੀ ਹੈ ਕਿ ਲੋਕਤੰਤਰ ਸਰਕਾਰੀ ਢਾਂਚੇ ਨੂੰ ਸਫਲ ਬਣਾਉਣ ਲਈ ਅਤੇ ਇਸ ਦੀ ਅਸਲੀ ਹਾਲਤ ਵਿਚ ਰੱਖਣ ਲਈ ਸਮਰਪਿਤ ਹੋ ਜਾਵੇ। ਸਾਥੀਓ! ਮੈਂ ਆਪਣੀ ਗੱਲ ਕਹਿ ਦਿੱਤੀ ਹੈ। ਮੈਂ ਧੰਨਵਾਦੀ ਹਾਂ ਤੁਸੀਂ ਮੈਨੂੰ ਇਸ ਪਾਵਨ ਇਕੱਠ ਨੂੰ ਸੰਬੋਧਨ ਕਰਨ ਦਾ ਮੌਕਾ ਦਿੱਤਾ।

# ਰਾਜਨੀਤਿਕ ਸ਼ਕਤੀ ਪ੍ਰਾਪਤ ਕਰੋ

## ਡਾ.ਭੀਮ ਰਾਓ ਅੰਬੇਦਕਰ ਜੀ ਵੱਲੋਂ 27 ਅਕਤੂਬਰ 1950 ਨੂੰ ਬੂਟਾ ਮੰਡੀ (ਜਲੰਧਰ) ਵਿਖੇ ਦਿੱਤਾ ਗਿਆ ਭਾਸ਼ਣ

ਸਭ ਤੋਂ ਪਹਿਲਾਂ ਮੈਂ ਇਸ ਚੀਜ਼ ਲਈ ਖਿਮਾ ਚਾਹੁੰਦਾ ਹਾਂ ਕਿ ਮੈਂ ਬਹੁਤ ਵਾਰ ਆਉਣ ਦਾ ਪ੍ਰੋਗਰਾਮ ਐਲਾਨ ਕਰਨ ਦੇ ਬਾਵਜੂਦ ਸਿਹਤ ਠੀਕ ਨਾ ਹੋਣ ਕਾਰਨ ਅਤੇ ਮੰਤਰੀ ਦੇ ਰੂਪ ਵਿਚ ਕੰਮ ਦੀ ਬਹੁਤਾਤ ਕਰਕੇ ਇਸ ਤੋਂ ਪਹਿਲਾਂ ਆਪ ਦੇ ਵਿਚਕਾਰ ਨਾ ਆ ਸਕਿਆ।ਮੈਨੂੰ ਪਤਾ ਲੱਗਾ ਕਿ ਮੇਰਾ ਭਾਸ਼ਣ ਸੁਣਨ ਲਈ ਤੁਸੀਂ ਇਸ ਤੋਂ ਪਹਿਲਾਂ ਵੀ ਇੱਥੇ ਕਈ ਵਾਰ ਇਕੱਠੇ ਹੋਏ ਸੀ, ਪਰ ਤੁਹਾਨੂੰ ਨਿਰਾਸ਼ ਹੋ ਕੇ ਮੁੜਨਾ ਪਿਆ। ਇਸ ਲਈ ਭੈਣੋ ਤੇ ਭਰਾਵੋ, ਤੁਹਾਨੂੰ ਜੋ ਪ੍ਰੇਸ਼ਾਨੀ ਅਤੇ ਨਿਰਾਸ਼ਾ ਹੋਈ, ਉਸ ਕਰਕੇ ਮੈਂ ਤੁਹਾਤੋਂ ਸਭ ਤੋਂ ਪਹਿਲਾਂ ਖਿਮਾ ਮੰਗਦਾ ਹਾਂ।

ਤੁਹਾਨੂੰ ਪਤਾ ਹੀ ਹੈ ਕਿ ਪਿਛਲੇ ਚਾਰ ਸਾਲਾਂ ਤੋਂ ਮੈਂ ਕੇਂਦਰੀ ਸਰਕਾਰ ਦਾ ਮੰਤਰੀ ਰਿਹਾ ਹਾਂ ਅਤੇ ਮੈਨੂੰ ਇਨ੍ਹਾਂ ਕੰਮਾਂ ਦਾ ਭਾਰ ਸਹਾਰਨਾ ਪਿਆ ਹੈ ਜੋ ਨਾ ਤਾਂ ਕਿਸੇ ਕਾਨੂੰਨ ਮੈਂਬਰ ਨੇ ਕਦੇ ਭੂਤਕਾਲ 'ਚ ਸਹਾਰਿਆ ਅਤੇ ਨਾ ਹੀ ਕਦੇ ਭਵਿੱਖ ਸਹਾਰੇਗਾ। ਮੇਰੇਨਾ ਆਉਣ ਦਾ ਇਕ ਕਾਰਨ ਇਹ ਹੈ, ਦੂਜਾ ਮੇਰੀ ਸਿਹਤ ਠੀਕ ਨਹੀਂ ਸੀ। ਹੁਣ ਵੀ ਇਹ ਪੂਰੀ ਤਰ੍ਹਾਂ ਠੀਕ ਨਹੀਂ, ਇਸ ਕਰਕੇ ਵੀ ਮੈਂ ਨਾ ਆ ਸਕਿਆ। ਤੀਜੀ ਤੇ ਅੰਤਿਮ ਗੱਲ ਇਹ ਹੈ ਕਿ ਦੇਸ਼ ਦੇ ਹਰ ਹਿੱਸੇ ਵਿਚ ਅਛੂਤ ਹਨ। ਜੇ ਮੈਂ ਹਰ ਤਹਿਸੀਲ, ਜ਼ਿਲ੍ਹੇ ਤੇ ਪ੍ਰਾਂਤ ਵਿਚ ਜਾਵਾਂ ਤਾਂ ਇਹ ਟੂਰ ਘੱਟੋ-ਘੱਟ ਚਾਰ ਜਾਂ ਪੰਜ ਸਾਲਾਂ ਵਿਚ ਵੀ ਮਸੀਂ ਮੁੱਕੇਗਾ। ਤੁਸੀਂ ਜੋ ਮੈਨੂੰ ਗਾਹੇ ਵਗਾਹੇ ਆਉਣ ਲਈ ਅਤੇ ਤੁਹਾਡੇ ਨਾਲ ਦਿਲੀ ਗੱਲਾਂ ਕਰਨ ਲਈ ਪਾਇਆ ਹੈ, ਉਸ ਪਿੱਛੇ ਮੇਰੇ ਪ੍ਰਤੀ ਕੰਮ ਕਰ ਰਹੇ ਆਪਣੇ ਪਿਆਰ ਨੂੰ ਮੈਂ ਪੂਰੀ ਤਰ੍ਹਾਂ ਸਮਝਦਾ ਹਾਂ। ਪਰ ਇਹ ਕੰਮ ਸੁਖਾਲਾ ਤੇ ਸੰਭਵ ਨਹੀਂ, ਮੈਂ ਤੁਹਾਡੇ 'ਚੋਂ ਹਰ ਵਿਅਕਤੀ ਨੂੰ ਸਵੈ-ਨਿਰਭਰ ਆਪਣੇ ਪੈਰਾਂ ਤੇ ਖੜ੍ਹਾ ਸਵੈਤੰਤਰ ਸਮਾਜੀ ਜੀਵਨ ਜਿਉਂਦਾ ਦੇਖਣਾ ਚਾਹੁੰਦਾ ਹਾਂ।

ਮੈਂ ਪੂਰੇ 55 ਸਾਲਾਂ ਦਾ ਹੋ ਚੁੱਕਾ ਹਾਂ। ਜੇ ਮੈਂ ਸਰਕਾਰੀ ਨੌਕਰੀ 'ਚ ਹੁੰਦਾ ਮੈਨੂੰ ਰਿਟਾਇਰ ਕਰ ਦਿੱਤਾ ਗਿਆ ਸੀ, ਪਰ ਇਹ ਨਿਯਮ ਸਿਆਸੀ ਲੋਕਾਂ ਤੇ ਲਾਗੂ ਨਹੀਂ ਹੁੰਦਾ। ਮੈਂ ਚਾਹੁੰਦਾ ਹਾਂ ਕਿ ਇਹ ਉਹਨਾਂ ਤੇ ਵੀ ਲਾਗੂ ਹੋਵੇ। ਅੱਜ ਅਸੀਂ ਦੇਖਦੇ ਹਾਂ ਕਿ 55 ਸਾਲ ਤੋਂ ਉਪਰਲੀ ਉਮਰ ਦੇ ਲੋਕ, ਜਿਹਨਾਂ ਕੋਲ ਆਪਣੀ ਰੋਜ਼ੀ ਰੋਟੀ ਕਮਾਉਣ ਦਾ ਕੋਈ ਹੋਰ ਸਾਧਨ ਨਹੀਂ ਹੁੰਦਾ ਤੇ ਜਿਹਨਾਂ ਕੋਲ ਅਕਲ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ, ਉਹ ਸਿਆਸਤ ਵਿਚ ਭਾਗ ਲੈਣਾ ਸ਼ੁਰੂ ਕਰ ਦਿੰਦੇ ਹਨ ਤੇ ਇਵੇਂ ਗੁਜ਼ਾਰਾ ਚਲਾਉਂਦੇ ਹਨ।

ਮੈਂ ਸਿਆਸਤ ਵਿਚ ਕਿਉਂ ਹਾਂ? ਇਸ ਦਾ ਕਾਰਨ ਅੱਜ ਤੋਂ 30 ਸਾਲ ਪਹਿਲਾਂ ਦੇ ਉਹ ਹਾਲਾਤ ਸਨ, ਜਿਹਨਾਂ ਤੋਂ ਮਜਬੂਰ ਹੋ ਕੇ ਮੈਨੂੰ ਸਿਆਸਤ ਦੇ ਅਖਾੜੇ ਵਿਚ ਆਉਣਾ ਪਿਆ। ਭਾਰਤ ਵਿਚ ਅਜਿਹਾ ਕੋਈ ਆਦਮੀ ਨਹੀਂ ਜੋ ਇਤਨੇ ਲੰਮੇ ਅਰਸੇ ਤੋਂ ਲਗਾਤਾਰ ਸਿਆਸਤ 'ਚ ਰਿਹਾ ਹੋਵੇ। 30 ਸਾਲਾਂ ਵਿਚੋਂ ਮੈਂ 8 ਸਾਲ ਕੇਂਦਰੀ ਸਰਕਾਰ ਦੇ ਮੈਂਬਰ ਦੇ ਤੌਰ ਤੇ ਬਿਤਾਏ। ਇਸ ਖੇਤਰ ਵਿਚ ਵੀ ਮੈਥੋਂ ਕੋਈ ਅੱਗੇ ਨਹੀਂ, ਜੇ ਮੈਂ ਚਾਹੁੰਦਾ, ਮੈਂ ਅਜੇ ਤੱਕ ਸਰਕਾਰ ਵਿਚ ਰਹਿ ਸਕਦਾ ਸੀ।

ਪਰ ਬਚਪਨ ਤੋਂ, ਜਦ ਤੋਂ ਮੈਂ ਜ਼ਿੰਦਗੀ ਦਾ ਅਰਥ ਸਮਝਿਆ, ਮੈਂ ਜ਼ਿੰਦਗੀ 'ਚ ਇਕ ਅਸੂਲ ਦਾ ਪਾਲਣ ਕੀਤਾ ਹੈ, ਉਹ ਆਪਣੇ ਅਛੂਤ ਭਰਾਵਾਂ ਦੀ ਸੇਵਾ, ਮੈਂ ਚਾਹੇ ਜਿੱਥੇ ਵੀ ਹੋਵਾਂ ਤੇ ਮੇਰਾ ਜੋ ਚਾਹੇ ਰੁਤਬਾ ਹੋਵੇ, ਹਮੇਸ਼ਾ ਆਪਣੇ ਲੋਕਾਂ ਦੇ ਭਲੇ ਲਈ ਸੋਚਦਾ ਤੇ ਕੰਮ ਕਰਦਾ ਰਿਹਾ ਹਾਂ। ਮੈਂ ਕਿਸੇ ਹੋਰ ਸਮੱਸਿਆ ਵੱਲ ਇੰਨਾ ਧਿਆਨ ਨਹੀਂ ਦਿੱਤਾ। ਮੈਂ ਅਛੂਤਾਂ ਦੇ ਹੱਕਾਂ ਦੀ ਰਾਖੀ ਜ਼ਰੂਰ ਕਰਨੀ ਹੈ, ਪਿੱਛੇ ਮੈਂ ਕਰਦਾ ਰਿਹਾ ਹਾਂ। ਤੇ ਭਵਿੱਖ ਵਿਚ ਕਰਦਾ ਰਹਾਂਗਾ। ਮੈਨੂੰ ਬਹੁਤ ਜ਼ਿਆਦਾ ਤਨਖਾਹ ਵਾਲੀਆਂ ਵੱਡੀਆਂ ਵੱਡੀਆਂ ਨੌਕਰੀਆਂ ਆਫਰ ਕੀਤੀਆਂ ਗਈਆਂ ਪਰ ਮੈਂ ਇਹਨਾਂ ਨੂੰ ਠੁਕਰਾ ਦਿੱਤਾ ਕਿਉਂਕਿ ਮੇਰੇ ਜੀਵਨ ਦਾ ਇਕੋ ਹੀ ਉਦੇਸ਼ ਸੀ ਕਿ ਆਪਣੇ ਲੋਕਾਂ ਦੀ ਸੇਵਾ ਕਰਨੀ ਹੈ।

ਮੈਂ ਵਿਦੇਸ਼ ਵਿਚੋਂ ਅਰਥ ਸ਼ਾਸਤਰ ਦੀ ਡਿਗਰੀ ਲੈ ਕੇ ਆਉਣ ਵਾਲਾ, ਨਾ ਸਿਰਫ ਅਨੁਸੂਚਿਤ ਜਾਤੀਆਂ ਵਿਚੋਂ ਸਾਰੇ ਭਾਰਤੀਆਂ ਵਿਚੋਂ ਪਹਿਲਾ ਵਿਅਕਤੀ ਸੀ। ਮੇਰੇ ਬੰਬਈ ਵਿਚ ਪਹੁੰਚਣ ਤੋਂ ਜਲਦੀ ਬਾਅਦ ਬੰਬਈ ਸਰਕਾਰ ਨੇ ਮੈਨੂੰ ਰਾਜਨੀਤਿਕ ਆਰਥਿਕਤਾ ਦੇ ਪ੍ਰੋਫੈਸਰ ਦੇ ਪਦ ਦੀ ਆਫਰ ਕੀਤੀ। ਜੇ ਮੈਂ ਉਸ ਨੂੰ ਸਵੀਕਾਰ ਕਰ ਲੈਂਦਾ, ਅੱਜ ਮੈਂ ਬਹੁਤ ਜ਼ਿਆਦਾ ਤਨਖਾਹ ਲੈ ਰਿਹਾ ਹੁੰਦਾ, ਪਰ ਮੈਂ ਉਹ ਆਫਰ ਠੁਕਰਾ ਦਿੱਤੀ ਕਿਉਂਕਿ ਮੈਂ ਜਾਣਦਾ ਸੀ ਕਿ ਸਰਕਾਰੀ ਸੇਵਕ ਬਣ ਕੇ ਤੁਸੀਂ ਆਪਣੇ ਲੋਕਾਂ ਦੀ ਬਿਹਤਰੀ ਨਹੀਂ ਕਰ ਸਕਦੇ, ਤੁਹਾਡੇ ਰਾਹ ਵਿਚ ਰੁਕਾਵਟਾਂ ਆ ਜਾਂਦੀਆਂ ਹਨ। ਇਕ ਦੋ ਸਾਲ ਬਾਅਦ ਮੈਂ ਫਿਰ ਇੰਗਲੈਂਡ ਗਿਆ ਕਿਉਂਕਿ ਮੈਂ ਸਿਰਫ ਆਜ਼ਾਦ ਨਹੀਂ ਹੋਣਾ ਚਾਹੁੰਦਾ ਸੀ ਸਗੋਂ ਆਪਣਾ ਗੁਜ਼ਾਰਾ ਵੀ ਚਲਾਉਣਾ ਸੀ। ਆਦਮੀ ਉਦੋਂ ਹੀ ਸਹੀ ਅਰਥਾਂ 'ਚ ਆਜ਼ਾਦ ਹੁੰਦਾ ਹੈ ਜਦੋਂ ਉਸਨੂੰ ਆਪਣਾ ਗੁਜ਼ਾਰਾ ਕਰਨ ਲਈ ਕਿਸੇ ਤੇ ਨਿਰਭਰ ਨਹੀਂ ਰਹਿਣਾ ਪੈਂਦਾ।

ਇੰਗਲੈਂਡ ਤੋਂ ਵਕਾਲਤ ਪਾਸ ਕਰਕੇ ਜਦ ਮੈਂ ਵਾਪਸ ਆਇਆ, ਮੈਨੂੰ ਫਿਰ ਇਕ ਵਾਰ ਆਫਰ ਆਈ। ਇਹ ਆਫਰ ਸੀ- ਜ਼ਿਲ੍ਹਾ ਜੱਜ ਬਣਾਉਣ ਦੀ ਇਸ ਦੇ ਨਾਲ ਇਹ ਵੀ ਭਰੋਸਾ ਦਿੱਤਾ ਗਿਆ ਸੀ ਕਿ ਤਿੰਨ ਸਾਲ ਦੇ ਅੰਦਰ ਮੈਨੂੰ ਹਾਈ ਕੋਰਟ ਦਾ ਜੱਜ ਬਣਾ ਦਿੱਤਾ ਜਾਵੇਗਾ। ਉਸ ਸਮੇਂ ਮੈਨੂੰ 100 ਰੁਪਏ ਪ੍ਰਤੀ ਮਹੀਨੇ ਦੀ ਵੀ ਆਮਦਨ ਨਹੀਂ ਸੀ। ਉਹਨੀਂ ਦਿਨੀਂ ਮੈਂ ਬੰਬਈ ਵਿਚ ਬਹੁਤ ਗਰੀਬਾਂ ਲਈ ਬਣਾਈ ਗਈ ਬਸਤੀ-ਚਵਾਲ ਵਿਚ ਇਕ ਕਮਰੇ ਵਿਚ ਰਹਿ ਰਿਹਾ ਸੀ। ਫਿਰ ਵੀ ਮੈਂ ਨੌਕਰੀ ਨੂੰ ਅਸਵੀਕਾਰ ਕਰ ਦਿੱਤਾ, ਚਾਹੇ ਤਨਖਾਹ ਵੀ ਕਾਫੀ ਸੀ ਤੇ ਇਸ ਨਾਲ ਮੇਰੀ ਜ਼ਿੰਦਗੀ ਬਹੁਤ ਭਲੀ ਪ੍ਰਕਾਰ ਗੁਜ਼ਰ ਸਕਦੀ ਸੀ। ਕਾਰਨ ਇਹੀ ਸੀ ਕਿ ਇਸ ਨਾਲ ਮੇਰੀ ਜ਼ਿੰਦਗੀ ਦੇ ਆਦੇਸ਼ ਨੂੰ ਪੂਰਾ ਕਰਨ ਵਿਚ ਰੁਕਾਵਟ ਆਉਣੀ ਸੀ, ਉਹ ਉਦੇਸ਼ ਸੀ ਆਪਣੇ ਲੋਕਾਂ ਦੀ ਦਸ਼ਾ ਸੁਧਾਰਨਾ ਅਤੇ ਉਹਨਾਂ ਨੂੰ ਉਚਿਆਂ ਉਠਾਉਣਾ।

1942 ਵਿਚ ਫਿਰ ਮੇਰੇ ਸਾਹਮਣੇ ਅਜਿਹੀ ਸਥਿਤੀ ਆਈ। ਮੈਨੂੰ ਹਾਈ ਕੋਰਟ ਦੇ ਜੱਜ ਦੀ ਆਫਰ ਆਈ, ਉਸ ਨਾਲ ਮੈਂ ਆਰਥਿਕ ਤੌਰ ਤੇ ਬਹੁਤ ਅਮੀਰ ਹੋ ਜਾਣਾ ਸੀ ਅਤੇ 10 ਸਾਲਾਂ ਦੀ ਨੌਕਰੀ ਨਾਲ ਸੁਖਭਰੀ ਜ਼ਿੰਦਗੀ ਬਤੀਤ ਕਰ ਸਕਦਾ ਸੀ। ਮੈਨੂੰ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਵਿਚ ਵੀ ਸੀਟ ਦੀ ਆਫਰ ਕੀਤੀ ਗਈ। ਆਪਣੀ ਜ਼ਿੰਦਗੀ ਦੇ ਇਕੋ ਇਕ ਉਦੇਸ਼ ਨੂੰ ਧਿਆਨ ਵਿਚ ਰੱਖਦਿਆਂ ਮੈਂ ਉਕਤ ਸੀਟ ਨੂੰ ਸਵੀਕਾਰ ਕਰ ਲਿਆ। ਬੰਦੇ ਨੂੰ ਆਪਣੇ ਲੋਕਾਂ ਲਈ ਜਿਊਣਾ ਅਤੇ ਉਹਨਾਂ ਦੀ ਸੇਵਾ ਕਰਦਿਆਂ ਹੀ ਮਰਨਾ ਚਾਹੀਦਾ ਹੈ।

ਮੈਂ ਕੇਂਦਰੀ ਸਰਕਾਰ ਵਿਚ 1947 ਵਿਚ ਸ਼ਾਮਲ ਹੋਇਆ। ਮੇਰੇ ਕੁਝ ਵਿਰੋਧੀਆਂ ਨੇ ਮੇਰੇ ਉਤੇ ਇਹ ਦੋਸ਼ ਮੜ੍ਹਿਆ ਕਿ ਮੈਂ ਕਾਂਗਰਸ ਵਿਚ ਸ਼ਾਮਲ ਹੋ ਗਿਆ ਹਾਂ। ਲਖਨਊ ਵਿਚ ਦਿੱਤੇ ਹੋਏ ਭਾਸ਼ਣ ਵਿਚ ਮੈਂ ਆਪਣੇ ਲੋਕਾਂ 'ਚ ਆਲੋਚਨਾ ਦੁਆਰਾ ਲਾਏ ਗਏ ਦੋਸ਼ਾਂ ਦਾ ਜਵਾਬ ਦੇ ਚੁੱਕਾ ਹਾਂ। ਆਪਣੇ ਦੇਸ਼ ਵਾਸੀਆਂ ਨੂੰ ਉਹ ਭਾਸ਼ਣ ਦੱਸਿਆ ਸੀ ਕਿ ਮੈਂ ਮਿੱਟੀ ਦਾ ਢੇਲਾ ਨਹੀਂ ਸੀ ਜੋ ਪਾਣੀ ਨਾਲ ਖੁਰ ਕੇ ਰੁੜ੍ਹ ਜਾਂਦਾ ਹੈ। ਮੈਂ ਇਕ ਚਟਾਨ ਵਾਂਗ ਹਾਂ ਜੋ ਪਿਘਲ ਨਹੀਂ ਸਕਦੀ। ਪਰ ਜੋ ਦਰਿਆਵਾਂ ਦਾ ਰਾਹ ਬਦਲ ਦਿੰਦੀ ਹੈ। ਮੈਂ ਚਾਹੇ ਜਿੱਥੇ ਵੀ ਹੋਵਾਂ, ਮੇਰੇ ਚਾਹੇ ਕੋਈ ਵੀ ਹੋਵੇ, ਮੈਂ ਆਪਣੀ ਅਲੱਗ ਹੋਂਦ ਨੂੰ ਕਦੇ ਨਹੀਂ ਗਵਾਇਆ। ਜੇ ਕੋਈ ਮੇਰੇ ਕੋਲੋਂ ਕਿਸੇ ਚੰਗੇ ਕੰਮ ਵਾਸਤੇ ਸਹਿਯੋਗ ਮੰਗੇ ਮੈਂ ਖੁਸ਼ ਹੋ ਕੇ ਉਸਦਾ ਸਹਿਯੋਗ ਦੇਵਾਂਗਾ। ਮੈਂ 4 ਸਾਲ ਆਪਣੀ ਪੂਰੀ ਸ਼ਕਤੀ ਨਾਲ ਕਾਂਗਰਸ ਸਰਕਾਰ ਨੂੰ ਸਹਿਯੋਗ ਦਿੱਤਾ ਅਤੇ ਮਾਤ ਭੂਮੀ ਦੀ ਸੇਵਾ ਪੂਰੀ ਇਮਾਨਦਾਰੀ ਨਾਲ ਕੀਤੀ, ਪਰ ਇਹਨਾਂ ਸਾਲਾਂ ਵਿਚ ਮੈਂ ਕਾਂਗਰਸ ਵਿਚ ਸ਼ਾਮਲ ਨਹੀਂ ਹੋਇਆ। ਮੈਂ ਉਹਨਾਂ ਲੋਕਾਂ ਦੀ ਖੁਸ਼ੀ ਨਾਲ ਮਦਦ ਕਰਾਂਗਾ, ਉਹਨਾਂ ਨੂੰ ਪੂਰਾ ਸਹਿਯੋਗ ਦੇਵਾਂਗਾ ਜੋ ਕਥਨੀ ਤੇ ਕਰਨੀ ਵਿਚ ਇਮਾਨਦਾਰ ਹਨ ਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੇ ਹਿੱਤਾਂ ਲਈ ਸਮਰਥਨ ਕਰਦੇ ਹਨ। ਮੈਂ ਉਹਨਾਂ ਨੂੰ ਕਦੇ ਮਦਦ ਨਹੀਂ ਦੇਵਾਂਗਾ ਜੋ ਮੂੰਹ ਦੇ ਮਿੱਠੇ, ਉਪਰੋਂ ਚਾਪਲੂਸ ਹਨ। ਜਿਹਨਾਂ ਦੇ ਵਿਚਾਰ ਤੇ ਕਿਰਦਾਰ ਸਾਡੇ ਲੋਕਾਂ ਦੇ ਹਿੱਤਾਂ ਦੇ ਉਲਟ ਜਾਂਦੇ ਹਨ।

ਹੁਣ ਮੈਂ ਹੋਣ ਵਾਲੀਆਂ ਚੋਣਾਂ ਦੀ ਬਾਬਤ ਗੱਲ ਕਰਨੀ ਚਾਹੁੰਦਾ ਹਾਂ, ਮੈਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਚੋਣਾਂ ਨੂੰ ਜ਼ਿੰਦਗੀ ਤੇ ਮੌਤ ਦਾ ਸਵਾਲ ਸਮਝਣ ਤੇ ਇਸ ਭਾਵਨਾ ਨਾਲ ਹੀ ਆਉਣ ਵਾਲੇ ਮਹੀਨਿਆਂ ਵਿਚ ਕੰਮ ਕਰਨ। ਸਾਨੂੰ ਆਪਣੇ ਉਮੀਦਵਾਰ ਜਿਤਾਉਣ ਲਈ ਸਾਰੀ ਸ਼ਕਤੀ ਲਗਾ ਦੇਣੀ ਚਾਹੀਦੀ ਹੈ। ਆਦਮੀ ਨੂੰ ਆਪਣੇ ਨਾਲ ਦੇ ਲੋਕਾਂ ਦੀ ਗਿਣਤੀ ਅਤੇ ਆਪਣੇ ਤੋਂ ਹੀ ਸ਼ਕਤੀ ਪ੍ਰਾਪਤ ਹੁੰਦੀ ਹੈ। ਅਸੀਂ ਘੱਟ ਗਿਣਤੀ 'ਚ ਹਾਂ, ਅਸੀਂ ਅਮੀਰ ਵੀ ਨਹੀਂ, ਸਾਡੀ ਜਨਸੰਖਿਆ ਔਸਤ ਪਿੰਡ ਵਿਚ ਉਥੋਂ ਦੀ ਕੁੱਲ ਵਸੋਂ ਦੇ 5 ਫੀਸਦੀ ਤੋਂ ਜ਼ਿਆਦਾ ਨਹੀਂ ਹੈ। ਅਸੀਂ 95 ਫੀਸਦੀ ਵਸੋਂ ਦੀ ਸਾਂਝੀ ਸ਼ਕਤੀ ਤੇ ਸਾਂਝੇ ਧੰਨ ਦੇ ਮੁਕਾਬਲੇ 'ਚ ਕੁਝ ਵੀ ਨਹੀਂ ਹਾਂ। ਪੁਲਿਸ ਜੋ ਕਿ ਪੱਕੇ ਤੌਰ ਤੇ ਉੱਚ ਜਾਤੀਆਂ ਦੇ ਹਿੰਦੂਆਂ ਨਾਲ ਸਬੰਧਤ ਹੈ, ਸਾਡੀਆਂ ਉਚਿਤ ਸ਼ਿਕਾਇਤਾਂ ਵੱਲ ਧਿਆਨ ਨਹੀਂ ਦਿੰਦੀ। ਇਸ ਦੇ ਉਲਟ ਸਾਨੂੰ ਸ਼ਿਕਾਇਤ ਕਰਨ ਦੇ ਕਾਰਨ ਸਜ਼ਾ ਦਿੱਤੀ ਜਾਂਦੀ ਹੈ, ਸਾਡੀ ਗਰੀਬੀ ਦੇ ਕਾਰਨ, ਅਧਿਕਾਰ ਸਾਡੇ ਪੱਖ 'ਚ ਨਹੀਂ ਹੁੰਦੇ, ਸਾਡੇ ਪ੍ਰਤੀ ਹਮਦਰਦੀ ਨਹੀਂ ਰੱਖਦੇ। ਪਰ ਅਸੀਂ ਇਕ ਸ਼ਕਤੀ ਪ੍ਰਾਪਤ ਕਰ ਸਕਦੇ ਹਾਂ ਤੇ ਉਹ ਹੈ- ਰਾਜਨੀਤਿਕ ਸ਼ਕਤੀ, ਇਹ ਸ਼ਕਤੀ ਸਾਨੂੰ ਜ਼ਰੂਰ ਪ੍ਰਾਪਤ ਕਰਨੀ ਚਾਹੀਦੀ ਹੈ। ਇਸ ਸ਼ਕਤੀ ਨਾਲ ਅਸੀਂ ਆਪਣੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਕਰ ਸਕਦੇ ਹਾਂ।

ਕੀ ਇਸ ਆਜ਼ਾਦ ਦੇਸ਼ ਵਿਚ ਤੁਹਾਨੂੰ ਉਸ ਸ਼ਕਤੀ ਦੇ ਹਾਸਲ ਹੋਣ ਦਾ ਯਕੀਨ ਹੈ? ਅਸੀਂ ਆਪਣੇ ਦੇਸ਼ ਦੇ ਆਜ਼ਾਦ ਹੋਣ ਦੇ ਵਿਰੋਧੀ ਨਹੀਂ ਰਹੇ ਪਰ ਅਸਾਂ ਇਕ ਸਵਾਲ ਦਾ ਸਦਾ ਸਿੱਧਾ ਜਵਾਬ ਚਾਹਿਆ ਹੈ- ਆਜ਼ਾਦ ਭਾਰਤ ਵਿਚ ਸਾਡਾ ਕੀ ਬਣੇਗਾ?

ਮੈਂ ਇਹ ਸਵਾਲ ਗਾਂਧੀ ਜੀ ਤੇ ਦੂਜੇ ਕਾਂਗਰਸੀ ਲੀਡਰਾਂ ਅੱਗੇ ਰੱਖਿਆ। ਅਸੀਂ ਜਾਨਣਾ ਚਾਹਿਆ ਕਿ ਉਹਨਾਂ ਦੇ ਸਵਰਾਜ ਵਿਚ ਸਾਡੀ ਕੀ ਸਥਿਤੀ ਹੋਵੇਗੀ? ਕੀ ਸਾਡੀਆਂ ਸਜ਼ਾਵਾਂ ਖਤਮ ਹੋ ਜਾਣਗੀਆਂ? ਕੀ ਸਾਡੇ ਬੱਚਿਆਂ ਨੂੰ ਸਿੱਖਿਆ ਦੀਆਂ ਸਹੂਲਤਾਂ ਮਿਲਣਗੀਆਂ? ਕੀ ਸਾਡੇ ਲੋਕ ਆਜ਼ਾਦ ਭਾਰਤ ਵਿਚ ਆਜ਼ਾਦ ਸ਼ਹਿਰੀਆਂ ਵਾਂਗ ਰਹਿ ਸਕਣਗੇ? ਕੀ ਗਾਂਧੀ ਸੈਸ਼ਨ ਤੇ ਦਬਾਊ ਸਮਾਪਤ ਹੋਣਗੇ? ਕੀ ਸਾਡੀਆਂ ਔਰਤਾਂ ਦੀਆਂ ਇੱਜਤਾਂ ਸੁਰੱਖਿਅਤ ਹੋਣਗੀਆਂ? ਸਵਾਲਾਂ ਦਾ ਨਾਂ ਗਾਂਧੀ ਜੀ ਨੇ ਤੇ ਨਾ ਕਿਸੇ ਹੋਰ ਲੀਡਰ ਨੇ ਹੀ ਸੰਤੋਖਜਨਕ ਉੱਤਰ ਦਿੱਤਾ।

ਗੋਲਮੇਜ਼ ਕਾਨਫਰੰਸ ਵਿਚ ਮੈਂ ਪਹਿਲੀ ਵਾਰੀ ਇਹ ਸਵਾਲ ਪੁੱਛਿਆ ਤੇ ਭਾਰਤ ਦੇ ਅਛੂਤਾਂ ਲਈ ਮੁਸਲਮਾਨਾਂ, ਸਿੱਖਾਂ, ਇਸਾਈਆਂ ਅਤੇ ਦੂਜੇ ਘੱਟ ਗਿਣਤੀ ਲੋਕਾਂ ਵਾਂਗ ਅਲੱਗ ਚੋਣ ਖੇਤਰਾਂ ਦੀ ਮੰਗ ਕੀਤੀ। ਉਸ ਕਾਨਫਰੰਸ ਵਿਚ ਭਾਰਤ ਦੇ ਦੱਬੇ ਕੁਚਲੇ ਲੋਕਾਂ ਦੀ ਹੱਕੀ ਮੰਗ ਦਾ ਮੇਰੇ ਦੇਸ਼ ਵਾਸੀਆਂ ਨੇ ਪੱਖ ਨਹੀਂ ਪੂਰਿਆ। ਫਿਰ ਵੀ ਮੈਂ ਆਪਣੇ ਲੋਕਾਂ ਲਈ ਸਿਆਸੀ ਹੱਕ ਪ੍ਰਾਪਤ ਕਰਨ ਵਿਚ ਸਫਲ ਹੋ ਗਿਆ, ਉਸ ਪਿੱਛੋਂ ਕੀ ਹੋਇਆ- ਇਸ ਦਾ ਦੇਸ਼ ਦੇ ਹਰ ਵਸਨੀਕ ਨੂੰ ਪਤਾ ਹੈ। ਇੰਨਾ ਕਹਿਣਾ ਹੀ ਕਾਫੀ ਹੈ ਕਿ ਗਾਂਧੀ ਜੀ ਨੇ ਮਰਨ ਵਰਤ ਸ਼ੁਰੂ ਕਰ ਦਿੱਤਾ ਤਾਂ ਕਿ ਸਾਥੋਂ ਉਹ ਸਿਆਸੀ ਹੱਕ ਖੋਹ ਲਿਆ ਜਾਵੇ ਜੋ ਸਾਨੂੰ ਅਜੋਕੇ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਮਿਲਿਆ ਸੀ। ਗਾਂਧੀ ਜੀ ਅਛੂਤਾਂ ਨੂੰ ਸਿਆਸੀ ਹੱਕ ਦੇਣ ਦੇ ਪੱਖ ਵਿਚ ਨਹੀਂ ਸਨ, ਕਿਉਂਕਿ ਉਹਨਾਂ ਨੂੰ ਡਰ ਸੀ ਕਿ ਇਹਨਾਂ ਦੇ ਮਨਾਂ ਵਿਚ ਬਹੁਤ ਵੱਡੀਆਂ ਵੱਡੀਆਂ ਇੱਛਾਵਾਂ ਜਾਗ ਰਹੀਆਂ ਹਨ।

ਉਹ (ਗਾਂਧੀ ਜੀ) ਚਾਹੁੰਦੇ ਸਨ ਕਿ ਅਛੂਤ ਆਪਣੇ ਦਿਆਲੂ ਮਾਲਕਾਂ ਭਾਵ ਸਵਰਨ ਹਿੰਦੂਆਂ ਦੇ ਰਹਿਮ ਤੇ ਹੀ ਰਹਿਣ। ਗਾਂਧੀ ਦੇ ਸ਼ਬਦਾਂ ਅਤੇ ਦੂਜੇ ਹਿੰਦੂ ਲੀਡਰਾਂ ਦੇ ਭਰੋਸਿਆਂ 'ਚ ਵਿਸ਼ਵਾਸ ਕਰਦਿਆਂ ਅਸੀਂ ਉਹਨਾਂ (ਗਾਂਧੀ ਜੀ) ਦੀ ਜਾਨ ਬਚਾਉਣ ਲਈ ਆਪਦੇ ਹੱਕ ਕੁਰਬਾਨ ਕਰ ਦਿੱਤੇ। ਉਸ ਦਾ ਨਤੀਜਾ ਆਪਣੇ ਸਭ ਦੇ ਸਾਹਮਣੇ ਹੈ। ਇਸ ਵਿਸ਼ਵਾਸਘਾਤ ਤੇ ਧੋਖਾਧੜੀ ਦੀ ਇਕ ਅਫਸੋਸਨਾਕ ਕਹਾਣੀ ਹੈ।

ਕਾਂਗਰਸ ਨੇ ਸਹੀ ਤੇ ਗਲਤ ਸਭ ਤਰ੍ਹਾਂ ਦੇ ਹੱਥਕੰਡੇ ਵਰਤਦਿਆਂ ਅਛੂਤਾਂ ਨੂੰ ਉਹਨਾਂ ਦੇ ਹੱਕੀ ਅਧਿਕਾਰਾਂ ਤੋਂ ਸੱਖਣੇ ਦੂਰ ਕਰ ਦਿੱਤਾ। ਉਹ ਲੋਕ ਜਿਹਨਾਂ ਦਾ ਅਛੂਤਾਂ ਵਿਚ ਕੋਈ ਆਧਾਰ ਨਹੀਂ, ਉਹਨਾਂ ਨਾਲ ਕੋਈ ਸਮਾਜੀ ਸਾਂਝ ਨਹੀਂ- ਉਹ ਸਵਰਨ ਹਿੰਦੂਆਂ ਦੀਆਂ ਵੋਟਾਂ ਨਾਲ ਵਿਧਾਨ ਸਭਾਵਾਂ ਲਈ ਚੁਣੇ ਜਾਂਦੇ ਹਨ। ਇਹ ਤਥਾਕਥਿਤ 'ਹਰੀਜਨ'ਕਾਂਗਰਸ ਦੇ ਪਿੱਠੂ ਹਨ।

ਸਾਨੂੰ ਇਹ ਗੱਲ ਮਨ ਵਿਚ ਰੱਖਣੀ ਚਾਹੀਦੀ ਹੈ ਕਿ ਰਿਜ਼ਰਵੇਸ਼ਨਾਂ ਸਿਰਫ 10 ਸਾਲਾਂ ਤੱਕ ਹਨ। ਮੈਂ ਚਾਹੁੰਦਾ ਹਾਂ ਕਿ ਰਿਜ਼ਰਵੇਸ਼ਨਾਂ ਉਦੋਂ ਤੱਕ ਚੱਲਣ, ਜਦੋਂ ਤੱਕ ਛੂਆ-ਛਾਤ ਪੂਰੀ ਤਰ੍ਹਾਂ ਖਤਮ ਨਹੀਂ ਹੋ ਜਾਂਦੀ। ਸਰਦਾਰ ਪਟੇਲ ਨੇ ਇਸ ਸੁਝਾਅ ਦਾ ਪਾਰਲੀਮੈਂਟ ਦੇ ਅੰਦਰ ਤੇ ਬਾਹਰ ਬਹੁਤ ਜ਼ੋਰ ਸ਼ੋਰ ਨਾਲ ਵਿਰੋਧ ਕੀਤਾ। ਸਰਦਾਰ ਪਟੇਲ ਨੂੰ ਤਾਂ ਛੱਡੋ ਸੰਵਿਧਾਨ ਸਭਾ ਵਿਚ ਬੈਠੇ ਅਨੁਸੂਚਿਤ ਜਾਤੀਆਂ ਦੇ ਪ੍ਰਤੀਨਿਧ 30 ਹਰੀਜਨ ਮੈਂਬਰਾਂ ਨੇ ਵੀ ਮੇਰੇ ਸੁਝਾਅ ਦਾ ਸਮਰਥਨ ਨਹੀਂ ਕੀਤਾ। ਕਾਂਗਰਸ ਦੇ ਇਹ ਚਮਚੇ ਸਰਦਾਰ ਪਟੇਲ ਦੀ ਬੋਲੀ ਬੋਲਣ ਤੋਂ ਸਿਵਾ ਹੋਰ ਕੀ ਕਰਦੇ ਹਨ। ਚੋਣ ਲਈ ਟਿਕਟ ਪ੍ਰਾਪਤ ਕਰਨਾ ਹੀ ਉਹਨਾਂ ਦੀ ਜਿੰਦ ਜਾਨ ਸੀ। ਮੌਕਾਪ੍ਰਸਤਾਂ ਅਤੇ ਸੱਤਾ ਹਥਿਆਉਣ ਦੀ ਤਾੜ 'ਚ ਰਹਿਣ ਵਾਲਿਆਂ ਤੋਂ ਹੋਰ ਕੀ.... ਕੀਤਾ ਜਾ ਸਕਦੀ ਹੈ। ਇਹ ਰਿਜ਼ਰਵੇਸ਼ਨ 10 ਸਾਲ ਤੱਕ ਰਹੇਗੀ, ਇਹਨਾਂ 10 ਸਾਲਾਂ ਤੋਂ ਬਾਅਦ ਅਸੀਂ ਕੀ ਕਰਾਂਗੇ, ਜੇ ਸਾਡੀ ਮਜ਼ਬੂਤ ਜਥੇਬੰਦੀ ਨਾ ਹੋਵੇਗੀ ਤਾਂ ਭਾਰਤੀ ਰਾਜਨੀਤੀ ਵਿਚ ਸਾਡੀ ਕੋਈ ਪੁੱਛ ਪ੍ਰਤੀਤ ਨਹੀਂ ਹੋਵੇਗੀ। ਅਛੂਤਾਂ ਦੀ ਜਥੇਬੰਦੀ ਤਾਂ ਹੀ ਮਜ਼ਬੂਤ ਹੋ ਸਕਦੀ ਹੈ ਜੇ ਉਹ ਸਾਰੇ ਇਕੱਠੇ ਹੋਣ, ਜੇ ਉਹਨਾਂ ਦੀਆਂ ਸਾਰੀਆਂ ਉਪ ਜਾਤੀਆਂ ਇਕੱਠੀਆਂ ਹੋਣ। ਸਾਨੂੰ ਇਵੇਂ ਨਹੀਂ ਸੋਚਣਾ ਚਾਹੀਦਾ ਕਿ ਰਿਜ਼ਰਵੇਸ਼ਨ ਖਤਮ ਹੋਣ ਤੇ, ਦਸ ਸਾਲ ਬਾਅਦ ਜਥੇਬੰਦੀ ਬਣਾਵਾਂਗੇ। ਉਹ ਹੁਣੇ ਹੀ ਬਣਾਉਣੀ ਚਾਹੀਦੀ ਹੈ। ਇਹ ਜਥੇਬੰਦੀ ਅੱਜ ਹੀ ਬਣਾਉਣੀ ਚਾਹੀਦੀ ਹੈ, ਅੱਜ ਹੀ ਇਹ ਗੱਲ ਕੱਲ੍ਹ ਤੇ ਨਹੀਂ ਪਾਉਣੀ।

ਜੇ ਸਾਡੀ ਜਥੇਬੰਦੀ ਮਜ਼ਬੂਤ, ਪ੍ਰਭਾਵਸ਼ਾਲੀ ਤੇ ਪੱਕੇ ਪੈਰੀਂ ਨਾ ਹੋਵੇਗੀ ਤਾਂ ਅੱਜ ਤੋਂ ਦਸ ਸਾਲ ਬਾਅਦ ਸਾਨੂੰ ਮਨੂੰ ਸਿਮਰਤੀ ਰਾਜ ਸਹਿਣਾ ਤੇ ਸਵੀਕਾਰਨਾ ਪਵੇਗਾ। ਜਥੇਬੰਦੀ ਅਸਲ ਵਿਚ ਪਹਿਲਾਂ ਹੈ ਹੀ ਸਾਡੀ ਫੈਡਰੇਸ਼ਨ ਸਾਡੀ ਜਥੇਬੰਦੀ ਹੈ। ਅਸਾਂ ਇਸ ਨੂੰ ਸਿਰਫ ਸ਼ਕਤੀਸ਼ਾਲੀ ਬਣਾਉਣਾ ਹੈ। ਦਰੱਖਤ ਪਹਿਲਾਂ ਦੀ ਲੱਗਾ ਹੋਇਆ ਹੈ ਹੁਣ ਇਸਨੂੰ ਪਾਣੀ ਤੇ ਖੁਰਾਕ ਦੇਣੀ ਬਾਕੀ ਹੈ। ਚੋਣ ਕਮਿਸ਼ਨ ਨੇ ਸਾਡੀ ਫੈਡਰੇਸ਼ਨ ਨੂੰ ਸਰਵ ਭਾਰਤੀ ਜਥੇਬੰਦੀ ਸਵੀਕਾਰ ਕੀਤਾ ਹੈ।

ਅਸੀਂ ਨਵੇਂ ਸਿਰਿਉਂ ਨਵਾਂ ਮਕਾਨ ਨਹੀਂ ਬਣਾਉਣਾ ਮਕਾਨ ਤਾਂ ਪਹਿਲਾਂ ਹੀ ਹੈ, ਅਸੀਂ ਤਾਂ ਸਿਰਫ ਸੰਤੁਸ਼ਟ ਹੋ ਕੇ ਬੈਠੇ ਰਹੇ ਤਾਂ ਅਜਿਹਾ ਸਮਾਂ ਆ ਸਕਦਾ ਹੈ ਜਦੋਂ ਸਾਨੂੰ ਬੇਘਰੇ ਹੋ ਕੇ ਇਧਰ-ਉਧਰ ਘੁੰਮਣਾ ਪਵੇ ਤੇ ਸਾਡੇ ਨਾਲ ਉਸ ਤਰ੍ਹਾਂ ਦਾ ਅਪਮਾਨ ਭਰਿਆ ਵਤੀਰਾ ਹੋਵੇ, ਉਸ ਤਰ੍ਹਾਂ ਸਾਨੂੰ ਸਜ਼ਾਵਾਂ ਦਿੱਤੀਆਂ ਜਾਣ ਤੇ ਸਾਨੂੰ ਨਕਾਰੇ ਬਣਾਇਆ ਜਾਵੇ ਜਿਵੇਂ ਕਿ ਵੈਦਿਕ ਕਾਲ ਤੋਂ ਸਾਡੇ ਨਾਲ ਹੁੰਦਾ ਰਿਹਾ ਹੈ।

ਹੁਣ ਆਉਣ ਵਾਲੀਆਂ ਚੋਣਾਂ ਵਿਚ ਅਨੁਸੂਚਿਤ ਜਾਤੀਆਂ ਦਾ ਚੋਣ ਨਿਸ਼ਾਨ ਹਾਥੀ ਹੈ। ਇਹ ਨਿਸ਼ਾਨ ਮੈਂ ਇਸ ਲਈ ਚੁਣਿਆ ਹੈ ਕਿਉਂਕਿ ਭਾਰਤ ਵਿਚ ਹਰ ਕੋਈ ਇਸ ਤੋਂ ਜਾਣੂ ਹੈ। ਅਨਪੜ੍ਹ ਲੋਕ ਵੀ ਬਹੁਤ ਆਸਾਨੀ ਨਾਲ ਇਸਨੂੰ ਪਹਿਚਾਣ ਸਕਦੇ ਹਨ। ਦੂਜੇ, ਹਾਥੀ ਆਪਣੀ ਅਕਲਮੰਦੀ, ਸ਼ਕਤੀ ਅਤੇ ਹੌਸਲੇ ਲਈ ਮਸ਼ਹੂਰ ਹੈ। ਸਾਡੇ ਲੋਕ ਹਾਥੀ ਵਾਂਗ ਖੜ੍ਹਨ ਲੱਗੇ ਬਹੁਤ ਸਮਾਂ ਲਾਉਂਦੇ ਹਨ। ਪਰ ਹਾਥੀ ਜਦ ਇਕ ਵਾਰ ਖੜ੍ਹ ਜਾਵੇ ਫਿਰ ਉਸ ਨੂੰ ਬਿਠਾਉਣਾ ਆਸਾਨ ਨਹੀਂ।

ਹੁਣ ਸਵਾਲ ਹੈ ਚੋਣ ਸਮਝੌਤਿਆਂ ਦਾ। ਅਨੁਸੂਚਿਤ ਜਾਤੀਆਂ ਦੇ ਲੋਕ ਘੱਟ ਗਿਣਤੀ 'ਚ ਹਨ। ਸਾਨੂੰ ਅਲੱਗ ਚੋਣ ਹਲਕੇ ਵੀ ਮਿਲੇ ਹਨ। ਇਸ ਲਈ ਦੂਜੀਆਂ ਸਿਆਸੀ ਪਾਰਟੀਆਂ ਨਾਲ ਚੋਣ ਸਮਝੌਤੇ ਕਰਨਾ ਜ਼ਰੂਰੀ ਹੋਵੇਗਾ। ਉਹਨਾਂ ਚੋਣ ਹਲਕਿਆਂ ਵਿਚ ਦੋ ਦੋ ਵੋਟਾਂ ਹਨ ਜੋ ਅਨੁਸੂਚਿਤ ਜਾਤੀਆਂ ਲਈ ਰਿਜ਼ਰਵ ਹਨ।

ਇਕ ਵੋਟ ਅਸੀਂ ਉਸ ਸਿਆਸੀ ਪਾਰਟੀ ਨੂੰ ਦੇ ਸਕਦੇ ਹਾਂ, ਜਿਸ ਨਾਲ ਅਸੀਂ ਚੋਣ ਸਮਝੌਤਾ ਕਰੀਏ ਤੇ ਦੂਜੀ ਵੋਟ 'ਸ਼ਡੂਲਡ ਕਾਸਟ ਫੈਡਰੇਸ਼ਨ' ਦੇ ਉਮੀਦਵਾਰ ਨੂੰ ਦਿੱਤੀ ਜਾਵੇ। ਇਹ ਫੈਸਲਾ ਅਜੇ ਨਹੀਂ ਹੋਇਆ ਕਿ ਅਸਾਂ ਚੋਣ ਸਮਝੌਤਾ ਕਿਸ ਸਿਆਸੀ ਪਾਰਟੀ ਨਾਲ ਕਰਨਾ ਹੈ।

ਛੇਤੀ ਹੀ ਇਹ ਫੈਸਲਾ ਹੋ ਜਾਵੇਗਾ। ਫੈਸਲਾ ਹੋ ਜਾਣ ਮਗਰੋਂ ਇਹ ਹਰ ਅਨੁਸੂਚਿਤ ਜਾਤੀ ਦੇ ਵੋਟਰ ਦਾ ਫਰਜ਼ ਬਣ ਜਾਵੇਗਾ ਕਿ ਉਹ ਉਸ ਪਾਰਟੀ ਦੇ ਉਮੀਦਵਾਰ ਨੂੰ ਵੋਟ ਪਾਵੇ ਜਿਸ ਨਾਲ ਸਾਡਾ ਸਮਝੌਤਾ ਹੋਵੇ। ਸਮਾਪਤੀ ਤੋਂ ਪਹਿਲਾਂ ਮੈਂ ਪੰਜਾਬ ਦੇ ਹਰ ਵੋਟਰ ਨੂੰ ਅਪੀਲ ਕਰਦਾ ਹਾਂ ਕਿ ਉਹ ਫੈਡਰੇਸ਼ਨ ਦੇ ਉਮੀਦਵਾਰ ਨੂੰ ਵੋਟ ਪਾਵੇ ਤੇ ਇਵੇਂ ਆਪਣੀ ਖੁਸ਼ਹਾਲੀ ਦਾ ਰਾਹ ਆਪ ਮਜ਼ਬੂਤ ਕਰੇ।

# ਬਾਬਾ ਸਾਹਿਬ ਜੀ ਦਾ ਆਪਣੇ ਹੀ ਜਨਮ ਦਿਨ ਉਤੇ ਸੰਦੇਸ਼

1947 ਨੂੰ ਬਾਬਾ ਸਾਹਿਬ ਦੇ 55ਵੇਂ ਜਨਮ ਦਿਨ ਮੌਕੇ ਆਪਣਾ ਵਿਸ਼ੇਸ਼ ਅੰਕ ਕੱਢਿਆ, ਜਿਸ ਲਈ ਉਹਨਾਂ ਨੂੰ ਆਪਣਾ ਸੰਦੇਸ਼ ਭੇਜਣ ਲਈ ਬੇਨਤੀ ਕੀਤੀ ਗਈ। ਆਪਣੇ ਹੀ ਜਨਮ ਦਿਨ ਉਤੇ ਬਾਬਾ ਸਾਹਿਬ ਨੇ ਸੰਦੇਸ਼ ਦਿੱਤਾ?

''ਇਸ ਨੂੰ ਬਦਕਿਸਮਤੀ ਹੀ ਕਹਾਂਗੇ ਕਿ ਭਾਰਤ ਵਿਚ ਇਕ ਰਾਜਨੀਤਿਕ ਨੇਤਾ ਨੂੰ ਪੈਗੰਬਰ ਮੰਨ ਲਿਆ ਜਾਂਦਾ ਹੈ। ਇਹ ਭਾਰਤ ਦੇਸ਼ ਹੀ ਹੈ, ਜਿੱਥੇ ਪੈਗੰਬਰਾਂ ਅਤੇ ਸਿਆਸਤਦਾਨਾਂ ਦੇ ਜਨਮ ਦਿਨ ਇਕੋ ਪੱਧਰ ਉਤੇ ਮਨਾਏ ਜਾਣ ਦਾ ਰਿਵਾਜ਼ ਹੈ। ਨਿੱਜੀ ਤੌਰ ਤੇ ਮੈਂ ਆਪਣਾ ਜਨਮ ਦਿਨ ਮਨਾਉਣਾ ਪਸੰਦ ਨਹੀਂ ਕਰਦਾ। ਮੈਂ ਲੋਕਤੰਤਰਵਾਦੀ, ਵਿਚਾਰਧਾਰਾ ਦਾ ਹਾਂ। ਵਿਅਕਤੀਗਤ ਪੂਜਾ, ਲੋਕਤੰਤਰ ਦੇ ਐਨ ਉਲਟ ਕਾਰਜ ਹੈ। ਜੇ ਕੋਈ ਨੇਤਾ ਪਿਆਰ ਸਤਿਕਾਰ ਦੇ ਕਾਬਲ ਹੈ ਤਾਂ ਉਸਦਾ ਮਾਣ ਸਨਮਾਨ ਕਰਨਾ ਮਾੜਾ ਨਹੀਂ ਪਰ ਲੀਡਰ ਦੀ ਪੂਜਾ ਹੋਵੇ, ਇਹ ਨਿਹਾਇਤ ਮਾੜੀ ਗੱਲ ਹੈ। ਪਰ ਜੇ ਕਿਸੇ ਰਾਜਸੀ ਬੰਦੇ ਨੂੰ ਤੁਸੀਂ ਪੈਗੰਬਰ ਮੰਨ ਲਿਆ ਤਾਂ ਜ਼ਰੂਰੀ ਹੈ ਕਿ ਉਹ ਪੈਗੰਬਰ ਵਾਲੇ ਕੰਮ ਵੀ ਕਰੇ।'' ਆਪਣੇ ਲੋਕਾਂ ਨੂੰ ਮੈਂ ਕੀ ਸੰਦੇਸ਼ ਦੇ ਸਕਦਾ ਹਾਂ? ਯੂਨਾਨੀ ਮਿਥਿਹਾਸ ਵਿਚ ਇਕ ਕਹਾਣੀ ਆਉਂਦੀ ਹੈ। ਇਕ ਦੇਵੀ ਆਪਣੀ ਪੁੱਤਰੀ ਦੀ ਭਾਲ ਕਰਦੀ ਕਰਦੀ ਰਾਜੇ ਦੇ ਮਹਿਲ ਆਉਂਦੀ ਹੈ। ਉਹ ਇਕ ਨੌਕਰਾਣੀ ਦੇ ਭੇਸ ਵਿਚ ਹੈ ਸੋ ਉਸ ਨੂੰ ਕੋਈ ਨਹੀਂ ਪਛਾਣਦਾ। ਰਾਣੀ ਉਸ ਨੂੰ ਆਪਣੇ ਨਵਜੰਮੇ ਬੱਚੇ ਦੀ ਸੇਵਾ ਸੰਭਾਲ ਸੌਂਪ ਦਿੰਦੀ ਹੈ।

ਰਾਤ ਨੂੰ ਜਦੋਂ ਸਾਰੇ ਸੌਂ ਜਾਂਦੇ, ਨੌਕਰਾਣੀ ਉਸ ਬੱਚੇ ਨੂੰ ਅੱਗ ਤੇ ਲਿਟਾ ਦਿੰਦੀ। ਦੇਖਣ ਸੁਣਨ ਨੂੰ ਇਹ ਗੱਲ ਇਕ ਜ਼ਾਲਮਾਨਾ ਹਰਕਤ ਲੱਗਦੀ ਹੈ ਪਰ ਅਜਿਹਾ ਉਹ ਬੱਚੇ ਦੀ ਬਿਹਤਰੀ ਲਈ ਕਰਦੀ ਤਾਂ ਕਿ ਉਸ ਅੰਦਰ ਔਕੜਾਂ, ਤਕਲੀਫ਼ਾਂ ਸਹਿਣ ਦੀ ਸ਼ਕਤੀ ਪੈਦਾ ਹੋਵੇ, ਸਹਿਣਸ਼ੀਲਤਾ ਅਤੇ ਤਾਕਤ ਪੈਦਾ ਹੋਵੇ, ਅੱਗ ਵਿਚ ਤਪ ਕੇ ਉਹ ਕੁੰਦਨ ਬਣ ਜਾਵੇ। ਪਰ ਇਕ ਵਾਰ ਰਾਣੀ, ਮੌਕੇ ਤੇ ਆ ਗਈ, ਅੱਗ ਨੂੰ ਪਰ੍ਹਾਂ ਵਗਾਹ ਮਾਰਿਆ।

ਆਪਣੇ ਚਿੱਤੋਂ ਬੱਚਾ ਤਾਂ ਉਸਨੇ ਬਚਾ ਲਿਆ, ਪ੍ਰੰਤੂ ਮਹਾਨਤਾ ਦਾ ਸਿਖਰ, ਦੇਵਤਾ ਹੋਣ ਦੀ ਪਦਵੀ, ਬੱਚੇ ਹੱਥੋਂ ਜਾਂਦੀ ਰਹੀ। ਇਸ ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ? ਮੇਰੇ ਖਿਆਲ ਅਨੁਸਾਰ, ਇਹੋ ਕਿ ਮਹਾਨਤਾ ਕੇਵਲ ਸੰਘਰਸ਼ ਅਤੇ ਕੁਰਬਾਨੀ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ। ਅੱਗ ਸ਼ੁੱਧ ਕਰਦੀ ਹੈ, ਮਜ਼ਬੂਤ ਕਰਦੀ ਹੈ, ਔਕੜਾਂ ਅਤੇ ਸੰਘਰਸ਼ ਵੀ ਇਹੋ ਕਰਦੇ ਹਨ। ਜੇ ਉੱਜਲ ਭਵਿੱਖ ਦਾ ਨਿ-ਰਮਾਣ ਕਰਨਾ ਹੈ ਤਾਂ ਜ਼ਰੂਰੀ ਹੈ ਕਿ ਅੱਜ ਦਾ ਆਰਾਮ, ਅੱਜ ਦੀਆਂ ਲੋੜਾਂ ਤੱਕ ਕੁਰਬਾਨ ਕਰ ਦੇਈਏ। ਸੋ ਮੇਰਾ ਇਹੋ ਸੰਦੇਸ਼,ਇਹੋ ਸੁਨੇਹਾ ਹੈ, ਸੰਘਰਸ਼ ਅਤੇ ਹੋਰ ਸੰਘਰਸ਼, ਕੁਰਬਾਨੀ ਅਤੇ ਹੋਰ ਕੁਰਬਾਨੀ।''

ਗੌਰ ਦੇ ਨਾਮ ਸੰਦੇਸ਼ ਸੁਣਨ ਜੋ,
ਮੇਰਾ ਦਿਲ ਮਨਾਵਣ ਵਾਲੇ।
ਹੋਣਗੇ ਉਹੀ ਮਹਾਨ ਜੋ ਅੱਗ ਵਿਚ
ਆਪਣਾ ਆਪ ਤਪਾਵਣ ਵਾਲੇ।
ਐਵੇਂ ਨਹੀਂ ਸ਼ਕਤੀ ਦੀ ਪੂਜਾ,
ਦੁਨੀਆਂ ਅੰਦਰ ਹੁੰਦੀ ਲੋਕੋ,
ਸ਼ਕਤੀਸ਼ਾਲੀ ਉਹ ਹੁੰਦੇ ਜੋ, ਨਵੀਆਂ ਪੈੜਾਂ ਪਾਵਣ ਵਾਲੇ।
ਦਿਨ ਚੌਦਾਂ ਅਪ੍ਰੈਲ ਦੇ ਉਤੇ, ਮੇਰਾ ਕਹਿਣ ਹੈ ਲੋਕਾਂ ਤਾਈਂ,
ਕਦੇ ਤਰੱਕੀ ਕਰ ਨਹੀਂ ਸਕਦੇ,
ਰੱਬ ਦੀਆਂ ਦਿੱਤੀਆਂ ਖਾਵਣ ਵਾਲੇ।
ਖੂਨ ਪਸੀਨਾ ਇਕ ਕਰਨਗੇ,
ਉਹ ਜੱਗ ਤੇ ਪਹਿਚਾਣ ਬਣਨਗੇ,
ਨਾਇਕ ਲੋਕਾਂ ਦੇ ਬਣ ਨਹੀਂ ਸਕਦੇ,
ਸਹਿਜਲ ਚੰਮ ਬਚਾਵਣ ਵਾਲੇ।

*(ਮਨੁੱਖਤਾ ਦੇ ਨਾਇਕ- ਬਾਬਾ ਸਾਹਿਬ)*

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਰਾਮਜੀ ਅੰਬੇਦਕਰ ਜੀ ਦਾ 123ਵਾਂ ਜਨਮ ਦਿਨ ਮਨਾਇਆ ਗਿਆ

**ਨਿਊਆਰਕ (ਕੈਲੀਫੋਰਨੀਆ) :** ਸ੍ਰੀ ਗੁਰੁ ਰਵਿਦਾਸ ਸਭਾ ਬੇ ਏਰੀਆ ਵੱਲੋਂ ਡਾ. ਭੀਮ ਰਾਓ ਅੰਬੇਦਕਰ ਸਾਹਿਬ ਦਾ 123ਵਾਂ ਜਨਮਦਿਨ Newark Pavillion Newark California ਵਿਖੇ ਮਨਾਇਆ ਗਿਆ। ਬਹੁਤ ਸਾਰੇ ਆਗੂਆਂ ਤੇ ਰਾਜ ਅਧਿਕਾਰੀਆਂ ਨੇ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਸਭਾ ਦੇ ਵਈਸ ਚੇਅਰਮੈਨਾਂ ਸ. ਕੇਵਲ ਸਿੰਘ ਅਤੇ ਸ੍ਰੀ ਵਿਨੋਦ ਚੁੰਬਰ ਨੇ ਸਮੁੱਚੇ ਪ੍ਰੋਗਰਾਮ ਨੂੰ ਬੜੇ ਹੀ ਸੁੱਚਜੇ ਢੰਗ ਨਾਲ ਚਲਾਇਆ। ਰਾਮ ਮੂਰਤੀ ਸਰੋਇਆ ਅਤੇ ਸ੍ਰੀਮਤੀ ਸਤਿਆਵਤੀ ਸਰੋਇਆ ਨੂੰ ਭਾਈਚਾਰੇ ਪ੍ਰਤੀ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਲਈ ਸਨਾਮਨਤ ਕੀਤਾ ਗਿਆ। ਰਾਮ ਮੂਰਤੀ ਸਰੋਇਆ ਸਮੇਤ ਸਾਰੇ ਲੀਡਰ ਜਿਨ੍ਹਾਂ ਵਿੱਚ ਅਮਰੀਕ ਚੰਦ ਲੱਖਾ, ਦਸਵਿੰਦਰ ਪਾਲ, ਡਾ. ਸ਼ੇਕਰ, ਵਿਨੋਦ ਕੁਮਾਰ ਚੁੰਬਰ, ਕੇਵਲ ਸਿੰਘ, ਡਾ. ਰਾਜ ਸਲਾਵਨ ਨੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਜੀਵਨ ਉਨ੍ਹਾਂ ਦੀਆ ਪ੍ਰਾਪਤੀਆਂ ਅਤੇ ਸਮਾਜ ਲਈ ਉਨ੍ਹਾ ਦੇ ਯੋਗਦਾਨ 'ਤੇ ਬਾਖ਼ੂਬੀ ਚਾਨਣਾ ਪਾਇਆ।

ਇਸ ਮੌਕੇ ਰਿਕ ਜੋਨ (ਪਲੈਨਿੰਗ ਕਮਿਸ਼ਨਰ ਫਰੀਮਾਟ), ਜਿੰਮ ਨਵਰਾਓ (ਕਾਊਂਸਲ ਮੈਂਬਰ ਯੂਨੀਅਨ ਸਿਟੀ), ਰਾਜ ਸਲਵਾਨ (ਕੌਂਸਲ ਮੈਂਬਰ ਫਰੀਮਾਂਟ), ਜੋਸੀ ਕੈਮਾਚੋ (ਐਗਜੀਕਿਊਟਿਵ ਸੈਕਰੇਟਰੀ ਟਰੀਜ਼ਰ ਅਲਮੇਡਾ ਕਾਉਂਟੀ ਲੇਬਰ ਕਉਂਸਲ) ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਬੁਲਾਰਿਆਂ ਨੇ ਕਿਹਾ ਕਿ ਬਾਬਾ ਸਾਹਿਬ ਨੇ ਸਾਡੇ ਸਮਾਜ ਨੂੰ ਸਵੈਮਾਣ ਨਾਲ ਜਿਊਣ ਲਈ ਪ੍ਰੇਰਿਤ ਕੀਤਾ। ਆਪਣੇ ਗਿਆਨ ਨਾਲ ਸਾਡੇ ਸਮਾਜ ਵਿੱਚ ਜਾਗਿਰਤੀ ਦੀ ਲਹਿਰ ਪੈਦਾ ਕੀਤੀ। ਅੱਜ ਉਨ੍ਹਾਂ ਦੇ ਯਗਦਾਨ ਸਦਕਾ ਹੀ ਸਾਡੇ ਲੋਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਹਨ। ਉਨ੍ਹਾਂ ਸਾਨੂੰ ਰਾਜਨੀਤਿਕ, ਸਮਾਜਿਕ ਤੇ ਆਰਥਿਕ ਆਦਿ ਹਰ ਖੇਤਰ ਵਿੱਚ ਜੋ ਸੇਧ ਦਿੱਤੀ ਉਸਤੋਂ ਅਗਵਾਈ ਲੈ ਕੇ ਅਸੀਂ ਆਪਣੇ ਅਤੇ ਸਮਾਜ ਦੇ ਭੱਵਿਖ ਨੂੰ ਸੁਨਹਿਰਾ ਬਣਾ ਸਕਦੇ ਹਾਂ।

ਉਨ੍ਹਾਂ ਕਿਹਾ ਕਿ ਜਾਤੀਵਾਦ ਦੇ ਲਿਤਾੜੇ ਸਮਾਜ ਨੂੰ ਅਣਖ-ਇਜ਼ਤ ਨਾਲ ਜਿਊਣ ਦੀ ਜਾਂਚ ਸਿਖਾਉਣ ਅਤੇ ਆਪਣੇ ਯੋਗਦਾਨ ਲਈ ਬਾਬਾ ਸਾਹਿਬ ਰਹਿੰਦੀ ਦੁਨੀਆਂ ਤੱਕ ਯਾਦ ਰੱਖੇ ਜਾਣਗੇ । ਭਾਈ ਬਲਦੇਵ ਸਿੰਘ ਦੇ ਰਾਗੀ ਜਥੇ ਨੇ ਸ਼ਬਦ ਕੀਰਤਨ ਪੇਸ਼ ਕੀਤਾ।


















''ਜੇਕਰ ਤੁਸੀਂ ਜਾਤ ਪਾਤ ਨੂੰ ਤੋੜ ਸੁੱਟਣਾ ਚਾਹੁੰਦੇ ਹੋ ਤਾਂ ਤੁਹਾਨੂੰ ਵੇਦਾਂ ਅਤੇ ਸ਼ਾਸਤਰਾਂ ਨੂੰ ਬਾਰੂਦ ਦੇ ਗੋਲੇ ਨਾਲ ਉਡਾ ਦੇਣਾ ਹੋਵੇਗਾ ਜੋ ਤਰਕ ਨੂੰ ਕੋਈ ਹਿੱਸਾ ਦੇਣ ਤੋਂ ਮੁਨਕਰ ਹਨ। ਉਹਨਾਂ ਵੇਦਾਂ ਅਤੇ ਸਿਮ੍ਰਤੀਆਂ ਦੇ ਮਜ਼ਹਬ ਨੂੰ ਤਬਾਹ ਕਰਨਾ ਹੋਵੇਗਾ।'' - ਡਾ. ਅੰਬੇਦਕਰ



## ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਸਮੂਹ ਸੰਸਾਰ ਨੂੰ

## ਲੱਖ-ਲੱਖ ਵਧਾਈ


ਆਪ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ. ਵੱਲੋਂ ਮਿਤੀ 4 ਮਈ (ਦਿਨ ਐਤਵਾਰ) ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਲਵਾ ਕੇ ਬਾਬਾ ਸਾਹਿਬ ਜੀ ਦੇ ਜੀਵਨ, ਉਪਦੇਸ਼ ਅਤੇ ਗੌਰਵਮਈ ਵਿਰਸੇ ਬਾਰੇ ਵੱਖ ਵੱਖ ਬੁਲਾਰਿਆਂ ਦੇ ਵਿਚਾਰਾਂ ਨੂੰ ਜਾਣੀਏ।



# ਗੁਰਨਾਮ ਵਿਰਦੀ (718-838-0207)

## ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ.(ਅਮੈਰਿਕਾ)

"ਇਤਿਹਾਸ ਇਸ ਪ੍ਰਸਤਾਵਨਾ ਦਾ ਗਵਾਹ ਹੈ ਕਿ ਰਾਜਨੀਤਿਕ ਕ੍ਰਾਂਤੀਆਂ ਸਮਾਜਿਕ ਅਤੇ ਧਾਰਮਿਕ ਕ੍ਰਾਂਤੀਆਂ ਦੇ ਬਾਅਦ ਹੀ ਹੋਇਆ ਕਰਦੀਆਂ ਹਨ।'' - ਡਾ. ਅੰਬੇਦਕਰ



## ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਸਮੂਹ ਸੰਸਾਰ ਨੂੰ

## ਲੱਖ-ਲੱਖ ਵਧਾਈ

ਆਪ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ. ਵੱਲੋਂ ਮਿਤੀ 4 ਮਈ (ਦਿਨ ਐਤਵਾਰ) ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਲਵਾ ਕੇ ਬਾਬਾ ਸਾਹਿਬ ਜੀ ਦੇ ਜੀਵਨ, ਉਪਦੇਸ਼ ਅਤੇ ਗੌਰਵਮਈ ਵਿਰਸੇ ਬਾਰੇ ਵੱਖ ਵੱਖ ਬੁਲਾਰਿਆਂ ਦੇ ਵਿਚਾਰਾਂ ਨੂੰ ਜਾਣੀਏ।

# ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਨਿਊਯਾਰਕ

ਮੌਜੂਦਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਨੰਦ ਲਾਲ ਅਤੇ ਪ੍ਰਧਾਨ ਸ੍ਰੀ ਨਿਰਮਲ ਸਿੰਘ ਦੀ ਕਾਰਗੁਜ਼ਾਰੀ ਬਹੁਤ ਸ਼ਲਾਘਾਯੋਗ ਹੈ, ਜੋ ਸਾਡੇ ਸਮਾਜ ਦੇ ਸਾਰੇ ਰਹਿਬਰਾਂ ਨੂੰ ਸਮੇਂ ਸਮੇਂ ਉਹਨਾਂ ਨੂੰ ਯਾਦ ਕਰਦੀ ਹੈ। ਇਸ ਲਈ ਇਹ ਸੰਸਥਾ ਵਧਾਈ ਦੀ ਪਾਤਰ ਹੈ।

# ਜੈ ਭੀਮ- ਜੈ ਭਾਰਤ



"ਆਜ਼ਾਦੀ ਦਾ ਭੇਦ ਹੈ ਸਾਹਸ ਅਤੇ ਸਾਹਸ (ਦਲੇਰ) ਵਿਅਕਤੀਆਂ ਦੇ ਇਕ ਦਲ ਵਿਚ ਜੁੜ ਜਾਣ ਨਾਲ ਪੈਦਾ ਹੁੰਦਾ ਹੈ। ਸਰਕਾਰ ਨੂੰ ਚਲਾਉਣ ਵਾਸਤੇ ਇਕ ਰਾਜਨੀਤਿਕ ਦਲ ਲਾਜ਼ਮੀ ਹੋਇਆ ਕਰਦਾ ਹੈ ਪਰ ਸਰਕਾਰ ਬੇਮੁਹਾਰੀ ਤੇ ਬੇਕਾਬੂ ਨਾ ਹੋ ਜਾਵੇ, ਉਸ ਵਾਸਤੇ ਦੋ ਦਲਾਂ ਦੀ ਲੋੜ ਹੋਇਆ ਕਰਦੀ ਹੈ। ਇਕ ਲੋਕਤਾਤਰਿਕ ਸਰਕਾਰ ਤਾਂ ਹੀ ਜਮਹੂਰੀ ਰਹਿ ਸਕਦੀ ਹੈ, ਜੇਕਰ ਉਥੇ ਦੋ ਦਲ ਹੋਣ ਅਰਥਾਤ ਇਕ ਹਾਕਮ ਦਲ ਅਤੇ ਦੂਜਾ ਵਿਰੋਧੀ ਦਲ।"

– ਡਾ. ਭੀਮ ਰਾਓ ਅੰਬੇਦਕਰ

## ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਸਮੂਹ ਸੰਸਾਰ ਨੂੰ

## ਲੱਖ-ਲੱਖ ਵਧਾਈ

ਆਪ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ. ਵੱਲੋਂ ਮਿਤੀ 4 ਮਈ (ਦਿਨ ਐਤਵਾਰ) ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਲਵਾ ਕੇ ਬਾਬਾ ਸਾਹਿਬ ਜੀ ਦੇ ਜੀਵਨ, ਉਪਦੇਸ਼ ਅਤੇ ਗੌਰਵਮਈ ਵਿਰਸੇ ਬਾਰੇ ਵੱਖ ਵੱਖ ਬੁਲਾਰਿਆਂ ਦੇ ਵਿਚਾਰਾਂ ਨੂੰ ਜਾਣੀਏ।







# ਮਨੋਜ ਕੁਮਾਰ ਹੈਪੀ ਅਤੇ ਸਮੂਹ ਪਰਿਵਾਰ

# SHAKTI CONSTRUCTION CORP.

we do all kind of Concrete job,Footing,Foundation,New Extention,Roofing,Brick work,Pointing,Steam cleaning,Specialyside walk,Vinal Fence Etc. No Problem to get DOT permits& DOB permits Fully Insured.

# Cell- 917-440-2285

ਸੋਹੰ

"ਇਤਿਹਾਸ ਇਸ ਪ੍ਰਸਤਾਵਨਾ ਦਾ ਗਵਾਹ ਹੈ ਕਿ ਰਾਜਨੀਤਿਕ ਕ੍ਰਾਂਤੀਆਂ ਸਮਾਜਿਕ ਅਤੇ ਧਾਰਮਿਕ ਕ੍ਰਾਂਤੀਆਂ ਦੇ ਬਾਅਦ ਹੀ ਹੋਇਆ ਕਰਦੀਆਂ ਹਨ।'' -ਡਾ. ਅੰਬੇਦਕਰ

ੴ



## ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਸਮੂਹ ਸੰਸਾਰ ਨੂੰ

## ਲੱਖ-ਲੱਖ ਵਧਾਈ

ਆਪ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ. ਵੱਲੋਂ ਮਿਤੀ 4 ਮਈ (ਦਿਨ ਐਤਵਾਰ) ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਲਵਾ ਕੇ ਬਾਬਾ ਸਾਹਿਬ ਜੀ ਦੇ ਜੀਵਨ, ਉਪਦੇਸ਼ ਅਤੇ ਗੌਰਵਮਈ ਵਿਰਸੇ ਬਾਰੇ ਵੱਖ ਵੱਖ ਬੁਲਾਰਿਆਂ ਦੇ ਵਿਚਾਰਾਂ ਨੂੰ ਜਾਣੀਏ।



## ਸਤਨਾਮ ਸਿੰਘ ਅਤੇ ਸਮੂਹ ਪਰਿਵਾਰ

## 917-862-0620

ਸੋਹੰ

"ਸਮਾਜਿਕ ਏਕਤਾ ਤੋਂ ਬਿਨਾਂ ਰਾਜਨੀਤਿਕ ਏਕਤਾ ਪੈਦਾ ਕਰਨੀ ਔਖੀ ਹੈ। ਜੇਕਰ ਇਹ ਹਾਸਲ ਹੋ ਵੀ ਜਾਵੇ ਤਾਂ ਇਹ ਉਨੀ ਹੀ ਨਿਰਮੂਲ ਹੋਵੇਗੀ, ਜਿੰਨੀ ਕਿ ਉਹ ਗਰਮੀ ਦੇ ਮੌਸਮ ਦਾ ਪੌਦਾ ਜੋ ਵਿਰੋਧੀ ਹਨੇਰੀ ਦੀ ਇਕ ਹੀ ਚਪੇਟ ਵਿਚ ਉਖੜ ਜਾਂਦਾ ਹੈ।'' – ਡਾ. ਅੰਬੇਦਕਰ


ੴ



## ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਸਮੂਹ ਸੰਸਾਰ ਨੂੰ

## ਲੱਖ-ਲੱਖ ਵਧਾਈ

ਆਪ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ. ਵੱਲੋਂ ਮਿਤੀ 4 ਮਈ (ਦਿਨ ਐਤਵਾਰ) ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਲਵਾ ਕੇ ਬਾਬਾ ਸਾਹਿਬ ਜੀ ਦੇ ਜੀਵਨ, ਉਪਦੇਸ਼ ਅਤੇ ਗੌਰਵਮਈ ਵਿਰਸੇ ਬਾਰੇ ਵੱਖ ਵੱਖ ਬੁਲਾਰਿਆਂ ਦੇ ਵਿਚਾਰਾਂ ਨੂੰ ਜਾਣੀਏ।



## ਸੁਰਿੰਦਰ ਕੁਮਾਰ ਪਾਲ ਅਤੇ ਸਮੂਹ ਪਰਿਵਾਰ

## 917-714-6600

ਸੋਹੰ

"ਅੱਤਿਆਚਾਰ ਕਰਨ ਵਾਲੇ ਨਾਲੋਂ ਅੱਤਿਆਚਾਰ ਚੁੱਪ-ਚਾਪ ਸਹਿਣ ਵਾਲਾ ਵਧੇਰੇ ਦੋਸ਼ੀ ਹੈ। ਇਸ ਲਈ ਮਨੁੱਖ ਇਸ ਨੂੰ ਕਦੇ ਵੀ ਸਹਿਣ ਨਾ ਕਰੇ ਬਲਕਿ ਅੱਤਿਆਚਾਰੀ ਦਾ ਡਟ ਕੇ ਮੁਕਾਬਲਾ ਕਰੇ।" – ਡਾ. ਅੰਬੇਦਕਰ

੧ਓ



# ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਸਮੂਹ ਸੰਸਾਰ ਨੂੰ

## ਲੱਖ-ਲੱਖ ਵਧਾਈ

ਆਪ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ. ਵੱਲੋਂ ਮਿਤੀ 4 ਮਈ (ਦਿਨ ਐਤਵਾਰ) ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਲਵਾ ਕੇ ਬਾਬਾ ਸਾਹਿਬ ਜੀ ਦੇ ਜੀਵਨ, ਉਪਦੇਸ਼ ਅਤੇ ਗੌਰਵਮਈ ਵਿਰਸੇ ਬਾਰੇ ਵੱਖ ਵੱਖ ਬੁਲਾਰਿਆਂ ਦੇ ਵਿਚਾਰਾਂ ਨੂੰ ਜਾਣੀਏ।



## ਸ੍ਰੀ ਓਮ ਪ੍ਰਕਾਸ਼ (ਸਾਬਕਾ ਜਨਰਲ ਸਕੱਤਰ )

## ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ

## 347-824-1616

ਸੋਹੰ

"ਜੇਕਰ ਤੁਸੀਂ ਜਾਤ ਪਾਤ ਨੂੰ ਤੋੜ ਸੁੱਟਣਾ ਚਾਹੁੰਦੇ ਹੋ ਤਾਂ ਤੁਹਾਨੂੰ ਵੇਦਾਂ ਅਤੇ ਸ਼ਾਸਤਰਾਂ ਨੂੰ ਬਾਰੂਦ ਦੇ ਗੋਲੇ ਨਾਲ ਉਡਾ ਦੇਣਾ ਹੋਵੇਗਾ ਜੋ ਤਰਕ ਨੂੰ ਕੋਈ ਹਿੱਸਾ ਦੇਣ ਤੋਂ ਮੁਨਕਰ ਹਨ। ਉਹਨਾਂ ਵੇਦਾਂ ਅਤੇ ਸਿਮ੍ਰਤੀਆਂ ਦੇ ਮਜ਼ਹਬ ਨੂੰ ਤਬਾਹ ਕਰਨਾ ਹੋਵੇਗਾ।" – ਡਾ. ਅੰਬੇਦਕਰ


੧ਓ



# ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਸਮੂਹ ਸੰਸਾਰ ਨੂੰ

## ਲੱਖ-ਲੱਖ ਵਧਾਈ

ਆਪ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ. ਵੱਲੋਂ ਮਿਤੀ 4 ਮਈ (ਦਿਨ ਐਤਵਾਰ) ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਲਵਾ ਕੇ ਬਾਬਾ ਸਾਹਿਬ ਜੀ ਦੇ ਜੀਵਨ, ਉਪਦੇਸ਼ ਅਤੇ ਗੌਰਵਮਈ ਵਿਰਸੇ ਬਾਰੇ ਵੱਖ ਵੱਖ ਬੁਲਾਰਿਆਂ ਦੇ ਵਿਚਾਰਾਂ ਨੂੰ ਜਾਣੀਏ।



## ਪਰਮਜੀਤ ਲਾਲ ਫਿਲੌਰ (ਜਨਰਲ ਸਕੱਤਰ)
## (ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ)
## ਅਤੇ ਉਹਨਾਂ ਦਾ ਸਮੂਹ ਪਰਿਵਾਰ

## 917-854-8628

ਸੋਹੰ


ੴ

"ਲੋਕਤੰਤਰਿਕ ਸਰਕਾਰ ਦੀ ਸਥਾਪਨਾ ਦੇ ਲਈ ਸਮਾਜ ਦਾ ਲੋਕਤੰਤਰਿਕ ਹੋਣਾ ਬਹੁਤ ਜ਼ਰੂਰੀ ਹੈ। ਜੇਕਰ ਸਮਾਜ ਲੋਕਤੰਤਰਿਕ ਨਹੀਂ ਹੋਵੇਗਾ ਤਾਂ ਲੋਕਤੰਤਰ ਦਾ ਢਾਂਚਾ ਕਿਸੇ ਕੰਮ ਦਾ ਨਹੀਂ ਹੋਵੇਗਾ ਅਤੇ ਠੀਕ ਸਿੱਧ ਨਹੀਂ ਹੋਵੇਗਾ। – ਡਾ. ਅੰਬੇਦਕਰ



## ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਸਮੂਹ ਸੰਸਾਰ ਨੂੰ

ਲੱਖ-ਲੱਖ ਵਧਾਈ



917-415-0219

ਮੁਲਖ ਰਾਜ, ਹਰਮੋਲਾ ਰਾਜ ਤੇ ਸਮੂਹ ਪਰਿਵਾਰ

ਸੋਹੰ

ੴ

"ਅੱਤਿਆਚਾਰ ਕਰਨ ਵਾਲੇ ਨਾਲੋਂ ਅੱਤਿਆਚਾਰ ਚੁੱਪ–ਚਾਪ ਸਹਿਣ ਵਾਲਾ ਵਧੇਰੇ ਦੋਸ਼ੀ ਹੈ। ਇਸ ਲਈ ਮਨੁੱਖ ਇਸ ਨੂੰ ਕਦੇ ਵੀ ਸਹਿਣ ਨਾ ਕਰੇ ਬਲਕਿ ਅੱਤਿਆਚਾਰੀ ਦਾ ਡਟ ਕੇ ਮੁਕਾਬਲਾ ਕਰੇ।'' – ਡਾ. ਅੰਬੇਦਕਰ



## ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀ ਸਮੂਹ ਸੰਸਾਰ ਨੂੰ

ਲੱਖ-ਲੱਖ ਵਧਾਈ




516-996-0998

ਮੁਲਖ ਰਾਜ ਲੁਗਾਹ, ਨੀਲਮ ਲੁਗਾਹ ਅਤੇ ਸਮੂਹ ਪਰਿਵਾਰ

# ਪੀ ਸੀ ਐਸ ਸੈਕਰਾਮੈਂਟੋ ਦਾ 25ਵਾਂ (ਸਿਲਵਰ ਜੁਬਲੀ) ਵਿਸਾਖੀ ਮੇਲਾ, ਇਕ ਵਿਲੱਖਣ ਯਾਦਗਾਰੀ ਚਿੰਨ












ਸੈਕਰਾਮੈਂਟੋ– ਸਮੁੱਚੇ ਪੰਜਾਬੀ ਭਾਈਚਾਰੇ ਵਲੋਂ ਇਹ ਖ਼ਬਰ ਬੜੇ ਮਾਣ ਤੇ ਉਤਸ਼ਾਹ ਨਾਲ ਪੜ੍ਹੀ ਜਾਵੇਗੀ ਕਿ ਪੰਜਾਬ ਦੇ ਅਮੋਲਕ ਵਿਰਸੇ ਦੀ ਸੰਭਾਲ ਨੂੰ ਪ੍ਰਣਾਈ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਨੇ 19 ਅਪ੍ਰੈਲ 2014 ਨੂੰ ਐਲਕਗਰੋਵ ਦੇ ਐਸ ਈ ਐਸ ਹਾਲ ਵਿਚ ਆਪਣਾ 25ਵਾਂ ਵਿਸਾਖੀ ਮੇਲਾ ਗੌਰਵ ਪੂਰਵ ਸ਼ਾਨਦਾਰ ਰਵਾਇਤੀ ਢੰਗ ਨਾਲ ਮਨਾਇਆ। ਆਦਿ ਤੋਂ ਅੰਤ ਤੱਕ ਚਲੇ ਇਸ ਪ੍ਰੋਗਰਾਮ ਦੀ ਵਿਲੱਖਣਤਾ, ਇਕਸੁਰਤਾ ਤੇ ਦਿਲਾਂ ਵਿਚ ਉੱਤਰਦੇ ਮਨੋਰੰਜਕ ਤੇ ਕਲਾਤਮਿਕ ਪ੍ਰਭਾਵਾਂ ਨੇ ਸਰੋਤਿਆਂ ਨੂੰ ਲਗਾਤਾਰ ਚਾਰ ਘੰਟੇ ਕੀਲੀ ਰਖਿਆ। ਪੰਜਾਬੀ ਸਭਿਆਚਾਰ ਪ੍ਰਤੀ ਸੁਚੇਤ , ਛੋਟੀ ਜਿਹੀ ਇਸ ਸੰਸਥਾ ਵਲੋਂ ਸਭਿਆਚਾਰ ਦੀ ਸੇਵਾ ਸੰਭਾਲ ਹਿਤ ਜੋ ਇਹ ਸਭ ਕੁਝ ਕੀਤਾ ਜਾ ਰਿਹਾ ਹੈ ਇਹ ਦੋਹਾਂ ਪੰਜਾਬਾਂ ਦੀਆਂ ਸਰਕਾਰਾਂ ਦੀ ਸਭਿਆਚਾਰਕ ਪੱਖ ਤੋਂ ਕਾਰਗੁਜ਼ਾਰੀ ਅੱਗੇ ਵੀ ਇਕ ਸਵਾਲ ਖੜ੍ਹਾ ਕਰਦਾ ਹੈ। ਅਤੇ ਉਹਨਾਂ ਅੱਗੇ ਵੀ ਜੋ ਆਪਣੀ ਸ਼ੋਹਰਤ ਤੇ ਮੁਨਾਫ਼ੇ ਨੂੰ ਮੁੱਖ ਰੱਖ ਕੇ ਲੋਕ ਭਾਵਨਾਵਾਂ ਨਾਲ ਖਿਲਵਾੜ ਕਰਦੇ ਹਨ ।ਇਕ ਪਾਸੇ ਉਹ ਅਜੇਹੀਆਂ ਸੰਸਥਾਵਾਂ ਹਨ ਜੋ ਬਾਹਰਲੇ ਮੁਲਕਾਂ ਵਿਚ ਆ ਕੇ ਵੀ ਪੰਜਾਬ ਦੇ ਅਮੀਰ ਵਿਰਸੇ ਦੀ ਜੋਤ ਨੂੰ ਬਦਲਦੇ ਹਾਲਾਤਾਂ ਵਿਚ ਵੀ, ਹਰ ਹੀਲੇ ਵਸੀਲੇ ਜਗਾਈ ਰਖਣਾ ਚਾਹੁੰਦੇ ਹਨ। ਦੂਜੇ ਪਾਸੇ ਪੰਜਾਬ ਵਿਚਲਾ ਉਹ ਲੋਕ ਦੋਖੀ ਸਿਸਟਮ ਜੋ ਸਮਾਜਿਕ ਸਭਿਆਚਾਰਕ ਤੇ ਭਾਈਚਾਰਕ ਇੱਕਜੁਟਤਾ ਨੂੰ ਤਹਿਸ ਨਹਿਸ ਕਰਨ ਤੇ ਤੁਲੇ ਹੋਏ ਹਨ ।

ਬੀਤੇ ਸ਼ਨਿਚਰਵਾਰ ਦੀ ਸੁਹਾਵਣੀ ਸ਼ਾਮ ਨੂੰ ਉਪਰੋਕਤ ਵਰਣਿਤ ਪੀ ਸੀ ਐਸ ਐਸ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਲੋਂ ਐਲਕਗਰੋਵ ਦੇ ਅੰਬਰਾਂ ਵਿਚ 26 ਰੰਗਦਾਰ ਗ਼ੁਬਾਰੇ ਉਡਾਉਂਦਿਆਂ ਵਿਸਾਖੀ ਮੇਲੇ ਦਾ ਉਦਘਾਟਨ ਕੀਤਾ ਗਿਆ ਅਤੇ ਸਮੂਹ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਗਿਆ । ਇਸ ਤੋਂ ਬਾਅਦ ਹਾਲ ਅੰਦਰਲੀ ਕਾਰਵਾਈ ਸ਼ੁਰੂ ਹੋਈ। ਸਟੇਜ ਤੋਂ ਜਸਵਿੰਦਰ ਲਾਲ ਨੇ ਆਪਣੀ ਬੁਲੰਦ ਆਵਾਜ਼ ਵਿਚ ਧਾਰਮਿਕ ਗੀਤ ਸੁਣਾਉਂਦਿਆਂ ਸਰੋਤਿਆਂ ਦਾ ਧਿਆਨ ਮੇਲੇ ਵੱਲ ਖਿੱਚ ਲਿਆ।

ਇਸ ਉਪਰੰਤ ਨਵੇਂ ਮਹੌਲ ਵਿਚ ਪਲ ਰਹੇ ਛੋਟੇ ਛੋਟੇ ਬੱਚੇ 'ਪੁੰਗਰਦੇ ਗੱਭਰੂ' ਟੀਮ ਲੈ ਕੇ ਸਟੇਜ ਤੇ ਆਏ। ਅਤੇ ਗਿੱਧੇ ਭੰਗੜੇ ਦਾ ਦੌਰ ਸ਼ੁਰੂ ਹੋ ਗਿਆ । ਛੋਟੇ ਬਚਿਆਂ ਤੋਂ ਲੈ ਕੇ ਗੱਭਰੂਆਂ ਤੇ ਮੁਟਿਆਰਾਂ ਦੀਆਂ 23 ਟੀਮਾਂ ਨੇ ਅਜੇਹਾ ਰੰਗ ਬੰਨ੍ਹਿਆ ਕਿ ਹਾਲ ਵਿਚ ਬੈਠੇ ਸਰੋਤਿਆਂ ਦਾ ਵੀ ਅੰਗ ਅੰਗ ਥਰਕਣ ਲੱਗ ਪਿਆ। ਸ਼ੁਰੂ ਵਿਚ ਛੋਟੇ ਬੱਚੇ ਬੱਚੀਆਂ ਦੀਆਂ ਟੀਮਾਂ ਆਈਆਂ । ਇਹ ਸਾਰੀਆਂ ਦਿਲ ਲਭਾਉਣੀਆਂ ਰੰਗ ਬਰੰਗੀਆਂ ਮੇਲਿਆਂ ਵਿਚ ਪਾਉਣ ਵਾਲੀਆਂ ਰਵਾਇਤੀ ਪੁਸ਼ਾਕਾਂ, ਕਢਾਈਦਾਰ ਰੰਗ ਬਰੰਗੇ ਸੂਟ, ਚੁੰਨੀਆਂ, ਛਣਕਦੀਆਂ ਚੂੜੀਆਂ, ਲਹਿਰਾਉਂਦੇ ਡੋਰੀਏ, ਸੱਗੀ-ਫੁੱਲ ਤੇ ਹੋਰ ਹਾਰ-ਹਮੇਲਾਂ ਨਾਲ ਸਜੀਆਂ ਹੋਈਆਂ ਸਨ ਛੋਟੇ ਛੋਟੇ ਗੱਭਰੂ ਵੀ ਪੂਰੀ ਪੰਜਾਬੀ ਠੁੱਕ ਨਾਲ ਕੰਨੀਦਾਰ ਚਾਦਰੇ, ਖੁੱਲੇ ਕਢਾਈਦਾਰ ਕੁੜਤੇ, ਜੈਕਟਾਂ ਤੁਰਲੇਦਾਰ ਪੱਗਾਂ ਤੇ ਪੰਜਾਬੀ ਜੁੱਤੀਆਂ ਦੀ ਮੜ੍ਹਕ ਦਿਖਾ ਰਹੇ ਸਨ। ਨੱਚਦੇ ਗਾਉਂਦੇ ਇਹ ਨਿੱਕੇ ਨਿੱਕੇ ਬੱਚੇ ਕਿਸੇ ਬਗੀਚੇ 'ਚ ਖਿੜੇ ਟਹਿਕਦੇ ਫੁੱਲਾਂ ਤੇ ਉੱਡਦੀਆਂ ਤਿਤਲੀਆਂ ਦਾ ਭੁਲੇਖਾ ਪਾ ਰਹੇ ਸਨ। 'ਅਜੈ ਅਕੈਡਮੀ'ਦੇ ਵੱਖ ਵੱਖ ਗਰੁੱਪਾਂ ਵਲੋਂ, ਗਿੱਧਾ, ਭੰਗੜਾ ਅਤੇ ਬੱਚੇ ਬੱਚੀਆਂ ਦੀ ਸਾਂਝੀ ਟੀਮ ਵਲੋਂ ਭੰਗੜਾ ਪੇਸ਼ ਕੀਤਾ ਗਿਆ। ਇਨ੍ਹਾਂ ਟੀਮਾਂ ਦੀ ਅਦਾਕਾਰੀ ਵਿਚੋਂ ਉਹਨਾਂ ਦੀ ਸਖ਼ਤ ਮਿਹਨਤ ਹਰ ਇਕ ਨੂੰ ਪ੍ਰਭਾਵਤ ਕਰ ਰਹੀ ਸੀ । ਇਹਨਾਂ ਨੂੰ ਦੇਖ ਦੇਖ ਇਉਂ ਲਗਦਾ ਸੀ ਕਿ ਪੰਜਾਬੀ ਸਭਿਆਚਾਰ ਸਹੀ ਤੇ ਸੁਚੱਜੇ ਹੱਥਾਂ ਵਿਚ ਜਾ ਰਿਹਾ ਹੈ। ਦੋ ਬੱਚੀਆਂ ਅਮਨਪ੍ਰੀਤ ਕੌਰ ਸੰਧੂ ਤੇ ਅਸ਼ਲੀਨ ਕੌਰ ਸੰਘਾ ਨੇ ਸਟੇਜ ਤੇ ਪੰਜਾਬੀ ਨਾਚ ਤੇ ਬੋਲੀਆਂ ਨਾਲ ਰੰਗ ਬੰਨ੍ਹਿਆ। ਭੰਗੜੇ ਤੇ ਗਿੱਧੇ ਦੀਆਂ ਵੱਖ ਵੱਖ ਟੀਮਾਂ 'ਸਿੰਘ ਸੂਰਮੇ', 'ਸੈਕ ਭੰਗੜਾ ਕੁਈਨਜ਼', 'ਅਣਖੀਲੇ ਗੱਭਰੂ', 'ਰੂਹ ਪੰਜਾਬ ਦੀ' 'ਵੈਸਟ ਸਾਈਡ ਭੰਗੜਾ', ਜੀ ਐਚ ਜੀ ਸੰਗੀਤ ਐਂਡ ਡਾਂਸ ਅਕੈਡਮੀ ਫਰਿਜ਼ਨੋ ਵਲੋਂ, 'ਮਲਵਈ ਗਿੱਧਾ' ਜਿਸ ਨੂੰ ਬਾਬਿਆਂ ਦਾ ਗਿੱਧਾ ਕਰਕੇ ਵੀ ਜਾਣਿਆ ਜਾਂਦਾ ਹੈ ਨੇ ਮਲਵਈ ਸਭਿਆਚਾਰ ਦੇ ਇਕ ਖਾਸ ਰੰਗ ਨੂੰ ਉਹਨਾਂ ਦੇ ਪੁਰਾਣੇ ਸਮਿਆਂ ਵਿਚ ਵਰਤੇ ਜਾਂਦੇ ਸੰਗੀਤਕ ਸਾਜੋ ਸਮਾਨ ਸਮੇਤ ਅੱਖੀਆਂ ਅੱਗੇ ਨੱਚਣ ਲਾ ਦਿੱਤਾ। ਯੂ ਸੀ ਡੇਵਿਸ ਦੀ ਟੀਮ ਵਲੋਂ ਗਿੱਧਾ ਤੇ ਗਿੱਧਾ ਮਜਾਜਣਾਂ ਦਾ ਕਮਾਲ ਦੀ ਅਦਾਕਾਰੀ ਵਾਲਾ ਸੀ । ਪੰਜਾਬਣਾਂ ਦਾ ਡਾਂਸ ,ਅਜੇ ਪਾਲ ਤੇ ਪੂਜਾ ਸੋਲੰਕੀ ਦਾ ਦੋਗਾਣਾ ਖੂਬ ਸਲਾਹੇ ਗਏ। ਸੁਲਤਾਨ ਅਖਤਰ ਜੋੜੀ ਨੇ ਵੀ ਦੋਗਾਣੇ ਨਾਲ ਰੰਗ ਬੰਨ੍ਹਿਆ।

ਲੋਕ ਰੰਗ ਮੰਚ ਟੀਮ ਵਲੋਂ ਪੇਸ਼ ਕੀਤੀ ਸਕਿਟ ਪੰਜਾਬ ਦੇ ਅਜੋਕੇ ਹਾਲਾਤਾਂ ਤੇ ਭਰਵੀਂ ਟਕੋਰ ਸੀ । ਗੀਤ ਸੰਗੀਤ ਦੇ ਦੌਰ ਵਿਚ ਪੂਨਮ ਮਲਹੋਤਰਾ ਨੇ ਆਪਣੀ ਮਿੱਠੀ ਪਿਆਰੀ ਆਵਾਜ਼ ਵਿਚ 'ਲੰਘ ਆ ਜਾ ਪੱਤਣ ਝਨਾ ਦੇ' ਗੀਤ ਨਾਲ ਸਾਂਝ ਪਾਈ। ਪੀ ਸੀ ਐਸ ਸੈਂਟਰਲ ਵੈਲੀ ਵਲੋਂ ਮਿਕੀ ਸਰਾਂ ਨੇ 'ਕੌਮ ਦੇ ਗਦਾਰਾਂ' ਤੇ ਕਰਾਰੀ ਚੋਟ ਲਾਉਂਦਾ ਗੀਤ ਪੇਸ਼ ਕੀਤਾ। ਇਸ ਜਥੇਬੰਦੀ ਦੇ ਰੂਹੇ ਰਵਾਂ ਰਛਪਾਲ ਸਿੰਘ ਫਰਵਾਲਾ ਨੇ ਵਿਸਰੇ ਪੰਜਾਬ ਦੀ ਯਾਦ ਦਿਵਾਉਂਦਾ, ਦਰਦ ਭਰੇ ਬੋਲਾਂ ਚ ਗੜੂੰਦ, 'ਕਿਵੇਂ ਭੁਲਾਵਾਂ, ਰੱਬ ਵਰਗੇ ਮੇਰੇ ਵਸਦੇ ਪਿੰਡਾਂ ਨੂੰ , ਗੀਤ ਗਾ ਕੇ ਪੁਰਾਣੇ ਪੰਜਾਬ ਦੀ ਮਿੱਠੀ ਯਾਦ ਤਾਜ਼ਾ ਕਰਵਾ ਦਿੱਤੀ। ਇਸ ਸਮਾਗਮ ਵਿਚ ਕੋਈ 200 ਦੇ ਕਰੀਬ ਕਲਾਕਾਰਾਂ ਦਾ ਪ੍ਰਬੰਧਕਾਂ ਵਲੋਂ ਹੌਸਲਾ ਅਫ਼ਜਾਈ ਲਈ ਸਨਮਾਨ ਕੀਤਾ ਗਿਆ।

ਅਰੰਭ ਤੋਂ ਸਟੇਜ ਦਾ ਪ੍ਰਬੰਧ ਜਸ਼ਵੰਤ ਸਿੰਘ ਸ਼ਾਦ ਨੇ ਬਾਖ਼ੂਬੀ ਸੰਭਾਲਿਆ। ਲਵੱਖੀਆਂ ਦੀਆਂ ਗਿੱਧੇ ਦੀਆਂ ਪੇਸ਼ਕਾਰੀਆਂ, ਗਿੱਧਾ ਯੂ ਸੀ ਡੇਵਿਸ ਅਤੇ ਗਿੱਧਾ ਮਜਾਜਣਾਂ ਦੇ ਮੌਕੇ ਤੇ ਸਟੇਜ ਬੀਬੀ ਫਰਵਾਲਾ ਨੇ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਨਿਭਾਈ। ਪ੍ਰਬੰਧਕ ਕਮੇਟੀ ਵਲੋਂ ਪਿਛਲੇ ਵਰ੍ਹਿਆਂ ਦੀ ਆਪਣੀ ਰਵਾਇਤ ਨੂੰ ਕਾਇਮ ਰਖਦਿਆਂ ਸਮੂਹ ਸਹਿਯੋਗੀ ਜਥੇਬੰਦੀਆਂ ਨੂੰ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕੀਤੀਆਂ ਜਾਣ ਵਾਲੀਆਂ ਹਸਤੀਆਂ ਵਿਚੋਂ ਬਖ਼ਸ਼ੀਸ਼ ਸਿੰਘ ਗਿੱਲ ਅਤੇ ਸਤਨਾਮ ਸਿੰਘ ਤਾਤਲਾ ਨੂੰ (ਲਾਈਫ ਅਚੀਵਮੈਂਟ ਅਵਾਰਡ)। ਪੰਜਾਬੀ ਸਮਾਜ ਦੀ ਬਿਹਤਰੀ ਲਈ ਆਪਣਾ ਯੋਗਦਾਨ ਪਾਉਣ ਵਾਲਿਆਂ ਵਿਚੋਂ ਪੰਜਾਬ ਟਾਈਮਜ਼ ਦੇ ਸੰਪਾਦਿਕ ਅਮੋਲਿਕ ਸਿੰਘ ਜੰਮੂ, ਯੂਬਾ ਸਿਟੀ ਦੇ ਕੌਂਸਲਰ ਤਜਿੰਦਰ ਸਿੰਘ ਮਾਨ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਟਾਕਟਨ ਯੂਨਿਟ) ਅਤੇ ਚੇਤੰਨ ਸਿੰਘ ਬੋਪਾਰਾਇ ਤੋਂ ਇਲਾਵਾ ਹੋਰ ਵੀ ਨਾਮਵਰ ਸ਼ਖ਼ਸੀਅਤਾਂ ਸ਼ਾਮਲ ਹਨ।

ਵਿਸ਼ੇਸ਼ ਤੌਰ ਤੇ ਪਹੁੰਚਣ ਵਾਲਿਆਂ ਵਿਚ ਡਾ; ਅਜੀਤ ਸਿੰਘ ਭੰਡਾਲ ਅਤੇ 'ਦੇਸ਼ ਦੁਆਬਾ ' ਅਖ਼ਬਾਰ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਦਾ ਨਾਮ ਵੀ ਵਰਣਨ ਯੋਗ ਹੈ।

ਮੇਲੇ ਦੀ ਸਫਲਤਾ ਲਈ ਕਮੇਟੀ ਦੇ ਮੈਂਬਰਾਂ:- ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ, ਅਜਾਇਬ ਕਾਹਲੋਂ, ਰਛਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਰੀਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁਕੀ, ਪਵਿਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਬੀਰ ਜੌਹਲ, ਅਵਤਾਰ ਸਿੰਘ ਡੌਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹਦੀ, ਪਾਲ ਸਿੰਘ ਸੰਧੂ, ਮਨੋਹਰ ਲਾਲ ਰੱਤੀ, ਜਰਨੈਲ ਮੰਦਰ ਅਤੇ ਜਗਜੀਤ ਕੰਦੋਲਾ, ਵਿਜੇ ਪਰਿਹਾਰ, ਹਰਜਿੰਦਰ ਸੰਧੂ, ਰਾਜ ਬਰਾੜ, ਬਖ਼ਸ਼ੀਸ਼ ਗਿਲ, ਦਲਜੀਤ ਸਿੰਘ ਲੋਪੋਂ, ਕਰਮਜੀਤ ਮਿਨਹਾਸ, ਭੀਲੀ ਸਿੰਘ, ਯਾਦਵਿੰਦਰ ਗਿਲ, ਬਲਵੰਤ ਸਿੰਘ ਕੰਦੋਲਾ ਅਤੇ ਪ੍ਰੇਮ ਕੁਮਾਰ ਚੁੰਬਰ ਨੇ ਭਰਪੂਰ ਯੋਗਦਾਨ ਪਾਇਆ। ਅੰਤ ਵਿਚ ਸ: ਰਛਪਾਲ ਸਿੰਘ ਫਰਵਾਲਾ ਨੇ ਇਸ ਮੇਲੇ ਦਾ ਅਨੰਦ ਮਾਣਨ ਆਏ ਸਮੂਹ ਦਰਸ਼ਕਾਂ, ਕਮੇਟੀ ਮੈਂਬਰਾਂ ,ਮਾਇਆ ਦਾ ਯੋਗਦਾਨ ਪਾਉਣ ਵਾਲੇ ਸਮੂਹ ਹਿਤੈਸ਼ੀਆਂ, ਗਾਇਕਾਂ, ਕਲਾਕਾਰਾਂ ਮੀਡੀਏ ਅਤੇ ਲਾਈਟ ਐਂਡ ਸਾਊਂਡ ਵਾਲਿਆਂ ਦਾ ਧੰਨਵਾਦ ਕਰਦਿਆਂ ਅਗਸਤ ਮਹੀਨੇ ਵਿਚ ਆਉਣ ਵਾਲੇ ਤੀਆਂ ਦੇ ਮੇਲੇ ਦਾ ਐਲਾਨ ਵੀ ਕੀਤਾ।

***ਰਿਪੋਰਟ- ਹਰਜਿੰਦਰ ਪੰਧੇਰ - 209 610 5055***

ਐਸੀ ਲਾਲ ਤੁਝ ਬਿਨੁ ਕਉਨੁ ਕਰੈ,
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥
-ਬਾਣੀ ਸਤਿਗੁਰੂ ਰਵਿਦਾਸ ਜੀ

ਜੈ ਭੀਮ
ਜੈ ਭਾਰਤ

ਮੈਂ ਮੂਰਤੀ ਪੂਜਣ ਵਿੱਚ ਨਹੀਂ,
ਤੋੜਨ ਵਿੱਚ ਵਿਸ਼ਵਾਸ਼ ਰੱਖਦਾ ਹਾਂ।
-ਡਾ. ਅੰਬੇਡਕਰ ਜੀ

# ਸ਼੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਵਲੋਂ



## ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਦੀ ਸਮੁੱਚੀ ਮਾਨਵਤਾ ਨੂੰ

# ਲੱਖ-ਲੱਖ ਵਧਾਈ



ਆਪ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਆਪ ਜੀ ਦੇ ਤਨ, ਮਨ ਅਤੇ ਧੰਨ ਦੇ ਸਹਿਯੋਗ ਨਾਲ ਸ਼੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵਲੋਂ ਮਿਤੀ 4 ਮਈ ਦਿਨ ਐਤਵਾਰ ਨੂੰ ਵੱਡੇ ਪੱਧਰ ਤੇ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਪ੍ਰੋਗਰਾਮ ਵਿੱਚ ਬਾਬਾ ਸਾਹਿਬ ਜੀ ਦੇ ਜੀਵਨ, ਮਿਸ਼ਨ ਅਤੇ ਸੰਘਰਸ਼ ਤੇ ਆਏ ਹੋਏ ਬੁੱਧੀਜੀਵੀ ਚਾਨਣਾ ਪਾਉਣਗੇ। ਬੱਚਿਆਂ ਲਈ ਬਾਬਾ ਸਾਹਿਬ ਜੀ ਦੇ ਜੀਵਨ ਉਪਦੇਸ਼ ਅਤੇ ਆਪਣੇ ਗੌਰਵਮਈ ਵਿਰਸੇ ਤੋਂ ਜਾਣੂ ਕਰਵਾਉਣ ਲਈ ਵਿਸ਼ੇਸ਼ ਪ੍ਰੋਗਰਾਮ ਹੋਣਗੇ।

ਦੁਨੀਆਂ ਦੇ ਨਕਸ਼ੇ ਉੱਤੇ ਇੱਕ ਟੁਕੜਾ ਜਿਸ ਨੂੰ ਭਾਰਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜਿਸ ਉੱਤੇ ਪਿਛਲੇ ਸਮੇਂ ਅੰਦਰ ਅਤੇ ਅੱਜ ਵੀ ਨਾ-ਬਰਾਬਰੀ ਦੇ ਬੱਦਲ ਮੰਡਰਾਉਂਦੇ ਰਹਿੰਦੇ ਹਨ। ਸਮਾਜਿਕ ਵੰਡ ਨੇ ਸਭ ਤੋਂ ਜਿਆਦਾ ਅਤੇ ਸਖ਼ਤ ਮਿਹਨਤ ਕਰਨ ਵਾਲੇ ਨੂੰ ਜ਼ਿੰਦਗੀ ਦੇ ਹੋਰ ਕੰਮਾਂ ਤੋਂ ਵਿਹਲ ਨਾ ਮਿਲਣ ਦਿੱਤੀ। ਜਿਸ ਕਰਕੇ ਇਹ ਵਰਗ ਦੁਨੀਆਵੀ ਗਿਆਨ ਦੀ ਪ੍ਰਾਪਤੀ ਤੋਂ ਵਾਂਝਾ ਰਹਿ ਗਿਆ। ਕੁਝ ਹੰਕਾਰੀ ਹਾਕਮਾਂ ਦੀ ਸੋਚੀ ਸੋਚ ਦੀ ਹਨੇਰੀ ਨੇ ਇਸ ਸਮੇਂ ਦੀ ਅਗਿਆਨਤਾ ਦਾ ਫਾਇਦਾ ਉਠਾਇਆ। ਇਸ ਵਰਗ ਨੂੰ ਧਾਰਮਿਕ ਦੁਨੀਆਂ ਦੇ ਗਿਆਨ ਤੋਂ ਵਾਂਝਾ ਕਰ ਦਿੱਤਾ ਗਿਆ। ਉਸ ਸਮੇਂ ਕ੍ਰਾਂਤੀਕਾਰੀ ਜੋਤ ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨਾਂ ਨੇ ਸਮਾਜ ਦੇ ਹੱਕਾਂ ਦੀ ਮੰਗ ਉਠਾਉਂਦਿਆਂ ਜਿੱਥੇ ਹੰਕਾਰੀਆਂ ਨੂੰ ਸਖ਼ਤ ਹਲੂਣਾ ਦਿੱਤਾ ਉੱਥੇ ਇਸ ਵਰਗ ਨੂੰ ਰੱਬ ਦੀ ਬੰਦਗੀ ਕਰਨ ਦਾ ਪੂਰਨ ਹੱਕ ਦਿਵਾਇਆ। ਜਦੋਂ ਧਾਰਮਿਕ ਲੋਕਾਂ ਨੇ ਹੀ ਕਾਣੀ ਵੰਡ ਕਰ ਦਿੱਤੀ, ਫਿਰ ਰਾਜਨੀਤਕ ਲੋਕਾਂ ਤੋਂ ਬਰਾਬਰਤਾ ਦੀ ਆਸ ਕਿਵੇਂ ਕੀਤੀ ਜਾ ਸਕਦੀ ਸੀ। ਗੁਰੂ ਸਾਹਿਬਾਨਾਂ ਵਲੋਂ ਸਮੇਂ ਦੇ ਧਾੜਵੀਆਂ ਖਿਲਾਫ਼ ਅਰੰਭੀ ਬਰਾਬਰਤਾ ਦੀ ਜੰਗ ਨੂੰ ਅੱਗੇ ਤੋਰਨ ਲਈ ਮਾਤਾ ਭੀਮਾਂ ਬਾਈ ਦੀ ਕੁੱਖ ਦਾ ਲਾਲ ਅਤੇ ਪਿਤਾ ਰਾਮਜੀ ਦਾਸ ਦੇ ਵਿਹੜੇ ਦਾ ਲਾਲ ਡਾ. ਅੰਬੇਡਕਰ ਮੈਦਾਨ ਵਿੱਚ ਨਿਤਰਿਆ। ਬਾਬਾ ਸਾਹਿਬ ਨੇ ਇੰਨੀ ਵਿੱਦਿਆ ਹਾਸਿਲ ਕੀਤੀ ਕਿ ਆਪ ਭਾਰਤ ਦੇ ਪਹਿਲੇ ਅਤੇ ਦੁਨੀਆਂ ਦੇ 6ਵੇਂ ਪੜ੍ਹੇ ਲਿਖੇ ਵਿਦਵਾਨ ਬਣੇ। ਕਿਉਂਕਿ ਬਾਬਾ ਸਾਹਿਬ ਜਾਣਦੇ ਸਨ ਕਿ ਬਿਵੇਕ (ਗਿਆਨ) ਤੋਂ ਬਿਨਾਂ ਕੁੱਝ ਨਹੀਂ ਹੋ ਸਕਦਾ। ਬੇਗ਼ਮਪੁਰਾ, ਸਾਧ ਸੰਗਤ, ਏਕ ਪਿਤਾ ਏਕਸ ਕੇ ਹਮ ਬਾਰਿਕ ਦੇ ਸਿਧਾਂਤ ਦੇ ਅਨੁਸਾਰ ਭਾਰਤੀ ਸੰਵਿਧਾਨ ਵਿੱਚ ਕਨੂੰਨ ਦੁਆਰਾ ਊਚ-ਨੀਚ ਅਤੇ ਛੂਆ-ਛਾਤ ਦਾ ਖਾਤਮਾਂ ਕਰਕੇ ਸਭ ਨੂੰ ਬਰਾਬਰਤਾ ਦਾ ਹੱਕ ਦਿਵਾਇਆ। ਔਰਤ ਦੇ ਹੱਕ ਵਿੱਚ ਬਨਾਰਸ ਦੀ ਧਰਤੀ ਤੇ ਸਦੀਆਂ ਪਹਿਲਾਂ ਉੱਠੀ ਆਵਾਜ਼ ਨੂੰ ਭਾਰਤੀ ਸੰਵਿਧਾਨ ਵਿੱਚ ਕਨੂੰਨ ਰਾਹੀਂ ਪੂਰਾ ਕੀਤਾ। ਜਿਸ ਨਾਲ ਭਾਰਤ ਵਿੱਚ ਨਾਰੀ ਮੁਕਤੀ ਦੀ ਗੱਲ ਚੱਲੀ, ਅੱਜ ਬਾਬਾ ਸਾਹਿਬ ਦੀ ਬਦੌਲਤ ਦੇਸ਼ ਵਿੱਚ ਪੈਰ ਦੀ ਜੁੱਤੀ ਸਮਝੀ ਜਾਂਦੀ ਔਰਤ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਮਿਲੇ ਹਨ ਜਿਸ ਕਰਕੇ ਔਰਤ ਦੇਸ਼ ਦੀ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਮੁੱਖ ਮੰਤਰੀ ਆਦਿ ਦੇ ਪਦ ਤੇ ਵਿਰਾਜਮਾਨ ਹੋਈ।

ਅੱਜ ਭਾਰਤ ਦਾ ਮੂਲਨਿਵਾਸੀ ਬਹੁਜਨ ਸਮਾਜ ਜੇਕਰ ਖੁਸ਼ਹਾਲੀ ਭਰੀ ਜ਼ਿੰਦਗੀ ਵਿੱਚ ਜੀਅ ਰਿਹਾ ਹੈ ਤਾਂ ਇਸ ਪਿੱਛੇ ਜਿੱਥੇ ਗੁਰੂ ਰਵਿਦਾਸ ਜੀ, ਗੁਰੂ ਸਾਹਿਬਾਨਾਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਮਹਾਨ ਵਿਚਾਰਧਾਰਾ ਦਾ ਹੱਥ ਹੈ ਉੱਥੇ ਬਾਬਾ ਸਾਹਿਬ ਦੀ ਮਹਾਨ ਘਾਲਣਾ ਦਾ ਯੋਗਦਾਨ ਹੈ। ਸੋ ਇਸ ਮਹਾਨ ਰਹਿਬਰ ਜਿਸ ਨੇ ਨਿਰਸਵਾਰਥ ਅਤੇ ਆਪਣੇ ਚਾਰ ਬੱਚਿਆਂ ਅਤੇ ਪਤਨੀ ਦਾ ਬਲੀਦਾਨ ਦੇ ਕੇ ਬੜੇ ਹੀ ਸਖ਼ਤ ਤਿਆਗ ਅਤੇ ਮਹਾਨ ਸੰਘਰਸ਼ ਨਾਲ ਸਾਨੂੰ ਹੱਕ ਹਕੂਕ ਦਿਵਾਏ, ਉਸਦੀ ਮਹਾਨ ਵਿਚਾਰਧਾਰਾ ਨੂੰ ਜ਼ਿੰਦਾ ਰੱਖਣ ਅਤੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਮਿਤੀ 4 ਮਈ 2014 ਦਿਨ ਐਤਵਾਰ ਨੂੰ ਉਲੀਕੇ ਇਸ ਪ੍ਰੋਗਰਾਮ ਵਿੱਚ ਪਰਿਵਾਰ ਸਮੇਤ ਪਹੁੰਚ ਕੇ ਸਫਲ ਬਣਾਓ ਅਤੇ ਆਏ ਹੋਏ ਬੁੱਧੀਜੀਵੀਆਂ ਤੋਂ ਬਾਬਾ ਸਾਹਿਬ ਦੇ ਮਿਸ਼ਨ ਸਬੰਧੀ ਵਿਚਾਰ ਸੁਣੋ।

### ਪ੍ਰੋਗਰਾਮ

**ਮਿਤੀ 2 ਮਈ 2014 ਦਿਨ ਸ਼ੁੱਕਰਵਾਰ**

ਆਰੰਭ ਸ਼੍ਰੀ ਆਖੰਡ ਪਾਠ ਸਾਹਿਬ----10:00 ਵਜੇ ਸਵੇਰੇ

**ਮਿਤੀ 4 ਮਈ 2014 ਦਿਨ ਐਤਵਾਰ**

ਭੋਗ ਸ਼੍ਰੀ ਆਖੰਡ ਪਾਠ ਸਾਹਿਬ------10:00 ਵਜੇ ਸਵੇਰੇ

ਦੀਵਾਨ--------------10:30 ਤੋਂ 4:00 ਵਜੇ ਤੱਕ

--------ਵਿਸ਼ੇਸ਼ ਬੇਨਤੀ--------

ਸ਼੍ਰੀ ਗੁਰੂ ਰਵਿਦਾਸ ਗੁਰੂ ਘਰ 61-01 ਬਰਾਡਵੇ ਤੋਂ

## ਦੂਸਰਾ ਮਹਾਨ ਨਗਰ ਕੀਰਤਨ

**12 ਜੁਲਾਈ 2014 ਦਿਨ ਸ਼ਨੀਵਾਰ**

ਨੂੰ ਕੱਢਿਆ ਜਾ ਰਿਹਾ ਹੈ, ਸੰਗਤਾਂ ਨੂੰ ਇਸ ਮੌਕੇ ਤੇ ਹੁੰਮ-ਹੁੰਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

ਫੋਨ ਗੁਰੂ ਘਰ : 718-898-8150, ਫੈਕਸ : 718-898-0932, ਅਮਰਜੀਤ ਸਿੰਘ (ਗ੍ਰੰਥੀ) : 718-213-8136

ਧੰਨਵਾਦ ਸਹਿਤ

**ਸਮੂਹ ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ**

**SHRI GURU RAVIDASS TEMPLE**

61-01 BROADWAY WOODSIDE NY 11377

ਗੁਰੂ ਘਰ ਦੇ ਦਾਸ:
ਨਿਰਮਲ ਸਿੰਘ (ਮੁੱਖ ਸੇਵਾਦਾਰ)
347-538-8296
ਨੰਦ ਲਾਲ (ਚੇਅਰਮੈਨ)
646-441-1520